Watch
PUNJABI MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 916, 23th to 29th July, 2026, Ph: 916-320-9444, E-mail: punjabmailusa@yahoo.com, Web: punjabmailusa.com

## ਅਗਸਤ 2026 ਵੀਜ਼ਾ ਬੁਲੇਟਿਨ : ਭਾਰਤੀ ਪਰਿਵਾਰਾਂ ਲਈ ਵੱਡਾ ਅਪਡੇਟ

### ■ F2A ਸਭ ਤੋਂ ਤੇਜ਼ ਅੱਗੇ ਵਧੀ, FD ਵਿਚ 2006 ਦੇ ਕੇਸਾਂ ਦੀ ਹੀ ਵਾਰੀ, ਉਡੀਕ ਅਜੇ ਵੀ ਸਭ ਤੋਂ ਲੰਬੀ




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਵਿਭਾਗ ਨੇ ਅਗਸਤ 2026 ਦਾ ਵੀਜ਼ਾ ਬੁਲੇਟਨ ਜਾਰੀ ਕਰ ਦਿੱਤਾ ਹੈ, ਜਿਸ ਵਿਚ ਭਾਰਤ ਦੇ ਪਰਿਵਾਰਕ (ਫੈਮਿਲੀ ਬੇਸਡ) ਗ੍ਰੀਨ ਕਾਰਡ ਬਿਨੈਕਾਰਾਂ ਲਈ ਡੇਟਸ ਫਾਰ ਫਾਈਲਿੰਗ ਅਤੇ ਫਾਈਨਲ ਐਕਸ਼ਨ ਡੇਟਸ ਦੋਵੇਂ ਜਾਰੀ ਕੀਤੀਆਂ ਗਈਆਂ ਹਨ। ਇਸ ਮਹੀਨੇ ਦੇ ਬੁਲੇਟਿਨ ਤੋਂ ਸਪੱਸ਼ਟ ਹੁੰਦਾ ਹੈ ਕਿ ਪਰਿਵਾਰਕ ਵੀਜ਼ਾ ਸ਼੍ਰੇਣੀਆਂ ਵਿਚ ਕੁਝ ਤਰੱਕੀ ਜ਼ਰੂਰ ਹੋਈ ਹੈ, ਪਰ ਬਹੁਤੀਆਂ ਕੈਟੇਗਰੀਆਂ ਵਿਚ ਬੈਕਲਾਗ ਅਜੇ ਵੀ ਕਾਫ਼ੀ ਵੱਡਾ ਹੈ। ਖਾਸ ਕਰਕੇ F4 (ਅਮਰੀਕੀ ਨਾਗਰਿਕਾਂ ਦੇ ਭੈਣ-ਭਰਾ) ਦੀ ਸ਼੍ਰੇਣੀ ਵਿਚ ਉਡੀਕ ਅਜੇ ਵੀ ਦੋ ਦਹਾਕਿਆਂ ਦੇ ਨੇੜੇ ਪਹੁੰਚ ਚੁੱਕੀ ਹੈ।

ਵੀਜ਼ਾ ਬੁਲੇਟਿਨ ਵਿਚ ਦੋ ਵੱਖ-ਵੱਖ ਚਾਰਟ ਜਾਰੀ ਕੀਤੇ ਜਾਂਦੇ ਹਨ। ਪਹਿਲਾ ਡੇਟਸ ਫਾਰ ਫਾਈਲਿੰਗ, ਜਿਸ ਦੇ ਆਧਾਰ 'ਤੇ ਨੈਸ਼ਨਲ ਵੀਜ਼ਾ ਸੈਂਟਰ (ਐੱਨ.ਵੀ.ਸੀ.) ਯੋਗ ਬਿਨੈਕਾਰਾਂ ਨੂੰ ਦਸਤਾਵੇਜ਼ ਜਮ੍ਹਾਂ ਕਰਵਾਉਣ, ਫੀਸ ਭਰਨ ਅਤੇ ਇੰਟਰਵਿਊ ਦੀ ਤਿਆਰੀ ਲਈ ਸੂਚਿਤ ਕਰਦਾ ਹੈ। ਦੂਜਾ ਫਾਈਨਲ ਐਕਸ਼ਨ ਡੇਟਸ, ਜਿਸ ਦੇ ਕਰੰਟ ਹੋਣ 'ਤੇ ਹੀ ਇਮੀਗ੍ਰੈਂਟ ਵੀਜ਼ਾ ਜਾਂ ਗ੍ਰੀਨ ਕਾਰਡ ਜਾਰੀ ਕੀਤਾ ਜਾ ਸਕਦਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਵੀਜ਼ਾ ਨੰਬਰਾਂ ਦੀ ਵੰਡ ਹਰ ਸਾਲ ਕਾਂਗਰਸ ਵੱਲੋਂ ਨਿਰਧਾਰਤ ਸੀਮਾਵਾਂ ਅਤੇ ਹਰ ਦੇਸ਼ ਲਈ ਲਾਗੂ 7 ਫ਼ੀਸਦੀ ਪਰ-ਕੰਟਰੀ ਲਿਮਿਟ ਦੇ ਅਨੁਸਾਰ ਕੀਤੀ ਜਾਂਦੀ ਹੈ। ਇਸੇ ਕਾਰਨ ਭਾਰਤ ਵਰਗੇ ਉੱਚ ਮੰਗ ਵਾਲੇ ਦੇਸ਼ਾਂ ਵਿਚ ਉਡੀਕ ਕਾਫ਼ੀ ਲੰਬੀ ਹੋ ਜਾਂਦੀ ਹੈ। ਅਗਸਤ 2026 ਦੇ ਬੁਲੇਟਿਨ ਅਨੁਸਾਰ ਐੱਫ1 ਸ਼੍ਰੇਣੀ, ਜੋ ਅਮਰੀਕੀ ਨਾਗਰਿਕਾਂ ਦੇ 21 ਸਾਲ ਤੋਂ ਵੱਧ ਉਮਰ ਦੇ ਅਣਵਿਆਹੇ ਪੁੱਤਰ-ਧੀਆਂ ਲਈ ਹੈ, ਵਿਚ ਡੇਟਸ ਫਾਰ ਫਾਈਲਿੰਗ 15 ਜੂਨ 2019 ਅਤੇ ਫਾਈਨਲ ਐਕਸ਼ਨ ਡੇਟ 15 ਦਸੰਬਰ 2018 ਹੈ।

■ ਬਾਕੀ ਖਬਰ ਸਫਾ 20 'ਤੇ

## ਪੇਪਰ ਲੀਕ ਮਾਮਲੇ 'ਤੇ ਦਿੱਲੀ 'ਚ ਸਿਆਸੀ ਤਣਾਅ

## ਰਾਹੁਲ ਗਾਂਧੀ, ਅਖਿਲੇਸ਼, ਚੰਨੀ, ਸੁਖਜਿੰਦਰ ਰੰਧਾਵਾ ਸਮੇਤ ਕਈ ਆਗੂ ਹਿਰਾਸਤ 'ਚ



**ਨਵੀਂ ਦਿੱਲੀ, (ਪੰਜਾਬ ਮੇਲ)-** ਨੀਟ ਪੇਪਰ ਲੀਕ ਮਾਮਲੇ ਅਤੇ ਵਿਦਿਆਰਥੀਆਂ ਨਾਲ ਕਥਿਤ ਪੁਲਿਸ ਕਾਰਵਾਈ ਦੇ ਵਿਰੋਧ ਵਿਚ ਮੰਗਲਵਾਰ ਨੂੰ ਰਾਜਧਾਨੀ ਦਿੱਲੀ ਵਿਚ ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਵੱਲੋਂ ਪ੍ਰਧਾਨ ਮੰਤਰੀ ਨਿਵਾਸ ਵੱਲ ਮਾਰਚ ਕੱਢਿਆ ਗਿਆ। ਮਾਰਚ ਦੌਰਾਨ ਦਿੱਲੀ ਪੁਲਿਸ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਵਾਡਰਾ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਕਈ ਹੋਰ ਆਗੂਆਂ ਅਤੇ ਵਰਕਰਾਂ ਨੂੰ ਹਿਰਾਸਤ ਵਿਚ ਲੈ ਲਿਆ।

ਪ੍ਰਦਰਸ਼ਨ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਵੱਡੀ ਗਿਣਤੀ ਵਿਚ ਕਾਂਗਰਸੀ ਵਰਕਰ ਵੀ ਸ਼ਾਮਲ ਹੋਏ। ਚੰਨੀ ਨੇ ਪੁਲਿਸ ਕਾਰਵਾਈ ਦੀ ਨਿੰਦਾ ਕਰਦਿਆਂ ਦੋਸ਼ ਲਾਇਆ ਕਿ ਸਰਕਾਰ ਵਿਦਿਆਰਥੀਆਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਦੇ ਨਿਵਾਸ ਤੋਂ ਸ਼ੁਰੂ ਹੋਇਆ ਮਾਰਚ ਜਦੋਂ ਪ੍ਰਧਾਨ ਮੰਤਰੀ ਨਿਵਾਸ ਦੇ ਨੇੜੇ ਪਹੁੰਚਿਆ, ਤਾਂ ਪ੍ਰਦਰਸ਼ਨਕਾਰੀ ਉੱਥੇ ਹੀ ਧਰਨੇ 'ਤੇ ਬੈਠ ਗਏ। ਪੁਲਿਸ ਵੱਲੋਂ ਉਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਦੌਰਾਨ ਧੱਕਾ-ਮੁੱਕੀ ਅਤੇ ਹੰਗਾਮੇ ਦੀ ਸਥਿਤੀ ਬਣ ਗਈ।

■ ਬਾਕੀ ਖਬਰ ਸਫਾ 20 'ਤੇ

## ਪੰਜਾਬ ਦੇ ਕਿਸਾਨਾਂ ਦਾ ਦਿੱਲੀ ਵੱਲ ਮਾਰਚ ਟਲਿਆ

### ■ ਖੇਤੀਬਾੜੀ ਮੰਤਰੀ ਨਾਲ ਜਲਦ ਹੋਵੇਗੀ ਮੀਟਿੰਗ



**ਚੰਡੀਗੜ੍ਹ, (ਪੰਜਾਬ ਮੇਲ)-** ਦਿੱਲੀ ਵੱਲ ਪੰਜਾਬ ਦੇ ਕਿਸਾਨਾਂ ਦਾ ਮਾਰਚ ਟਲ ਗਿਆ ਹੈ। ਅਮਰੀਕਾ-ਭਾਰਤ ਵਪਾਰ ਸਮਝੌਤੇ ਦੇ ਵਿਰੋਧ 'ਚ ਕਿਸਾਨਾਂ ਵਲੋਂ ਇਹ ਮਾਰਚ ਕੀਤਾ ਜਾਣਾ ਸੀ। ਕਿਸਾਨ ਸ਼ੰਭੂ ਸਰਹੱਦ ਤੋਂ ਵਾਪਸ ਆਉਣ ਲੱਗ ਪਏ। ਇਸ ਦੇ ਨਾਲ ਹੀ ਕੁਰੂਕਸ਼ੇਤਰ ਪੁਲਿਸ ਨੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੂੰ ਵੀ ਰਿਹਾਅ ਕਰ ਦਿੱਤਾ ਹੈ।

ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਦਿਲਬਾਗ ਸਿੰਘ ਦਿਰਾਜਕੇ ਨੇ ਦੱਸਿਆ ਕਿ ਹਰਿਆਣਾ ਦੇ ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ ਨਾਲ ਇੱਕ ਮੀਟਿੰਗ ਹੋਈ, ਜਿਸ ਵਿਚ ਦੋ ਮੰਗਾਂ 'ਤੇ ਸਮਝੌਤਾ ਹੋਇਆ। ਇਸ ਲਈ, ਵਿਰੋਧ ਮੁਲਤਵੀ ਕਰ ਦਿੱਤਾ ਗਿਆ ਹੈ।

ਕਿਸਾਨ ਆਗੂ ਸਰਵਣ ਪੰਧੇਰ ਨੇ ਦੱਸਿਆ ਕਿ ਖੇਤੀਬਾੜੀ ਮੰਤਰੀ ਰਾਣਾ ਨੇ ਕਿਹਾ ਹੈ ਕਿ ਗ੍ਰਿਫ਼ਤਾਰ ਕਿਸਾਨ ਆਗੂਆਂ ਨੂੰ ਜਲਦੀ ਹੀ ਰਿਹਾਅ ਕਰ ਦਿੱਤਾ ਜਾਵੇਗਾ। ਅਗਲੇ 8-10 ਦਿਨਾਂ ਦੇ ਅੰਦਰ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਨਾਲ ਗੱਲਬਾਤ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਇਸ ਦੌਰਾਨ ਅਮਰੀਕਾ-ਭਾਰਤ ਵਪਾਰ ਸਮਝੌਤੇ 'ਤੇ ਵੀ ਚਰਚਾ ਹੋਵੇਗੀ। ਕਿਸਾਨ ਦਿੱਲੀ ਜਾਣ ਲਈ ਸਵੇਰੇ-ਸਵੇਰੇ ਪਟਿਆਲਾ ਅਤੇ ਅੰਬਾਲਾ ਵਿਚਕਾਰ ਸ਼ੰਭੂ ਸਰਹੱਦ ਅਤੇ ਸੰਗਰੂਰ ਅਤੇ ਜੀਂਦ ਵਿਚਕਾਰ ਖਨੌਰੀ ਸਰਹੱਦ 'ਤੇ ਪਹੁੰਚੇ ਸਨ। ਇਸ ਗੱਲ ਦੀ ਜਾਣਕਾਰੀ ਮਿਲਦਿਆਂ ਹੀ, ਹਰਿਆਣਾ ਪੁਲਿਸ ਨੇ ਦੋਵਾਂ ਸਰਹੱਦਾਂ 'ਤੇ ਬੈਰੀਕੇਡ ਲਗਾ ਦਿੱਤੇ ਅਤੇ ਉਨ੍ਹਾਂ ਨੂੰ ਸੀਲ ਕਰ ਦਿੱਤਾ, ਜਿਸ ਨਾਲ ਕਿਸਾਨਾਂ ਨੂੰ ਅੱਗੇ ਵਧਣ ਤੋਂ ਰੋਕਿਆ ਗਿਆ।

■ ਬਾਕੀ ਖਬਰ ਸਫਾ 20 'ਤੇ

## ਅਮਰੀਕਾ 'ਚ ਐੱਚ-1ਬੀ ਵੀਜ਼ਾ ਕੈਪ ਪੂਰੀ - ਵਿੱਤੀ ਵਰ੍ਹੇ 2027 ਲਈ ਹੁਣ ਹੋਰ ਲਾਟਰੀ ਨਹੀਂ




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੇ ਐਲਾਨ ਕੀਤਾ ਹੈ ਕਿ ਵਿੱਤੀ ਸਾਲ 2027 (ਵਿੱਤੀ ਵਰ੍ਹੇ 2027) ਲਈ ਐੱਚ-1ਬੀ ਵੀਜ਼ਿਆਂ ਦੀ ਸਾਲਾਨਾ ਸੀਮਾ ਪੂਰੀ ਹੋ ਚੁੱਕੀ ਹੈ। ਇਸ ਦੇ ਨਾਲ ਹੀ ਯੂ.ਐੱਸ.ਸੀ.ਆਈ.ਐੱਸ. ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਸਾਲ ਕੋਈ ਦੂਜੀ ਐੱਚ-1ਬੀ ਲਾਟਰੀ ਨਹੀਂ ਕੱਢੀ ਜਾਵੇਗੀ।

ਅਮਰੀਕੀ ਕਾਨੂੰਨ ਅਨੁਸਾਰ ਹਰ ਸਾਲ 65,000 ਰੈਗੂਲਰ ਐੱਚ-1ਬੀ ਵੀਜ਼ੇ ਅਤੇ 20,000 ਵਾਧੂ ਵੀਜ਼ੇ ਅਮਰੀਕੀ ਯੂਨੀਵਰਸਿਟੀਆਂ ਤੋਂ ਮਾਸਟਰਜ਼ ਜਾਂ ਇਸ ਤੋਂ ਉੱਚੀ ਡਿਗਰੀ ਰੱਖਣ ਵਾਲਿਆਂ ਲਈ ਰਾਖਵੇਂ ਹੁੰਦੇ ਹਨ। ਇਸ ਤਰ੍ਹਾਂ ਕੁੱਲ 85,000 ਐੱਚ-1ਬੀ ਵੀਜ਼ਿਆਂ ਦੀ ਸੀਮਾ ਹੁੰਦੀ ਹੈ ਅਤੇ ਯੂ.ਐੱਸ.ਸੀ.ਆਈ.ਐੱਸ. ਨੇ ਦੱਸਿਆ ਹੈ ਕਿ ਇਨ੍ਹਾਂ ਸਾਰੀਆਂ ਅਰਜ਼ੀਆਂ ਲਈ ਲੋੜੀਂਦੀਆਂ ਪਟੀਸ਼ਨਾਂ ਪ੍ਰਾਪਤ ਹੋ ਚੁੱਕੀਆਂ ਹਨ। ਇਸ ਐਲਾਨ ਦਾ ਮਤਲਬ ਹੈ ਕਿ ਜਿਨ੍ਹਾਂ ਉਮੀਦਵਾਰਾਂ ਦੀ ਰਜਿਸਟ੍ਰੇਸ਼ਨ ਪਹਿਲਾਂ ਹੀ ਚੁਣੀ ਗਈ ਸੀ, ਉਨ੍ਹਾਂ ਦੀਆਂ ਪਟੀਸ਼ਨਾਂ ਦੀ ਪ੍ਰਕਿਰਿਆ ਜਾਰੀ ਰਹੇਗੀ। ਪਰ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਨਹੀਂ ਚੁਣੀ ਗਈ, ਉਨ੍ਹਾਂ ਨੂੰ ਇਸ ਵਿੱਤੀ ਸਾਲ ਲਈ ਦੂਜਾ ਮੌਕਾ ਨਹੀਂ ਮਿਲੇਗਾ, ਕਿਉਂਕਿ ਯੂ.ਐੱਸ.ਸੀ.ਆਈ. ਐੱਸ. ਨੇ ਕਿਹਾ ਹੈ ਕਿ ਲੋੜੀਂਦੀ ਗਿਣਤੀ ਦੀਆਂ ਪਟੀਸ਼ਨਾਂ ਪਹਿਲਾਂ ਹੀ ਮਿਲ ਚੁੱਕੀਆਂ ਹਨ।

ਇਸ ਸਾਲ ਐੱਚ-1ਬੀ ਚੋਣ ਪ੍ਰਕਿਰਿਆ ਵਿਚ ਇੱਕ ਮਹੱਤਵਪੂਰਨ ਤਬਦੀਲੀ ਵੀ ਲਾਗੂ ਕੀਤੀ ਗਈ ਸੀ। ਨਵੇਂ ਨਿਯਮਾਂ ਅਧੀਨ ਉੱਚੀ ਤਨਖ਼ਾਹ ਵਾਲੀਆਂ ਨੌਕਰੀਆਂ ਨੂੰ ਚੋਣ ਪ੍ਰਕਿਰਿਆ ਵਿਚ ਵਧੇਰੇ ਤਰਜੀਹ ਦਿੱਤੀ ਗਈ, ਜਿਸ ਦਾ ਉਦੇਸ਼ ਅਮਰੀਕੀ ਅਰਥਵਿਵਸਥਾ ਲਈ ਸਭ ਤੋਂ ਵੱਧ ਹੁਨਰਮੰਦ ਅਤੇ ਲੋੜੀਂਦੇ ਵਿਦੇਸ਼ੀ ਪੇਸ਼ੇਵਰਾਂ ਨੂੰ ਆਕਰਸ਼ਿਤ ਕਰਨਾ ਹੈ।

■ ਬਾਕੀ ਖਬਰ ਸਫਾ 20 'ਤੇ

## ਟਰੰਪ ਦੀ ਲੋਕਪ੍ਰਿਯਤਾ ਘਟਣ ਦੇ ਬਾਵਜੂਦ ਕਾਂਗਰਸ ਚੋਣਾਂ 'ਚ ਸਖਤ ਮੁਕਾਬਲਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮਨਜ਼ੂਰੀ ਦਰ ਕਾਫ਼ੀ ਹੇਠਾਂ ਆਉਣ ਦੇ ਬਾਵਜੂਦ ਨਵੰਬਰ ਵਿਚ ਹੋਣ ਵਾਲੀਆਂ ਮੱਧਕਾਲੀ ਕਾਂਗਰਸੀ ਚੋਣਾਂ ਵਿਚ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਪਾਰਟੀ ਵਿਚਾਲੇ ਮੁਕਾਬਲਾ ਬਹੁਤ ਕਰੀਬ ਬਣਿਆ ਹੋਇਆ ਹੈ। ਵਾਸ਼ਿੰਗਟਨ ਪੋਸਟ ਅਤੇ ਇਪਸੋਸ ਵੱਲੋਂ 8 ਤੋਂ 13 ਜੁਲਾਈ ਦੌਰਾਨ ਕਰਵਾਏ ਗਏ ਸਰਵੇਖਣ ਅਨੁਸਾਰ ਡੈਮੋਕ੍ਰੇਟਿਕ ਪਾਰਟੀ ਨੂੰ 48 ਫ਼ੀਸਦੀ ਅਤੇ ਰਿਪਬਲਿਕਨ ਪਾਰਟੀ ਨੂੰ 45 ਫ਼ੀਸਦੀ ਸਮਰਥਨ ਮਿਲਿਆ ਹੈ।

ਸਰਵੇਖਣ ਵਿਚ ਡੈਮੋਕ੍ਰੇਟਿਕ ਪਾਰਟੀ ਨੂੰ ਭਾਵੇਂ ਸਿਰਫ਼ ਤਿੰਨ ਅੰਕਾਂ ਦੀ ਬੜ੍ਹਤ ਮਿਲੀ ਹੈ, ਪਰ ਵੋਟ ਪਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਵੋਟਰਾਂ ਵਿਚ ਇਹ ਫ਼ਰਕ ਵਧ ਕੇ ਅੱਠ ਅੰਕ ਹੋ ਜਾਂਦਾ ਹੈ। ਅਜਿਹੇ ਵੋਟਰਾਂ ਵਿਚ 53 ਫ਼ੀਸਦੀ ਨੇ ਡੈਮੋਕ੍ਰੇਟਿਕ ਅਤੇ 45 ਫ਼ੀਸਦੀ ਨੇ ਰਿਪਬਲਿਕਨ ਉਮੀਦਵਾਰਾਂ ਦਾ ਸਮਰਥਨ ਕਰਨ ਦੀ ਗੱਲ ਕਹੀ ਹੈ। ਰਿਪੋਰਟ ਅਨੁਸਾਰ ਡੈਮੋਕ੍ਰੇਟਿਕ ਸਮਰਥਕ ਰਿਪਬਲਿਕਨ ਸਮਰਥਕਾਂ ਦੇ ਮੁਕਾਬਲੇ ਚੋਣਾਂ ਵਿਚ ਵੋਟ ਪਾਉਣ ਲਈ ਵਧੇਰੇ ਉਤਸ਼ਾਹਿਤ ਦਿਖਾਈ ਦੇ ਰਹੇ ਹਨ। ਇਸੇ ਸਰਵੇਖਣ ਵਿਚ ਰਾਸ਼ਟਰਪਤੀ ਟਰੰਪ ਦੀ ਕੁੱਲ ਮਨਜ਼ੂਰੀ ਦਰ 37 ਫ਼ੀਸਦੀ ਦਰਜ ਕੀਤੀ ਗਈ ਹੈ। ਅਰਥਵਿਵਸਥਾ ਨਾਲ ਜੁੜੀਆਂ ਚਿੰਤਾਵਾਂ ਅਤੇ ਇਰਾਨ ਯੁੱਧ ਕਾਰਨ ਟਰੰਪ ਪ੍ਰਸ਼ਾਸਨ ਦੀ ਲੋਕਪ੍ਰਿਯਤਾ ਉੱਤੇ ਅਸਰ ਪਿਆ ਦੱਸਿਆ ਜਾ ਰਿਹਾ ਹੈ।

■ ਬਾਕੀ ਖਬਰ ਸਫਾ 20 'ਤੇ

## ਟਰੰਪ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਦੀ ਥਾਂ ਅਮਰੀਕੀ ਸਾਬਕਾ ਸੈਨਿਕਾਂ ਨੂੰ ਲਿਆਉਣ ਦਾ ਐਲਾਨ

### ■ ਪੰਜਾਬੀ ਟਰੱਕਰਾਂ 'ਚ ਚਿੰਤਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਰਜੇ ਵਾਲੇ ਟਰੱਕ ਡਰਾਈਵਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਅਤੇ ਉਨ੍ਹਾਂ ਦੀ ਥਾਂ ਅਮਰੀਕੀ ਫ਼ੌਜ ਦੇ ਸਾਬਕਾ ਸੈਨਿਕਾਂ ਨੂੰ ਟਰੱਕਿੰਗ ਦੀਆਂ ਨੌਕਰੀਆਂ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਫ਼ੌਜ ਵਿਚ ਭਾਰੀ ਵਾਹਨ ਚਲਾ ਚੁੱਕੇ ਸੈਨਿਕਾਂ ਲਈ ਸੀ.ਡੀ.ਐੱਲ. ਹਾਸਲ ਕਰਨ ਦੀ ਪ੍ਰਕਿਰਿਆ ਆਸਾਨ ਬਣਾਈ ਜਾਵੇਗੀ। ਹਾਲਾਂਕਿ ਇਸ ਸਬੰਧੀ ਵਿਸਥਾਰਤ ਨਿਯਮ ਅਜੇ ਜਾਰੀ ਨਹੀਂ ਕੀਤੇ ਗਏ।

ਟਰੰਪ ਨੇ ਇਹ ਐਲਾਨ ਪੈਨਸਿਲਵੇਨੀਆ ਵਿਚ ਹੋਏ ਇਕ ਸਮਾਗਮ ਦੌਰਾਨ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਗੈਰ-ਕਾਨੂੰਨੀ ਡਰਾਈਵਰ ਅੰਗਰੇਜ਼ੀ ਵਿਚ ਲਿਖੇ ਸੜਕ ਸੰਕੇਤ ਨਹੀਂ ਪੜ੍ਹ ਸਕਦੇ ਅਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਪਰ ਇਸ ਬਾਰੇ ਕੋਈ ਅਧਿਕਾਰਤ ਅੰਕੜੇ ਪੇਸ਼ ਨਹੀਂ ਕੀਤੇ।

ਇਸ ਐਲਾਨ ਤੋਂ ਬਾਅਦ "ਡੇਢ ਲੱਖ ਭਾਰਤੀ ਜਾਂ ਸਿੱਖ ਟਰੱਕਰ ਪ੍ਰਭਾਵਿਤ ਹੋਣ" ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ। ਹਾਲਾਂਕਿ ਇਹ ਗਿਣਤੀ ਟਰੱਕਿੰਗ ਕਾਰੋਬਾਰ ਨਾਲ ਜੁੜੇ ਸਮੁੱਚੇ ਪੰਜਾਬੀ-ਸਿੱਖ ਭਾਈਚਾਰੇ ਦੀ ਹੈ, ਨਾ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਰਜੇ ਵਾਲੇ ਡਰਾਈਵਰਾਂ ਦੀ।

■ ਬਾਕੀ ਖਬਰ ਸਫਾ 20 'ਤੇ

# ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਮਿਲੀ ਡਾਕਟਰੇਟ ਦੀ ਡਿਗਰੀ ਤੋਂ ਇਲਾਵਾ ਪੰਜਾਬ ਦੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਵੀ ਕੀਤਾ ਗਿਆ ਵਿਸ਼ੇਸ਼ ਸਨਮਾਨ



















Copyright@Punjab Mail USA



**ਸੈਕਰਾਮੈਂਟੋ, (ਪੰਜਾਬ ਮੇਲ)**- ਅਮਰੀਕਾ ਦੇ ਪ੍ਰਸਿੱਧ ਇਮੀਗ੍ਰੇਸ਼ਨ ਅਟਾਰਨੀ ਜਸਪ੍ਰੀਤ ਸਿੰਘ ਨੂੰ ਸਮਾਜਿਕ ਸੇਵਾ, ਸਿੱਖਿਆ, ਕਾਨੂੰਨੀ ਖੇਤਰ ਅਤੇ ਪਰਵਾਸੀ ਭਾਈਚਾਰੇ ਲਈ ਦਿੱਤੇ ਜਾ ਰਹੇ ਯੋਗਦਾਨ ਕਰਕੇ ਪੰਜਾਬ ਦੀਆਂ ਕਈ ਨਾਮਵਰ ਸੰਸਥਾਵਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਉਨ੍ਹਾਂ ਨੂੰ ਆਨਰੇਰੀ ਡਾਕਟਰੇਟ (**Honoris Causa**) ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਵੀ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਨੂੰ ਮੰਨਦਿਆਂ ਆਨਰੇਰੀ ਡਾਕਟਰੇਟ ਪ੍ਰਦਾਨ ਕੀਤੀ। ਇਹ ਦੋਵੇਂ ਸਨਮਾਨ ਉਨ੍ਹਾਂ ਦੇ ਕਾਨੂੰਨੀ ਖੇਤਰ, ਸਿੱਖਿਆ ਪ੍ਰਤੀ ਸਮਰਪਣ ਅਤੇ ਪਰਵਾਸੀ ਪੰਜਾਬੀਆਂ ਲਈ ਕੀਤੀਆਂ ਸੇਵਾਵਾਂ ਦੀ ਪ੍ਰਮਾਣਿਕ ਪਛਾਣ ਹਨ।

ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਸਮਾਜਿਕ, ਵਿਦਿਅਕ, ਧਾਰਮਿਕ ਅਤੇ ਸੱਭਿਆਚਾਰਕ ਸੰਸਥਾਵਾਂ ਵੱਲੋਂ ਵੀ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕਈ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀਆਂ, ਸੇਵਾ ਸੰਸਥਾਵਾਂ, ਵਿਦਿਅਕ ਅਦਾਰੇ ਅਤੇ ਸਮਾਜਿਕ ਜਥੇਬੰਦੀਆਂ ਨੇ ਉਨ੍ਹਾਂ ਨੂੰ ਸਿਰੋਪਾਓ, ਯਾਦਗਾਰੀ ਚਿੰਨ੍ਹ ਅਤੇ ਸਨਮਾਨ ਪੱਤਰ ਭੇਟ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਦਾ ਮਾਣ ਕੀਤਾ।

ਜਸਪ੍ਰੀਤ ਸਿੰਘ ਸਿਰਫ਼ ਇੱਕ ਕਾਮਯਾਬ ਇਮੀਗ੍ਰੇਸ਼ਨ ਅਟਾਰਨੀ ਹੀ ਨਹੀਂ, ਸਗੋਂ ਪੰਜਾਬ ਵਿੱਚ ਸਿੱਖਿਆ, ਨੌਜਵਾਨਾਂ ਦੀ ਪ੍ਰੇਰਣਾ ਅਤੇ ਸਮਾਜ ਸੇਵਾ ਨਾਲ ਜੁੜੀਆਂ ਕਈ ਪਹਿਲਕਦਮੀਆਂ ਵਿੱਚ ਵੀ ਆਪਣਾ ਯੋਗਦਾਨ ਪਾ ਰਹੇ ਹਨ। ਇਸੇ ਕਾਰਨ ਪੰਜਾਬ ਦੀਆਂ ਵੱਖ-ਵੱਖ ਸੰਸਥਾਵਾਂ ਉਨ੍ਹਾਂ ਨੂੰ ਇੱਕ ਸਫਲ ਪਰਵਾਸੀ ਪੰਜਾਬੀ ਅਤੇ ਸਮਾਜ ਸੇਵੀ ਵਜੋਂ ਸਨਮਾਨਿਤ ਕਰਦੀਆਂ ਰਹੀਆਂ ਹਨ।

# ਸੈਕਰਾਮੈਂਟੋ 'ਚ ਸਾਬਕਾ ਵਿਧਾਇਕ ਕਨਵਰਜੀਤ ਸਿੰਘ ਦਾ ਵਿਸ਼ੇਸ਼ ਸਨਮਾਨ

## ਐੱਨ.ਆਰ.ਆਈ. ਮੁੱਦਿਆਂ 'ਤੇ ਹੋਈ ਖੁੱਲ੍ਹੀ ਚਰਚਾ



**ਸੈਕਰਾਮੈਂਟੋ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਾਬਕਾ ਵਿਧਾਇਕ ਕਨਵਰਜੀਤ ਸਿੰਘ ਦੇ ਅਮਰੀਕਾ ਦੌਰੇ ਦੌਰਾਨ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ ਉਨ੍ਹਾਂ ਦੇ ਸਨਮਾਨ ਵਿਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਸੈਕਰਾਮੈਂਟੋ ਅਤੇ ਆਸ-ਪਾਸ ਦੇ ਖੇਤਰਾਂ ਦੀਆਂ ਵੱਖ-ਵੱਖ ਖੇਡ ਸਭਾਵਾਂ, ਖੇਡ ਕਲੱਬਾਂ, ਗੁਰਦੁਆਰਾ ਪ੍ਰਬੰਧਕ ਸੰਸਥਾਵਾਂ ਅਤੇ ਵੱਡੀ ਗਿਣਤੀ ਵਿਚ ਪਤਵੰਤੇ ਸੱਜਣਾਂ ਨੇ ਹਾਜ਼ਰੀ ਭਰੀ।

ਸਮਾਗਮ ਦੀ ਸ਼ੁਰੂਆਤ ਦੌਰਾਨ ਰਣਧੀਰ ਸਿੰਘ ਧੀਰਾ ਨਿੱਜਰ ਨੇ ਸਾਬਕਾ ਵਿਧਾਇਕ ਕਨਵਰਜੀਤ ਸਿੰਘ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਨਾਲ ਜੁੜੇ ਹੋਏ ਆਗੂਆਂ ਦਾ ਪ੍ਰਵਾਸੀ ਭਾਈਚਾਰੇ ਨਾਲ ਸਿੱਧਾ ਸੰਵਾਦ ਸਮੇਂ ਦੀ ਲੋੜ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਐੱਨ.ਆਰ.ਆਈ. ਭਾਈਚਾਰੇ ਦੇ ਲੰਬੇ ਸਮੇਂ ਤੋਂ ਲਟਕਦੇ ਮੁੱਦਿਆਂ ਦੇ ਹੱਲ ਲਈ ਗੰਭੀਰ ਉਪਰਾਲੇ ਕੀਤੇ ਜਾਣਗੇ।

ਇਸ ਦੌਰਾਨ ਗਾਲਟ ਸਿਟੀ ਦੇ ਮੇਅਰ ਪਰਗਟ ਸਿੰਘ ਸੰਧੂ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਨੂੰ ਜਾਇਦਾਦੀ ਵਿਵਾਦਾਂ, ਸਰਕਾਰੀ ਦਫ਼ਤਰਾਂ ਵਿਚ ਕੰਮਕਾਜ, ਕਾਨੂੰਨੀ ਸੁਰੱਖਿਆ ਅਤੇ ਹੋਰ ਕਈ ਪ੍ਰਸ਼ਾਸਕੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਕੋਈ ਵੀ ਸਿਆਸੀ ਪਾਰਟੀ ਐੱਨ.ਆਰ.ਆਈ. ਭਾਈਚਾਰੇ ਦੇ ਮਸਲਿਆਂ ਨੂੰ ਉਸ ਗੰਭੀਰਤਾ ਨਾਲ ਹੱਲ ਨਹੀਂ ਕਰ ਸਕੀ, ਜਿਸ ਦੀ ਉਮੀਦ ਕੀਤੀ ਜਾਂਦੀ ਹੈ। ਉਨ੍ਹਾਂ ਮੰਗ ਕੀਤੀ ਕਿ ਐੱਨ.ਆਰ.ਆਈਜ਼ ਨਾਲ ਸੰਬੰਧਤ ਸਮੱਸਿਆਵਾਂ ਦੇ ਸਥਾਈ ਹੱਲ ਲਈ ਪ੍ਰਭਾਵਸ਼ਾਲੀ ਪ੍ਰਬੰਧ ਕੀਤੇ ਜਾਣ।

ਆਪਣੇ ਸੰਬੋਧਨ ਦੌਰਾਨ ਸਾਬਕਾ ਵਿਧਾਇਕ ਕਨਵਰਜੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਐੱਨ.ਆਰ.ਆਈ. ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਕਈ ਕਦਮ ਚੁੱਕੇ ਸਨ। ਉਨ੍ਹਾਂ ਕਿਹਾ ਕਿ ਉਸ ਵੇਲੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਐੱਨ.ਆਰ.ਆਈ. ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ, ਜਿਸ ਰਾਹੀਂ ਪ੍ਰਵਾਸੀ ਪੰਜਾਬੀਆਂ ਦੇ ਕਈ ਮਾਮਲਿਆਂ ਦਾ ਨਿਪਟਾਰਾ ਹੋਇਆ ਅਤੇ ਉਨ੍ਹਾਂ ਨੂੰ ਰਾਹਤ ਮਿਲੀ।

ਉਨ੍ਹਾਂ ਕਿਹਾ ਕਿ ਭਵਿੱਖ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਾਥਮਿਕਤਾ ਐੱਨ.ਆਰ.ਆਈ. ਭਾਈਚਾਰੇ ਦੇ ਹੱਕਾਂ ਅਤੇ ਹਿਤਾਂ ਦੀ ਰੱਖਿਆ ਕਰਨਾ ਹੋਵੇਗੀ। ਜਿੱਥੇ ਵੀ ਪ੍ਰਵਾਸੀ ਪੰਜਾਬੀਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ, ਉਸ ਦੇ ਹੱਲ ਲਈ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।

ਕਨਵਰਜੀਤ ਸਿੰਘ ਨੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਜ਼ਿਕਰ ਕਰਦਿਆਂ ਪ੍ਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹਮਾਇਤ ਕਰਕੇ ਸੁਖਬੀਰ ਸਿੰਘ ਬਾਦਲ ਦੇ ਹੱਥ ਮਜ਼ਬੂਤ ਕਰਨ, ਤਾਂ ਜੋ ਪਾਰਟੀ ਨੂੰ ਮੁੜ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਮਿਲ ਸਕੇ।

ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਜਿਸ ਤਰ੍ਹਾਂ ਕੈਨੇਡਾ ਵਿਚ ਐੱਨ.ਆਰ.ਆਈ. ਭਾਈਚਾਰੇ ਨਾਲ ਵੱਖ-ਵੱਖ ਥਾਵਾਂ 'ਤੇ ਮੀਟਿੰਗਾਂ ਕੀਤੀਆਂ ਗਈਆਂ ਹਨ, ਉਸੇ ਤਰ੍ਹਾਂ ਅਮਰੀਕਾ ਵਿਚ ਵੀ ਜਲਦ ਹੀ ਪਾਰਟੀ ਦਾ ਇੱਕ ਵਫ਼ਦ ਦੌਰਾ ਕਰੇਗਾ। ਇਸ ਦੌਰੇ ਦੌਰਾਨ ਪ੍ਰਵਾਸੀ ਪੰਜਾਬੀਆਂ ਨਾਲ ਸਿੱਧਾ ਸੰਵਾਦ ਕਰਕੇ ਉਨ੍ਹਾਂ ਦੇ ਸੁਝਾਅ ਲਏ ਜਾਣਗੇ ਅਤੇ ਉਨ੍ਹਾਂ ਨੂੰ ਪਾਰਟੀ ਨਾਲ ਹੋਰ ਮਜ਼ਬੂਤੀ ਨਾਲ ਜੋੜਨ ਲਈ ਉਪਰਾਲੇ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਪਿਛਲੇ ਕੁਝ ਸਾਲਾਂ ਦੌਰਾਨ ਹੋਰ ਸਿਆਸੀ ਪਾਰਟੀਆਂ ਨੂੰ ਵੀ ਮੌਕਾ ਦੇ ਚੁੱਕੇ ਹਨ, ਪਰ ਸੂਬੇ ਦੀ ਤਰੱਕੀ ਉਮੀਦਾਂ ਅਨੁਸਾਰ ਨਹੀਂ ਹੋ ਸਕੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਅੱਜ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਕਰਜ਼ੇ ਦਾ ਬੋਝ ਵੀ ਵਧਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਲੋਕ ਇੱਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਨੂੰ ਮੌਕਾ ਦਿੰਦੇ ਹਨ, ਤਾਂ ਪੰਜਾਬ ਨੂੰ ਮੁੜ ਵਿਕਾਸ ਦੀ ਲੀਹ 'ਤੇ ਲਿਆਉਣ ਲਈ ਯਤਨ ਕੀਤੇ ਜਾਣਗੇ।

ਸਮਾਗਮ ਦੌਰਾਨ ਸੁਖਬੀਰ ਸਿੰਘ ਬਾਦਲ ਦਾ ਟੈਲੀਫੋਨ ਰਾਹੀਂ ਸੰਦੇਸ਼ ਵੀ ਹਾਜ਼ਰ ਲੋਕਾਂ ਨੂੰ ਲਾਈਵ ਸੁਣਾਇਆ ਗਿਆ। ਆਪਣੇ ਸੰਦੇਸ਼ ਵਿਚ ਸੁਖਬੀਰ ਸਿੰਘ ਬਾਦਲ ਨੇ ਪ੍ਰਵਾਸੀ ਪੰਜਾਬੀਆਂ ਦੀ ਮਿਹਨਤ ਅਤੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੇ ਆਪਣੀ ਕਾਬਲੀਅਤ ਅਤੇ ਮਿਹਨਤ ਨਾਲ ਵਿਲੱਖਣ ਪਛਾਣ ਬਣਾਈ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਐੱਨ.ਆਰ.ਆਈ. ਭਾਈਚਾਰੇ ਦੇ ਨਾਲ ਖੜ੍ਹਾ ਰਿਹਾ ਹੈ ਅਤੇ ਭਵਿੱਖ ਵਿਚ ਵੀ ਉਨ੍ਹਾਂ ਦੇ ਮਸਲਿਆਂ ਦੇ ਹੱਲ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰੇਗਾ। ਉਨ੍ਹਾਂ ਪ੍ਰਵਾਸੀ ਪੰਜਾਬੀਆਂ ਨੂੰ ਪਾਰਟੀ ਦਾ ਸਾਥ ਦੇਣ ਦੀ ਅਪੀਲ ਵੀ ਕੀਤੀ।

ਸਮਾਗਮ ਦੇ ਅੰਤ ਵਿਚ ਪ੍ਰਬੰਧਕਾਂ ਵੱਲੋਂ ਸਾਰੇ ਮਹਿਮਾਨਾਂ, ਖੇਡ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਹਾਜ਼ਰ ਸੰਗਤ ਦਾ ਧੰਨਵਾਦ ਕੀਤਾ ਗਿਆ। ਪੂਰਾ ਸਮਾਗਮ ਸੁਚੱਜੇ ਪ੍ਰਬੰਧਾਂ ਅਤੇ ਵੱਡੀ ਹਾਜ਼ਰੀ ਕਾਰਨ ਸਫਲ ਰਿਹਾ ਅਤੇ ਪ੍ਰਵਾਸੀ ਪੰਜਾਬੀਆਂ ਨਾਲ ਜੁੜੇ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

# ਟਰੰਪ ਪ੍ਰਸ਼ਾਸਨ ਦਾ ਦਾਅਵਾ: ਕੈਲੀਫੋਰਨੀਆ ਸਮੇਤ 4 ਰਾਜਾਂ 'ਚ 2.5 ਲੱਖ ਤੋਂ ਵੱਧ ਸੰਭਾਵਿਤ ਗੈਰ-ਨਾਗਰਿਕ ਵੋਟਰ ਰਜਿਸਟ੍ਰੇਸ਼ਨਾਂ ਦੀ ਜਾਂਚ

## ਸਬੂਤਾਂ ਦੀ ਮੰਗ ਤੇਜ਼




**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਦਾਅਵਾ ਕੀਤਾ ਹੈ ਕਿ ਸ਼ੁਰੂਆਤੀ ਸੰਘੀ ਜਾਂਚ ਦੌਰਾਨ ਕੈਲੀਫੋਰਨੀਆ, ਨਿਊ ਜਰਸੀ, ਨੇਵਾਡਾ ਅਤੇ ਪੈਨਸਿਲਵੇਨੀਆ ਵਿਚ 2,56,463 ਸੰਭਾਵਿਤ ਗੈਰ-ਅਮਰੀਕੀ ਨਾਗਰਿਕਾਂ ਦੀਆਂ ਵੋਟਰ ਰਜਿਸਟ੍ਰੇਸ਼ਨਾਂ ਦੀ ਪਛਾਣ ਕੀਤੀ ਗਈ ਹੈ। ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਦੇਸ਼ ਭਰ ਵਿਚ ਇਹ ਗਿਣਤੀ ਲਗਭਗ 2,78,000 ਹੋ ਸਕਦੀ ਹੈ। ਹਾਲਾਂਕਿ, ਇਹ ਅੰਕੜੇ ਸ਼ੁਰੂਆਤੀ ਸਮੀਖਿਆ 'ਤੇ ਆਧਾਰਿਤ ਹਨ ਅਤੇ ਗੈਰ-ਕਾਨੂੰਨੀ ਵੋਟਿੰਗ ਦਾ ਸਬੂਤ ਨਹੀਂ ਮੰਨੇ ਗਏ।

ਡੀ.ਐੱਚ.ਐੱਸ. ਮੁਤਾਬਕ ਕੈਲੀਫੋਰਨੀਆ ਵਿਚ 1,90,832, ਨਿਊ ਜਰਸੀ ਵਿਚ 35,152, ਨੇਵਾਡਾ ਵਿਚ 15,903 ਅਤੇ ਪੈਨਸਿਲਵੇਨੀਆ ਵਿਚ 14,576 ਸੰਭਾਵਿਤ ਗੈਰ-ਨਾਗਰਿਕ ਵੋਟਰ ਰਜਿਸਟ੍ਰੇਸ਼ਨਾਂ ਦੀ ਪਛਾਣ ਕੀਤੀ ਗਈ ਹੈ। ਚਾਰਾਂ ਰਾਜਾਂ ਨੂੰ ਦੋ ਹਫ਼ਤਿਆਂ ਅੰਦਰ ਆਪਣੀਆਂ ਵੋਟਰ ਸੂਚੀਆਂ ਦੀ ਸਮੀਖਿਆ ਕਰਕੇ ਜਵਾਬ ਦੇਣ ਲਈ ਕਿਹਾ ਗਿਆ ਹੈ।

ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ਸੰਘੀ ਚੋਣਾਂ ਵਿਚ ਸਿਰਫ ਅਮਰੀਕੀ ਨਾਗਰਿਕ ਹੀ ਵੋਟ ਪਾ ਸਕਦੇ ਹਨ। ਪਰ ਵਿਵਾਦ ਇਸ ਗੱਲ ਨੂੰ ਲੈ ਕੇ ਖੜ੍ਹਾ ਹੋਇਆ ਹੈ ਕਿ ਵਿਭਾਗ ਨੇ ਅਜੇ ਤੱਕ ਨਾ ਤਾਂ ਚਿੰਨ੍ਹਿਤ ਵਿਅਕਤੀਆਂ ਦੀ ਸੂਚੀ ਜਾਰੀ ਕੀਤੀ ਹੈ ਅਤੇ ਨਾ ਹੀ ਇਹ ਸਬੂਤ ਦਿੱਤਾ ਹੈ ਕਿ ਉਨ੍ਹਾਂ ਵਿਚੋਂ ਕਿਸੇ ਨੇ ਗੈਰ-ਕਾਨੂੰਨੀ ਤਰੀਕੇ ਨਾਲ ਵੋਟ ਪਾਈ ਹੈ। ਮਾਹਰ ਕਹਿੰਦੇ ਹਨ ਕਿ ਪੁਰਾਣੇ ਇਮੀਗ੍ਰੇਸ਼ਨ ਰਿਕਾਰਡ ਅਤੇ ਮੌਜੂਦਾ ਵੋਟਰ ਸੂਚੀਆਂ ਦਾ ਮੇਲ ਕਈ ਵਾਰ ਗਲਤ ਨਤੀਜੇ ਦੇ ਸਕਦਾ ਹੈ, ਕਿਉਂਕਿ ਕਈ ਲੋਕ ਬਾਅਦ ਵਿਚ ਅਮਰੀਕੀ ਨਾਗਰਿਕ ਬਣ ਜਾਂਦੇ ਹਨ ਅਤੇ ਫਿਰ ਕਾਨੂੰਨੀ ਤੌਰ 'ਤੇ ਵੋਟਰ ਵਜੋਂ ਰਜਿਸਟਰ ਹੋ ਸਕਦੇ ਹਨ।

ਡੀ.ਐੱਚ.ਐੱਸ. ਨੇ ਇਹ ਵੀ ਦੱਸਿਆ ਕਿ ਕੁਝ ਰਿਕਾਰਡਾਂ ਵਿਚ ਨਾਮ, ਜਨਮ ਮਿਤੀ, ਪਤਾ ਅਤੇ ਸੋਸ਼ਲ ਸਕਿਓਰਿਟੀ ਨੰਬਰ ਦੇ ਆਧਾਰ 'ਤੇ ਮਜ਼ਬੂਤ ਮੇਲ ਮਿਲੇ ਹਨ। ਇਨ੍ਹਾਂ ਵਿਚ ਕੈਲੀਫੋਰਨੀਆ ਦੇ 81,336, ਨਿਊ ਜਰਸੀ ਦੇ 19,497, ਨੇਵਾਡਾ ਦੇ 8,576 ਅਤੇ ਪੈਨਸਿਲਵੇਨੀਆ ਦੇ 8,594 ਰਿਕਾਰਡ ਸ਼ਾਮਲ ਹਨ। ਫਿਰ ਵੀ, ਅਜਿਹਾ ਮੇਲ ਇਹ ਸਾਬਤ ਨਹੀਂ ਕਰਦਾ ਕਿ ਰਜਿਸਟ੍ਰੇਸ਼ਨ ਵੇਲੇ ਉਹ ਵਿਅਕਤੀ ਗੈਰ-ਨਾਗਰਿਕ ਹੀ ਸੀ।

ਚੋਣ ਮਾਹਿਰਾਂ ਦਾ ਕਹਿਣਾ ਹੈ ਕਿ ਵੋਟਰ ਰਜਿਸਟ੍ਰੇਸ਼ਨ ਅਤੇ ਗੈਰ-ਕਾਨੂੰਨੀ ਵੋਟ ਪਾਉਣਾ ਦੋ ਵੱਖ-ਵੱਖ ਗੱਲਾਂ ਹਨ। ਕਿਸੇ ਵਿਅਕਤੀ ਦਾ ਨਾਮ ਸੂਚੀ ਵਿਚ ਹੋਣਾ ਇਸ ਗੱਲ ਦਾ ਸਬੂਤ ਨਹੀਂ ਕਿ ਉਸ ਨੇ ਗੈਰ-ਕਾਨੂੰਨੀ ਵੋਟ ਪਾਈ ਹੈ।

ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਕਿਹਾ ਕਿ ਰਾਜ ਨੂੰ ਅਜੇ ਤੱਕ ਕੋਈ ਠੋਸ ਸਬੂਤ ਨਹੀਂ ਦਿੱਤਾ ਗਿਆ। ਉੱਧਰ, ਪੈਨਸਿਲਵੇਨੀਆ ਦੇ ਚੋਣ ਅਧਿਕਾਰੀਆਂ ਨੇ ਕਿਹਾ ਕਿ ਡੀ.ਐੱਚ.ਐੱਸ. ਜੇ ਆਪਣੀ ਸੂਚੀ ਅਤੇ ਜਾਂਚ ਦੀ ਵਿਧੀ ਸਾਂਝੀ ਕਰੇਗਾ, ਤਾਂ ਉਸ ਦੀ ਪੂਰੀ ਪੜਤਾਲ ਕੀਤੀ ਜਾਵੇਗੀ। ਪਿਛਲੀਆਂ ਜਾਂਚਾਂ ਵੀ ਦੱਸਦੀਆਂ ਹਨ ਕਿ ਸ਼ੁਰੂਆਤੀ ਤੌਰ 'ਤੇ ਚਿੰਨ੍ਹਿਤ ਕਈ ਮਾਮਲੇ ਬਾਅਦ ਵਿਚ ਗਲਤ ਸਾਬਤ ਹੋਏ। ਆਇਓਵਾ ਵਿਚ 2,176 ਸੰਭਾਵਿਤ ਮਾਮਲੇ ਜਾਂਚ ਤੋਂ ਬਾਅਦ 277 ਰਹਿ ਗਏ, ਜਦਕਿ ਮਿਸ਼ੀਗਨ ਵਿਚ ਲੱਖਾਂ ਰਿਕਾਰਡਾਂ ਦੀ ਜਾਂਚ ਦੌਰਾਨ ਸਿਰਫ 16 ਸੰਭਾਵਿਤ ਗੈਰ-ਨਾਗਰਿਕਾਂ ਵੱਲੋਂ ਵੋਟ ਪਾਉਣ ਦੇ ਮਾਮਲੇ ਸਾਹਮਣੇ ਆਏ। ਇਸੇ ਦੌਰਾਨ ਟਰੰਪ ਪ੍ਰਸ਼ਾਸਨ ਵੋਟਰ ਰਜਿਸਟ੍ਰੇਸ਼ਨ ਲਈ ਪਾਸਪੋਰਟ, ਜਨਮ ਸਰਟੀਫਿਕੇਟ ਜਾਂ ਨੈਚੁਰਲਾਈਜ਼ੇਸ਼ਨ ਸਰਟੀਫਿਕੇਟ ਵਰਗੇ ਨਾਗਰਿਕਤਾ ਦੇ ਦਸਤਾਵੇਜ਼ ਲਾਜ਼ਮੀ ਕਰਨ ਦੀ ਵਕਾਲਤ ਕਰ ਰਿਹਾ ਹੈ। ਸਮਰਥਕ ਇਸ ਨੂੰ ਚੋਣ ਸੁਰੱਖਿਆ ਲਈ ਜ਼ਰੂਰੀ ਦੱਸ ਰਹੇ ਹਨ, ਜਦਕਿ ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਨਾਲ ਕਾਨੂੰਨੀ ਨਾਗਰਿਕਾਂ ਲਈ ਵੀ ਰਜਿਸਟ੍ਰੇਸ਼ਨ ਵਿਚ ਬੇਲੋੜੀਆਂ ਰੁਕਾਵਟਾਂ ਆ ਸਕਦੀਆਂ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ ਵੱਲੋਂ ਇਮੀਗ੍ਰੈਂਟ ਅਤੇ ਨਾਨ-ਇਮੀਗ੍ਰੈਂਟ ਵੀਜ਼ਾ ਇੰਟਰਵਿਊ ਨਿਯਮ ਹੋਰ ਸਖ਼ਤ

## ਹੁਣ ਆਪਣੇ ਹੀ ਦੇਸ਼ ਜਾਂ ਰਿਹਾਇਸ਼ ਵਾਲੇ ਦੇਸ਼ ਵਿਚ ਦੇਣੀ ਪਵੇਗੀ ਇੰਟਰਵਿਊ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਮੰਤਰਾਲੇ ਨੇ ਇਮੀਗ੍ਰੈਂਟ ਵੀਜ਼ਾ ਅਤੇ ਨਾਨ-ਇਮੀਗ੍ਰੈਂਟ ਵੀਜ਼ਾ ਬਿਨੈਕਾਰਾਂ ਲਈ ਇੰਟਰਵਿਊ ਸਬੰਧੀ ਨਵੇਂ ਅਤੇ ਹੋਰ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। 15 ਜੁਲਾਈ ਨੂੰ ਜਾਰੀ ਕੀਤੀ ਗਈ ਨਵੀਂ ਗਾਈਡਲਾਈਨ ਅਨੁਸਾਰ ਹੁਣ ਜ਼ਿਆਦਾਤਰ ਬਿਨੈਕਾਰਾਂ ਨੂੰ ਆਪਣਾ ਵੀਜ਼ਾ ਇੰਟਰਵਿਊ ਆਪਣੇ ਨਾਗਰਿਕਤਾ ਵਾਲੇ ਦੇਸ਼ ਜਾਂ ਕਾਨੂੰਨੀ ਰਿਹਾਇਸ਼ ਵਾਲੇ ਦੇਸ਼ ਵਿਚ ਹੀ ਦੇਣਾ ਹੋਵੇਗਾ। ਸਿਰਫ਼ ਮਾਨਵਤਾਵਾਦੀ, ਮੈਡੀਕਲ ਐਮਰਜੈਂਸੀ, ਕੂਟਨੀਤਿਕ ਜਾਂ ਅਮਰੀਕੀ ਵਿਦੇਸ਼ ਨੀਤੀ ਨਾਲ ਜੁੜੇ ਵਿਸ਼ੇਸ਼ ਮਾਮਲਿਆਂ ਵਿਚ ਹੀ ਛੋਟ ਦਿੱਤੀ ਜਾਵੇਗੀ।

ਇਹ ਨਵੇਂ ਨਿਯਮ ਟੂਰਿਸਟ (ਬੀ1/ਬੀ2), ਵਿਦਿਆਰਥੀ (ਐੱਫ-1), ਐਕਸਚੇਂਜ (ਜੇ-1), ਵਰਕ ਵੀਜ਼ਾ (ਐੱਚ-1ਬੀ) ਅਤੇ ਇਮੀਗ੍ਰੈਂਟ ਵੀਜ਼ਾ ਸਮੇਤ ਲਗਭਗ ਸਾਰੀਆਂ ਮੁੱਖ ਵੀਜ਼ਾ ਸ਼੍ਰੇਣੀਆਂ 'ਤੇ ਲਾਗੂ ਹੋਣਗੇ। ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਇਸ ਦਾ ਉਦੇਸ਼ ਦੁਨੀਆਂ ਭਰ ਦੇ ਅਮਰੀਕੀ ਦੂਤਾਵਾਸਾਂ ਅਤੇ ਕੌਂਸਲੇਟਾਂ ਵਿਚ ਵੀਜ਼ਾ ਪ੍ਰਕਿਰਿਆ ਨੂੰ ਇੱਕੋ ਜਿਹੇ ਮਾਪਦੰਡਾਂ ਅਨੁਸਾਰ ਚਲਾਉਣਾ ਹੈ।

ਇਮੀਗ੍ਰੈਂਟ ਵੀਜ਼ਾ ਮਾਮਲਿਆਂ ਵਿਚ ਨੈਸ਼ਨਲ ਵੀਜ਼ਾ ਸੈਂਟਰ (ਐੱਨ.ਵੀ.ਸੀ.) ਹੁਣ ਇੰਟਰਵਿਊ ਬਿਨੈਕਾਰ ਦੇ ਰਿਹਾਇਸ਼ ਵਾਲੇ ਦੇਸ਼ ਜਾਂ ਉਸ ਦੀ ਬੇਨਤੀ 'ਤੇ ਨਾਗਰਿਕਤਾ ਵਾਲੇ ਦੇਸ਼ ਵਿਚ ਤੈਅ ਕਰੇਗਾ। ਜੇ ਕਿਸੇ ਬਿਨੈਕਾਰ ਦੀ ਇੰਟਰਵਿਊ ਪਹਿਲਾਂ ਹੀ ਨਿਰਧਾਰਤ ਹੋ ਚੁੱਕੀ ਹੈ, ਤਾਂ ਉਹ ਆਮ ਤੌਰ 'ਤੇ ਰੱਦ ਨਹੀਂ ਕੀਤੀ ਜਾਵੇਗੀ। ਪਰ ਜੇ ਕੋਈ ਬਿਨੈਕਾਰ ਬਾਅਦ ਵਿਚ ਇੰਟਰਵਿਊ ਦੀ ਥਾਂ ਬਦਲਣਾ ਚਾਹੁੰਦਾ ਹੈ, ਤਾਂ ਉਸ ਨੂੰ ਸਿੱਧਾ ਐੱਨ.ਵੀ.ਸੀ. ਨਾਲ ਸੰਪਰਕ ਕਰਨਾ ਪਵੇਗਾ। ਸਿਰਫ਼ ਦੂਤਾਵਾਸ ਨਾਲ ਸੰਪਰਕ ਕਰਨ ਨਾਲ ਕੇਸ ਟਰਾਂਸਫਰ ਨਹੀਂ ਹੋਵੇਗਾ। ਵਿਦੇਸ਼ ਮੰਤਰਾਲੇ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਜੇ ਕੋਈ ਬਿਨੈਕਾਰ ਆਪਣੇ ਨਿਰਧਾਰਤ ਕੌਂਸਲਰ ਜ਼ਿਲ੍ਹੇ ਜਾਂ ਦੇਸ਼ ਤੋਂ ਇਲਾਵਾ ਕਿਸੇ ਹੋਰ ਥਾਂ ਇੰਟਰਵਿਊ ਦੀ ਮੰਗ ਕਰਦਾ ਹੈ, ਤਾਂ ਉਸ ਤੋਂ ਵਾਧੂ ਦਸਤਾਵੇਜ਼ ਮੰਗੇ ਜਾ ਸਕਦੇ ਹਨ, ਤਾਂ ਜੋ ਇਹ ਸਾਬਤ ਕੀਤਾ ਜਾ ਸਕੇ ਕਿ ਉਹ ਉੱਥੇ ਕਾਨੂੰਨੀ ਤੌਰ 'ਤੇ ਰਹਿ ਰਿਹਾ ਹੈ ਜਾਂ ਉਸ ਨੂੰ ਵਿਸ਼ੇਸ਼ ਛੋਟ ਦੇਣ ਦਾ ਜਾਇਜ਼ ਕਾਰਨ ਹੈ।

ਨਾਨ-ਇਮੀਗ੍ਰੈਂਟ ਵੀਜ਼ਾ ਬਿਨੈਕਾਰਾਂ ਲਈ ਵੀ ਇਹੀ ਨਿਯਮ ਲਾਗੂ ਹੋਵੇਗਾ। ਜੇ ਕੋਈ ਵਿਅਕਤੀ ਆਪਣੇ ਦੇਸ਼ ਜਾਂ ਨਿਰਧਾਰਤ ਪ੍ਰੋਸੈਸਿੰਗ ਪੋਸਟ ਤੋਂ ਇਲਾਵਾ ਕਿਸੇ ਹੋਰ ਦੂਤਾਵਾਸ ਵਿਚ ਇੰਟਰਵਿਊ ਬੁੱਕ ਕਰਦਾ ਹੈ, ਤਾਂ ਉਸ ਨੂੰ ਲੰਬੇ ਇੰਤਜ਼ਾਰ, ਵਾਧੂ ਜਾਂਚ ਅਤੇ ਵੀਜ਼ਾ ਮਨਜ਼ੂਰੀ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਮਰੀਕੀ ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਅਜਿਹੇ ਮਾਮਲਿਆਂ ਵਿਚ ਭਰੀ ਗਈ ਵੀਜ਼ਾ ਫੀਸ ਨਾ ਤਾਂ ਵਾਪਸ ਕੀਤੀ ਜਾਵੇਗੀ ਅਤੇ ਨਾ ਹੀ ਕਿਸੇ ਹੋਰ ਦੂਤਾਵਾਸ ਵਿਚ ਟਰਾਂਸਫਰ ਹੋਵੇਗੀ।

ਰਿਹਾਇਸ਼ ਦੇ ਆਧਾਰ 'ਤੇ ਅਰਜ਼ੀ ਦੇਣ ਵਾਲੇ ਬਿਨੈਕਾਰ ਨੂੰ ਇਹ ਵੀ ਸਾਬਤ ਕਰਨਾ ਪਵੇਗਾ ਕਿ ਉਹ ਉਸ ਦੇਸ਼ ਵਿਚ ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਜਿਨ੍ਹਾਂ ਦੀਆਂ ਇੰਟਰਵਿਊਆਂ ਪਹਿਲਾਂ ਹੀ ਤੈਅ ਹੋ ਚੁੱਕੀਆਂ ਹਨ, ਉਹ ਆਮ ਤੌਰ 'ਤੇ ਰੱਦ ਨਹੀਂ ਕੀਤੀਆਂ ਜਾਣਗੀਆਂ, ਹਾਲਾਂਕਿ ਕੁਝ ਖਾਸ ਹਾਲਾਤਾਂ ਵਿਚ ਦੂਤਾਵਾਸ ਬਿਨੈਕਾਰ ਨੂੰ ਨਵਾਂ ਨੋਟਿਸ ਜਾਰੀ ਕਰ ਸਕਦਾ ਹੈ। ਇਹ ਨਵੇਂ ਨਿਯਮ ਏ, ਜੀ, ਸੀ-2, ਸੀ-3, ਨਾਟੋ ਅਤੇ ਕੁਝ ਕੂਟਨੀਤਿਕ ਜਾਂ ਸਰਕਾਰੀ ਵੀਜ਼ਾ ਸ਼੍ਰੇਣੀਆਂ 'ਤੇ ਲਾਗੂ ਨਹੀਂ ਹੋਣਗੇ। ਇਸ ਤੋਂ ਇਲਾਵਾ, ਭਵਿੱਖ ਦੇ ਡਾਇਵਰਸਿਟੀ ਵੀਜ਼ਾ (ਡੀਵੀ ਲਾਟਰੀ) ਬਿਨੈਕਾਰਾਂ 'ਤੇ ਵੀ ਇਹ ਨੀਤੀ ਲਾਗੂ ਕੀਤੀ ਜਾਵੇਗੀ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਸਾਰੇ ਵੀਜ਼ਾ ਬਿਨੈਕਾਰਾਂ ਨੂੰ ਸਲਾਹ ਦਿੱਤੀ ਹੈ ਕਿ ਇੰਟਰਵਿਊ ਬੁੱਕ ਕਰਨ ਤੋਂ ਪਹਿਲਾਂ ਸੰਬੰਧਿਤ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਦੀ ਵੈੱਬਸਾਈਟ 'ਤੇ ਜਾ ਕੇ ਤਾਜ਼ਾ ਨਿਯਮ, ਇੰਤਜ਼ਾਰ ਦਾ ਸਮਾਂ ਅਤੇ ਲੋੜੀਂਦੇ ਦਸਤਾਵੇਜ਼ ਜ਼ਰੂਰ ਚੈੱਕ ਕਰ ਲੈਣ। ਨਵੇਂ ਨਿਯਮਾਂ ਦਾ ਮਕਸਦ ਵੀਜ਼ਾ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ, ਇਕਸਾਰ ਅਤੇ ਸੁਰੱਖਿਅਤ ਬਣਾਉਣਾ ਦੱਸਿਆ ਗਿਆ ਹੈ।

# ਸਲੀਪਰ ਕੈਬ ਵਿਚ 8 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੁਕਾ ਕੇ ਲਿਜਾ ਰਿਹਾ ਟਰੱਕ ਡਰਾਈਵਰ ਗ੍ਰਿਫ਼ਤਾਰ

**ਟੈਕਸਾਸ, (ਪੰਜਾਬ ਮੇਲ)-** ਅਮਰੀਕੀ ਬਾਰਡਰ ਪੈਟਰੋਲ ਨੇ ਟੈਕਸਾਸ ਦੇ ਲਾਰੇਡੋ ਸੈਕਟਰ ਵਿਚ ਇੱਕ ਟਰੱਕ ਡਰਾਈਵਰ ਨੂੰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ, ਜਦੋਂ ਰੁਟੀਨ ਚੈਕਿੰਗ ਦੌਰਾਨ ਟਰੱਕ ਦੇ ਸਲੀਪਰ ਕੈਬ ਵਿਚ ਲੁਕੇ ਹੋਏ 8 ਗੈਰ-ਕਾਨੂੰਨੀ ਪ੍ਰਵਾਸੀ ਮਿਲੇ। ਅਧਿਕਾਰੀਆਂ ਮੁਤਾਬਕ ਇਹ ਮਨੁੱਖੀ ਤਸਕਰੀ ਦਾ ਮਾਮਲਾ ਹੈ।

ਘਟਨਾ ਇੱਕ ਇਮੀਗ੍ਰੇਸ਼ਨ ਚੈਕਪੁਆਇੰਟ 'ਤੇ ਵਾਪਰੀ, ਜਿੱਥੇ ਬਾਰਡਰ ਪੈਟਰੋਲ ਏਜੰਟਾਂ ਨੇ ਟਰੱਕ ਦੀ ਜਾਂਚ ਕੀਤੀ। ਜਾਂਚ ਦੌਰਾਨ ਡਰਾਈਵਰ ਦੇ ਆਰਾਮ ਕਰਨ ਲਈ ਬਣੇ ਸਲੀਪਰ ਕੈਬ ਵਿਚ ਕਈ ਲੋਕਾਂ ਨੂੰ ਲੁਕਿਆ ਹੋਇਆ ਦੇਖ ਕੇ ਅਧਿਕਾਰੀ ਹੈਰਾਨ ਰਹਿ ਗਏ।

ਬਾਰਡਰ ਪੈਟਰੋਲ ਨੇ ਦੱਸਿਆ ਕਿ ਸਲੀਪਰ ਕੈਬ ਸਿਰਫ ਡਰਾਈਵਰ ਦੇ ਆਰਾਮ ਲਈ ਹੁੰਦੀ ਹੈ, ਪਰ ਇਸ ਮਾਮਲੇ ਵਿਚ ਇਸ ਦੀ ਵਰਤੋਂ ਲੋਕਾਂ ਨੂੰ ਲੁਕਾ ਕੇ ਸਰਹੱਦ ਪਾਰ ਲਿਜਾਣ ਲਈ ਕੀਤੀ ਜਾ ਰਹੀ ਸੀ। ਅਧਿਕਾਰੀਆਂ ਨੇ ਤੁਰੰਤ ਡਰਾਈਵਰ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਸਾਰੇ 8 ਵਿਅਕਤੀਆਂ ਨੂੰ ਵੀ ਕਸਟਡੀ ਵਿਚ ਲੈ ਕੇ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਦੀ ਜਾਂਚ ਸ਼ੁਰੂ ਕਰ ਦਿੱਤੀ।

ਅਧਿਕਾਰੀਆਂ ਮੁਤਾਬਕ ਟਰੱਕ ਡਰਾਈਵਰ 'ਤੇ ਮਨੁੱਖੀ ਤਸਕਰੀ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਢੋਆ-ਢੁਆਈ ਨਾਲ ਸੰਬੰਧਿਤ ਸੰਘੀ ਦੋਸ਼ ਲਗਾਏ ਜਾ ਸਕਦੇ ਹਨ। ਦੋਸ਼ ਸਾਬਤ ਹੋਣ 'ਤੇ ਉਸ ਨੂੰ ਭਾਰੀ ਜੁਰਮਾਨੇ ਦੇ ਨਾਲ ਲੰਬੀ ਕੈਦ ਦੀ ਸਜ਼ਾ ਵੀ ਹੋ ਸਕਦੀ ਹੈ।

ਅਮਰੀਕੀ ਬਾਰਡਰ ਪੈਟਰੋਲ ਨੇ ਕਿਹਾ ਕਿ ਦੱਖਣੀ ਸਰਹੱਦ 'ਤੇ ਮਨੁੱਖੀ ਤਸਕਰੀ ਦੇ ਨੈੱਟਵਰਕ ਖ਼ਿਲਾਫ਼ ਕਾਰਵਾਈ ਲਗਾਤਾਰ ਜਾਰੀ ਹੈ ਅਤੇ ਚੈਕਪੁਆਇੰਟਾਂ 'ਤੇ ਸਖ਼ਤ ਨਿਗਰਾਨੀ ਕਾਰਨ ਅਜਿਹੇ ਕਈ ਮਾਮਲੇ ਸਾਹਮਣੇ ਆ ਰਹੇ ਹਨ।

# ਕੈਨੇਡਾ ਰਾਹੀਂ ਸੈਂਕੜੇ ਪ੍ਰਵਾਸੀਆਂ ਨੂੰ ਅਮਰੀਕਾ ਦਾਖਲ ਕਰਵਾਉਣ ਵਾਲੇ ਅੰਤਰਰਾਸ਼ਟਰੀ ਗਿਰੋਹ ਦੇ 3 ਮੈਂਬਰਾਂ ਵੱਲੋਂ ਦੋਸ਼ ਕਬੂਲ

**ਵਾਸ਼ਿੰਗਟਨ, (ਪੰਜਾਬ ਮੇਲ)-** ਕੈਨੇਡਾ ਨਾਲ ਲੱਗਦੀ ਅਮਰੀਕਾ ਦੀ ਉੱਤਰੀ ਸਰਹੱਦ ਰਾਹੀਂ ਮੈਕਸੀਕੋ ਸਮੇਤ ਮੱਧ ਅਤੇ ਦੱਖਣੀ ਅਮਰੀਕਾ ਦੇ ਸੈਂਕੜੇ ਪ੍ਰਵਾਸੀਆਂ ਨੂੰ ਗੈਰਕਾਨੂੰਨੀ ਢੰਗ ਨਾਲ ਸੰਯੁਕਤ ਰਾਜ ਅਮਰੀਕਾ ਵਿਚ ਦਾਖਲ ਕਰਵਾਉਣ ਵਾਲੇ ਇੱਕ ਅੰਤਰਰਾਸ਼ਟਰੀ ਮਨੁੱਖੀ ਤਸਕਰੀ ਗਿਰੋਹ ਨਾਲ ਜੁੜੇ ਤਿੰਨ ਮੈਕਸੀਕਨ ਨਾਗਰਿਕਾਂ ਨੇ ਫੈਡਰਲ ਅਦਾਲਤ ਵਿਚ ਆਪਣੇ ਦੋਸ਼ ਕਬੂਲ ਕਰ ਲਏ ਹਨ।

ਅਮਰੀਕੀ ਨਿਆਂ ਵਿਭਾਗ ਵੱਲੋਂ ਜਾਰੀ ਜਾਣਕਾਰੀ ਅਨੁਸਾਰ 37 ਸਾਲਾ ਇਗਨਾਸਿਓ ਡਿਆਜ਼-ਪੇਰੇਜ਼, 27 ਸਾਲਾ ਸੈਮੂਅਲ ਡਿਆਜ਼-ਪੇਰੇਜ਼ ਅਤੇ 34 ਸਾਲਾ ਸਾਲਵਾਡੋਰ ਡਿਆਜ਼-ਡਿਆਜ਼ ਅਮਰੀਕਾ ਵਿਚ ਬਿਨਾਂ ਕਾਨੂੰਨੀ ਇਮੀਗ੍ਰੇਸ਼ਨ ਦਰਜੇ ਦੇ ਰਹਿ ਰਹੇ ਸਨ। ਇਹ ਤਿੰਨੇ ਇੱਕ ਅੰਤਰਰਾਸ਼ਟਰੀ ਪ੍ਰਵਾਸੀ ਤਸਕਰੀ ਸੰਗਠਨ ਦਾ ਹਿੱਸਾ ਸਨ, ਜਿਸ ਉੱਤੇ ਕੈਨੇਡਾ ਰਾਹੀਂ ਸੈਂਕੜੇ ਲੋਕਾਂ ਨੂੰ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਕਰਵਾਉਣ ਦਾ ਦੋਸ਼ ਹੈ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ ਇਹ ਗਿਰੋਹ ਮੁੱਖ ਤੌਰ 'ਤੇ ਮੈਕਸੀਕੋ, ਮੱਧ ਅਮਰੀਕਾ ਅਤੇ ਦੱਖਣੀ ਅਮਰੀਕਾ ਤੋਂ ਆਉਣ ਵਾਲੇ ਲੋਕਾਂ ਨੂੰ ਪਹਿਲਾਂ ਕੈਨੇਡਾ ਪਹੁੰਚਾਉਂਦਾ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਕੈਨੇਡਾ-ਅਮਰੀਕਾ ਸਰਹੱਦ ਦੇ ਸੁੰਨਸਾਨ ਅਤੇ ਜੰਗਲੀ ਇਲਾਕਿਆਂ ਰਾਹੀਂ ਨਿਊਯਾਰਕ ਅਤੇ ਵਰਮਾਂਟ ਵੱਲੋਂ ਅਮਰੀਕਾ 'ਚ ਦਾਖਲ ਕਰਵਾਇਆ ਜਾਂਦਾ ਸੀ। ਸਰਹੱਦ ਪਾਰ ਕਰਨ ਤੋਂ ਬਾਅਦ ਗਿਰੋਹ ਵੱਲੋਂ ਨਿਯੁਕਤ ਡਰਾਈਵਰ ਵਾਹਨਾਂ ਵਿਚ ਪ੍ਰਵਾਸੀਆਂ ਨੂੰ ਚੁੱਕ ਕੇ ਅਮਰੀਕਾ ਦੇ ਅੰਦਰੂਨੀ ਸ਼ਹਿਰਾਂ ਅਤੇ ਹੋਰ ਰਾਜਾਂ ਤੱਕ ਲੈ ਜਾਂਦੇ ਸਨ।

ਨਿਆਂ ਵਿਭਾਗ ਦਾ ਕਹਿਣਾ ਹੈ ਕਿ ਤਿੰਨਾਂ ਮੁਲਜ਼ਮਾਂ ਨੇ ਨਾ ਸਿਰਫ਼ ਤਸਕਰੀ ਦੀਆਂ ਕਾਰਵਾਈਆਂ ਵਿਚ ਖੁਦ ਹਿੱਸਾ ਲਿਆ, ਸਗੋਂ ਗਿਰੋਹ ਦੇ ਹੋਰ ਆਗੂਆਂ ਨਾਲ ਮਿਲ ਕੇ ਪ੍ਰਵਾਸੀਆਂ ਨੂੰ ਸਰਹੱਦ ਪਾਰ ਕਰਵਾਉਣ, ਵਾਹਨਾਂ ਅਤੇ ਡਰਾਈਵਰਾਂ ਦਾ ਪ੍ਰਬੰਧ ਕਰਨ ਅਤੇ ਪੈਸਿਆਂ ਦੇ ਲੈਣ-ਦੇਣ ਵਿਚ ਵੀ ਭੂਮਿਕਾ ਨਿਭਾਈ।

ਮਈ 2023 ਦੌਰਾਨ ਵਾਪਰੀ ਇੱਕ ਘਟਨਾ ਦਾ ਵੇਰਵਾ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਗੈਰਕਾਨੂੰਨੀ ਢੰਗ ਨਾਲ ਲਿਆਂਦੇ ਗਏ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਵੈਨ ਨੂੰ ਜਦੋਂ ਬਾਰਡਰ ਪੈਟਰੋਲ ਅਧਿਕਾਰੀਆਂ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਵੈਨ ਦੇ ਡਰਾਈਵਰ ਨੇ ਤੇਜ਼ ਰਫ਼ਤਾਰ ਨਾਲ ਭੱਜਣਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਕਾਫ਼ੀ ਸਮੇਂ ਤੱਕ ਖ਼ਤਰਨਾਕ ਰਫ਼ਤਾਰ ਨਾਲ ਪਿੱਛਾ ਚੱਲਦਾ ਰਿਹਾ।

ਆਮ ਲੋਕਾਂ ਅਤੇ ਸੜਕ ਉੱਤੇ ਚੱਲ ਰਹੇ ਹੋਰ ਵਾਹਨਾਂ ਦੀ ਸੁਰੱਖਿਆ ਨੂੰ ਪੈਦਾ ਹੋ ਰਹੇ ਖ਼ਤਰੇ ਕਾਰਨ ਬਾਰਡਰ ਪੈਟਰੋਲ ਅਧਿਕਾਰੀਆਂ ਨੂੰ ਆਪਣਾ ਪਿੱਛਾ ਰੋਕਣਾ ਪਿਆ। ਬਾਅਦ ਵਿਚ ਸਥਾਨਕ ਸ਼ੈਰਿਫ਼ ਵਿਭਾਗ ਨੇ ਸੜਕ ਉੱਤੇ ਟਾਇਰਾਂ ਦੀ ਹਵਾ ਕੱਢਣ ਵਾਲਾ ਵਿਸ਼ੇਸ਼ ਯੰਤਰ ਲਗਾ ਕੇ ਵਾਹਨ ਨੂੰ ਰੋਕਿਆ। ਅਧਿਕਾਰੀਆਂ ਮੁਤਾਬਕ ਵਾਹਨ ਦੇ ਡਰਾਈਵਰ ਨੇ ਕਈ ਵਾਰ ਰੁਕਣ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਸੀ। ਅਮਰੀਕੀ ਨਿਆਂ ਵਿਭਾਗ ਦੇ ਕ੍ਰਿਮਿਨਲ ਡਿਵੀਜ਼ਨ ਦੇ ਸਹਾਇਕ ਅਟਾਰਨੀ ਜਨਰਲ ਏ. ਟਾਈਸਨ ਡੁਵਾ ਨੇ ਕਿਹਾ ਕਿ ਮਨੁੱਖੀ ਤਸਕਰੀ ਦੀਆਂ ਕਾਰਵਾਈਆਂ ਅਮਰੀਕਾ ਦੀ ਰਾਸ਼ਟਰੀ ਅਤੇ ਜਨਤਕ ਸੁਰੱਖਿਆ ਲਈ ਕਈ ਤਰ੍ਹਾਂ ਦੇ ਖ਼ਤਰੇ ਪੈਦਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਤਸਕਰ ਕਾਨੂੰਨ ਦੀ ਉਲੰਘਣਾ ਕਰਨ ਦੇ ਨਾਲ-ਨਾਲ ਅਧਿਕਾਰੀਆਂ ਤੋਂ ਬਚਣ ਲਈ ਤੇਜ਼ ਰਫ਼ਤਾਰ ਨਾਲ ਵਾਹਨ ਚਲਾ ਕੇ ਆਮ ਨਾਗਰਿਕਾਂ, ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਅਤੇ ਵਾਹਨਾਂ ਵਿਚ ਬੈਠੇ ਪ੍ਰਵਾਸੀਆਂ ਦੀਆਂ ਜਾਨਾਂ ਵੀ ਖ਼ਤਰੇ ਵਿਚ ਪਾ ਦਿੰਦੇ ਹਨ।

ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੇ ਆਪਣੀ ਆਰਥਿਕ ਲਾਲਚ ਲਈ ਸਰਹੱਦੀ ਕਾਨੂੰਨਾਂ ਦੀ ਉਲੰਘਣਾ ਕੀਤੀ, ਸੜਕ ਸੁਰੱਖਿਆ ਦੇ ਨਿਯਮ ਤੋੜੇ ਅਤੇ ਉਨ੍ਹਾਂ ਲੋਕਾਂ ਦੀ ਜਾਨ ਨੂੰ ਵੀ ਖ਼ਤਰੇ ਵਿਚ ਪਾਇਆ, ਜਿਨ੍ਹਾਂ ਤੋਂ ਉਹ ਤਸਕਰੀ ਬਦਲੇ ਪੈਸੇ ਲੈ ਰਹੇ ਸਨ। ਹੁਣ ਮੁਲਜ਼ਮਾਂ ਨੂੰ ਆਪਣੇ ਅਪਰਾਧਾਂ ਲਈ ਅਦਾਲਤ ਵਿਚ ਜਵਾਬਦੇਹ ਹੋਣਾ ਪਵੇਗਾ।

## ਟਰੰਪ ਪ੍ਰਸ਼ਾਸਨ ਨੇ ਭਾਰਤ ਨਾਲ ਸਬੰਧਾਂ ਨੂੰ ਨੁਕਸਾਨ ਪਹੁੰਚਾਇਆ : ਸੁਬਰਾਮਨੀਅਮ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਡੈਮੋਕ੍ਰੈਟਿਕ ਕਾਂਗਰਸਮੈਨ ਸੁਹਾਸ ਸੁਬਰਾਮਨੀਅਮ ਨੇ ਟਰੰਪ ਪ੍ਰਸ਼ਾਸਨ 'ਤੇ ਭਾਰਤ ਨਾਲ ਸਬੰਧਾਂ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਹੈ ਤੇ ਕਿਹਾ ਹੈ ਕਿ ਟੈਰਿਫ ਅਤੇ ਹੋਰ ਕਾਰਵਾਈਆਂ ਨੇ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਅੱਗੇ ਵਧਾਉਣ 'ਚ ਮਦਦ ਨਹੀਂ ਕੀਤੀ। ਉਨ੍ਹਾਂ ਇਕ ਸਮਾਗਮ ਵਿਚ ਬੋਲਦਿਆਂ ਕਿਹਾ ਹੈ ਕਿ ਇਸ ਪ੍ਰਸ਼ਾਸਨ ਦੀ ਵਿਦੇਸ਼ ਨੀਤੀ ਪੂਰੀ ਤਰ੍ਹਾਂ ਫੇਲ੍ਹ ਰਹੀ ਹੈ ਅਤੇ ਉਨ੍ਹਾਂ ਨੇ ਅਮਰੀਕਾ-ਭਾਰਤ ਸਬੰਧਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਸੁਬਰਾਮਨੀਅਮ ਨੇ ਹੋਰ ਕਿਹਾ ਕਿ ਤਾਨਾਸ਼ਾਹਾਂ ਨੂੰ ਛੱਡ ਕੇ ਦੁਨੀਆਂ ਭਰ 'ਚ ਸਾਡੇ ਸਬੰਧ ਖਰਾਬ ਹੋਏ ਹਨ। ਸੁਬਰਾਮਨੀਅਮ ਨੇ ਕਿਹਾ ਕਿ ਵਿਦੇਸ਼ ਨੀਤੀ ਪ੍ਰਤੀ ਟਰੰਪ ਪ੍ਰਸ਼ਾਸਨ ਦੀ ਪਹੁੰਚ ਵਿਚ ਇਕਸਾਰਤਾ ਦੀ ਘਾਟ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਾਸ਼ਿੰਗਟਨ ਨੂੰ ਨਵੀਂ ਦਿੱਲੀ ਨਾਲ ਇੱਕ ਮਜ਼ਬੂਤ ਭਾਈਵਾਲੀ ਬਣਾਈ ਰੱਖਣੀ ਚਾਹੀਦੀ ਹੈ ਅਤੇ ਵਿਸ਼ਵ ਵਿਆਪੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ 10 ਨੈਚੁਰਲਾਈਜ਼ਡ ਅਮਰੀਕੀ ਨਾਗਰਿਕਾਂ ਦੀ ਨਾਗਰਿਕਤਾ ਰੱਦ ਕਰਨ ਲਈ ਅਦਾਲਤ ਦਾ ਰੁਖ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਅਮਰੀਕੀ ਨਾਗਰਿਕਤਾ ਧੋਖਾਧੜੀ ਜਾਂ ਮਹੱਤਵਪੂਰਨ ਤੱਥ ਲੁਕਾ ਕੇ ਹਾਸਲ ਕਰਨ ਦੇ ਦੋਸ਼ਾਂ ਹੇਠ 10 ਨੈਚੁਰਲਾਈਜ਼ਡ ਅਮਰੀਕੀ ਨਾਗਰਿਕਾਂ ਦੀ ਨਾਗਰਿਕਤਾ ਰੱਦ ਕਰਵਾਉਣ ਲਈ ਫੈਡਰਲ ਅਦਾਲਤਾਂ ਵਿਚ ਕੇਸ ਦਾਇਰ ਕੀਤੇ ਹਨ। ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਅਤੇ ਨਿਆਂ ਵਿਭਾਗ (ਡੀ.ਓ.ਜੇ.) ਦਾ ਕਹਿਣਾ ਹੈ ਕਿ ਇਨ੍ਹਾਂ ਵਿਅਕਤੀਆਂ ਨੇ ਨਾਗਰਿਕਤਾ ਲੈਂਦੇ ਸਮੇਂ ਆਪਣੇ ਅਪਰਾਧਿਕ ਰਿਕਾਰਡ ਜਾਂ ਹੋਰ ਮਹੱਤਵਪੂਰਨ ਜਾਣਕਾਰੀ ਲੁਕਾਈ ਜਾਂ ਗਲਤ ਬਿਆਨ ਦਿੱਤੇ, ਜਿਸ ਕਾਰਨ ਉਹ ਕਾਨੂੰਨੀ ਤੌਰ 'ਤੇ ਨਾਗਰਿਕਤਾ ਲਈ ਯੋਗ ਨਹੀਂ ਸਨ।

ਸਰਕਾਰ ਮੁਤਾਬਕ ਇਨ੍ਹਾਂ 10 ਮਾਮਲਿਆਂ ਵਿਚ ਬੱਚਿਆਂ ਨਾਲ ਜਿਨਸੀ ਸ਼ੋਸ਼ਣ, ਮੈਡੀਕੇਅਰ ਅਤੇ ਵਾਇਰ ਫਰਾਡ, ਇਮੀਗ੍ਰੇਸ਼ਨ ਧੋਖਾਧੜੀ, ਨਸ਼ਾ ਤਸਕਰੀ ਦੀ ਸਾਜ਼ਿਸ਼ ਅਤੇ ਝੂਠੀ ਪਹਿਚਾਣ ਵਰਗੇ ਗੰਭੀਰ ਦੋਸ਼ ਸ਼ਾਮਲ ਹਨ। ਕੁਝ ਲੋਕਾਂ 'ਤੇ ਇਹ ਵੀ ਦੋਸ਼ ਹੈ ਕਿ ਉਨ੍ਹਾਂ ਨੇ ਨੈਚੁਰਲਾਈਜ਼ੇਸ਼ਨ ਅਰਜ਼ੀ ਦੌਰਾਨ ਪਹਿਲਾਂ ਹੋਏ ਅਪਰਾਧਾਂ ਜਾਂ ਗ੍ਰਿਫ਼ਤਾਰੀਆਂ ਬਾਰੇ ਜਾਣਕਾਰੀ ਨਹੀਂ ਦਿੱਤੀ। ਇੱਕ ਕੇਸ ਵਿਚ ਦੋਸ਼ ਹੈ ਕਿ ਇੱਕ ਵਿਅਕਤੀ ਨੇ ਅਮਰੀਕੀ ਨਾਗਰਿਕ ਬਣਨ ਤੋਂ ਪਹਿਲਾਂ ਲਗਭਗ 8.86 ਲੱਖ ਡਾਲਰ ਦੀ ਮੈਡੀਕੇਅਰ ਧੋਖਾਧੜੀ ਵਿਚ ਭੂਮਿਕਾ ਨਿਭਾਈ ਸੀ। ਇੱਕ ਹੋਰ ਮਾਮਲੇ ਵਿਚ ਵਾਸ਼ਿੰਗਟਨ ਡੀ.ਸੀ. ਦੇ ਇੱਕ ਪਾਦਰੀ ਨੂੰ ਨਾਬਾਲਗਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਹੋਰ ਮਾਮਲਿਆਂ ਵਿਚ ਝੂਠੀ ਪਹਿਚਾਣ, ਇਮੀਗ੍ਰੇਸ਼ਨ ਧੋਖਾਧੜੀ ਅਤੇ ਨਸ਼ਾ ਤਸਕਰੀ ਨਾਲ ਜੁੜੇ ਦੋਸ਼ ਸ਼ਾਮਲ ਹਨ। ਇਹ ਸਾਰੇ ਮਾਮਲੇ ਫਲੋਰਿਡਾ, ਟੈਕਸਾਸ, ਜਾਰਜੀਆ, ਵਾਸ਼ਿੰਗਟਨ ਅਤੇ ਯੂਟਾਹ ਦੀਆਂ ਫੈਡਰਲ ਅਦਾਲਤਾਂ ਵਿਚ ਦਾਇਰ ਕੀਤੇ ਗਏ ਹਨ। ਹਾਲਾਂਕਿ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ

> **ਅਮਰੀਕੀ ਨਾਗਰਿਕਤਾ ਧੋਖਾਧੜੀ ਜਾਂ ਮਹੱਤਵਪੂਰਨ ਤੱਥ ਲੁਕਾ ਕੇ ਹਾਸਲ ਕਰਨ ਦੇ ਦੋਸ਼**

ਸਿਵਲ ਡੀਨੈਚੁਰਲਾਈਜ਼ੇਸ਼ਨ ਕੇਸ ਹਨ ਅਤੇ ਅਦਾਲਤ ਵੱਲੋਂ ਫੈਸਲਾ ਆਉਣ ਤੱਕ ਕਿਸੇ ਵੀ ਵਿਅਕਤੀ ਨੂੰ ਦੋਸ਼ੀ ਨਹੀਂ ਮੰਨਿਆ ਜਾ ਸਕਦਾ।

ਅਮਰੀਕੀ ਕਾਨੂੰਨ ਇਮੀਗ੍ਰੇਸ਼ਨ ਐਂਡ ਨੈਸ਼ਨੇਲਿਟੀ ਐਕਟ ਦੀ ਧਾਰਾ 8 ਯੂ.ਐੱਸ.ਸੀ. 1451 ਅਧੀਨ ਜੇਕਰ ਕੋਈ ਵਿਅਕਤੀ ਧੋਖਾਧੜੀ, ਝੂਠੀ ਜਾਣਕਾਰੀ ਜਾਂ ਮਹੱਤਵਪੂਰਨ ਤੱਥ ਲੁਕਾ ਕੇ ਨਾਗਰਿਕਤਾ ਹਾਸਲ ਕਰਦਾ ਹੈ, ਤਾਂ ਸਰਕਾਰ ਉਸ ਦੀ ਨਾਗਰਿਕਤਾ ਰੱਦ ਕਰਨ ਲਈ ਅਦਾਲਤ ਵਿਚ ਅਰਜ਼ੀ ਦੇ ਸਕਦੀ ਹੈ।

ਇਸਦੇ ਨਾਲ ਹੀ ਸਿਰਾਕਿਊਜ਼ ਯੂਨੀਵਰਸਿਟੀ ਦੇ ਟ੍ਰਾਂਜੈਕਸ਼ਨਲ ਰਿਕਾਰਡਸ ਐਕਸੈਸ ਕਲੀਅਰਿੰਗਹਾਊਸ (ਟੀ.ਆਰ.ਏ.ਸੀ.) ਦੀ ਹਾਲੀਆ ਰਿਪੋਰਟ ਮੁਤਾਬਕ ਟਰੰਪ ਪ੍ਰਸ਼ਾਸਨ ਦੌਰਾਨ ਨਾਗਰਿਕਤਾ ਰੱਦ ਕਰਨ ਵਾਲੇ ਕੇਸਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਮਈ 2026 ਵਿਚ ਘੱਟੋ-ਘੱਟ 15 ਅਤੇ ਜੂਨ 2026 ਦੇ ਪਹਿਲੇ ਅੱਧ ਵਿਚ 18 ਨਵੇਂ ਡੀਨੈਚੁਰਲਾਈਜ਼ੇਸ਼ਨ ਕੇਸ ਦਾਇਰ ਕੀਤੇ ਗਏ। 2008 ਤੋਂ 12 ਜੂਨ 2026 ਤੱਕ ਕੁੱਲ 166 ਅਜਿਹੇ ਕੇਸ ਦਰਜ ਹੋਏ ਹਨ, ਜਦਕਿ ਪਿਛਲੇ ਕਈ ਸਾਲਾਂ ਦੌਰਾਨ ਇਹ ਗਿਣਤੀ ਬਹੁਤ ਘੱਟ ਰਹੀ ਸੀ।

ਟੀ.ਆਰ.ਏ.ਸੀ. ਨੇ ਇਹ ਵੀ ਕਿਹਾ ਹੈ ਕਿ ਜ਼ਿਆਦਾਤਰ ਕੇਸ ਗੰਭੀਰ ਧੋਖਾਧੜੀ ਜਾਂ ਅਪਰਾਧਾਂ ਨਾਲ ਸਬੰਧਤ ਹਨ, ਪਰ ਜੇਕਰ ਸਰਕਾਰ ਆਪਣੀ ਕਾਰਵਾਈ ਦਾ ਦਾਇਰਾ ਹੋਰ ਵਧਾਉਂਦੀ ਹੈ, ਤਾਂ ਭਵਿੱਖ ਵਿਚ ਘੱਟ ਗੰਭੀਰ ਉਲੰਘਣਾਵਾਂ ਜਾਂ ਅਰਜ਼ੀ ਵਿਚ ਗਲਤ ਜਾਣਕਾਰੀ ਦੇਣ ਵਾਲੇ ਮਾਮਲੇ ਵੀ ਅਦਾਲਤ ਤੱਕ ਪਹੁੰਚ ਸਕਦੇ ਹਨ।

# ਐੱਸ.ਐੱਸ.ਆਈ. ਲੈਣ ਵਾਲਿਆਂ ਲਈ ਨਵਾਂ ਨਿਯਮ: ਬੈਂਕ ਖਾਤਿਆਂ ਦੀ ਹੋਵੇਗੀ ਆਟੋਮੈਟਿਕ ਜਾਂਚ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਸੋਸ਼ਲ ਸਕਿਓਰਿਟੀ ਐਡਮਿਨਿਸਟ੍ਰੇਸ਼ਨ (ਐੱਸ.ਐੱਸ.ਏ.) ਨੇ ਸਪਲੀਮੈਂਟਲ ਸਕਿਓਰਿਟੀ ਇਨਕਮ (ਐੱਸ.ਐੱਸ.ਆਈ.) ਲਈ ਅਰਜ਼ੀ ਦੇਣ ਵਾਲਿਆਂ ਦੀ ਵਿੱਤੀ ਜਾਣਕਾਰੀ ਦੀ ਜਾਂਚ ਹੋਰ ਸਖ਼ਤ ਕਰ ਦਿੱਤੀ ਹੈ। ਹੁਣ ਲਗਭਗ ਹਰ ਨਵੇਂ ਐੱਸ.ਐੱਸ.ਆਈ. ਅਰਜ਼ੀਕਾਰ ਦੇ ਬੈਂਕ ਖਾਤਿਆਂ ਦੀ ਅਸੈਸ ਟੂ ਫਾਈਨੈਂਸ਼ੀਅਲ ਇੰਸਟੀਚਿਊਸ਼ਨਸ (ਏ.ਐੱਫ.ਆਈ.) ਸਿਸਟਮ ਰਾਹੀਂ ਇਲੈਕਟ੍ਰਾਨਿਕ ਤਸਦੀਕ ਕੀਤੀ ਜਾਵੇਗੀ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਰਜ਼ੀ ਵਿਚ ਦਿੱਤੀ ਗਈ ਸੰਪਤੀ ਅਤੇ ਬੈਂਕ ਬੈਲੈਂਸ ਦੀ ਜਾਣਕਾਰੀ




ਸਹੀ ਹੈ।

ਐੱਸ.ਐੱਸ.ਏ. ਦਾ ਕਹਿਣਾ ਹੈ ਕਿ ਇਸ ਕਦਮ ਦਾ ਉਦੇਸ਼ ਗਲਤ ਭੁਗਤਾਨਾਂ ਨੂੰ ਰੋਕਣਾ ਅਤੇ ਉਨ੍ਹਾਂ ਖਾਤਿਆਂ ਦੀ ਪਛਾਣ ਕਰਨਾ ਹੈ, ਜੋ ਅਰਜ਼ੀਕਾਰਾਂ ਵੱਲੋਂ ਜ਼ਾਹਰ ਨਹੀਂ ਕੀਤੇ ਗਏ। ਜੇਕਰ ਜਾਂਚ ਦੌਰਾਨ ਅਣਦੱਸੇ ਬੈਂਕ ਖਾਤੇ ਜਾਂ ਵਾਧੂ ਸੰਪਤੀ ਮਿਲਦੀ ਹੈ, ਤਾਂ ਐੱਸ.ਐੱਸ.ਆਈ. ਲਾਭ ਰੱਦ ਹੋ ਸਕਦੇ ਹਨ ਜਾਂ ਭੁਗਤਾਨ ਵਿਚ ਦੇਰੀ ਹੋ ਸਕਦੀ ਹੈ।

ਇਹ ਧਿਆਨ ਰਹੇ ਕਿ ਇਹ ਨਿਯਮ ਸਾਰੇ ਸੋਸ਼ਲ ਸਕਿਓਰਿਟੀ ਲਾਭਪਾਤਰੀਆਂ 'ਤੇ ਨਹੀਂ, ਸਗੋਂ ਮੁੱਖ ਤੌਰ 'ਤੇ ਸਪਲੀਮੈਂਟਲ ਸਕਿਓਰਿਟੀ ਇਨਕਮ (ਐੱਸ.ਐੱਸ.ਆਈ.) ਲਈ ਅਰਜ਼ੀ ਦੇਣ ਵਾਲਿਆਂ ਅਤੇ ਕੁਝ ਮੌਜੂਦਾ ਐੱਸ.ਐੱਸ.ਆਈ. ਲਾਭਪਾਤਰੀਆਂ 'ਤੇ ਲਾਗੂ ਹੁੰਦਾ ਹੈ। ਐੱਸ.ਐੱਸ.ਆਈ. ਉਹ ਪ੍ਰੋਗਰਾਮ ਹੈ, ਜੋ ਘੱਟ ਆਮਦਨ ਅਤੇ ਸੀਮਤ ਸੰਪਤੀ ਵਾਲੇ ਬਜ਼ੁਰਗਾਂ, ਨਜ਼ਰੋਂ ਵਾਂਝੇ ਅਤੇ ਅਪਾਹਜ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ।

## ਅਮਰੀਕਾ ਵੱਲੋਂ ਸਾਊਦੀ ਅਰਬ ਨੂੰ ਯੂਰੇਨੀਅਮ ਸੰਸ਼ੋਧਨ ਲਈ ਮੁੱਢਲੀ ਪ੍ਰਵਾਨਗੀ

**ਮਾਸਕੋ, (ਪੰਜਾਬ ਮੇਲ)-** ਅਮਰੀਕਾ ਨੇ ਸਾਊਦੀ ਅਰਬ ਨੂੰ ਯੂਰੇਨੀਅਮ ਸੰਸ਼ੋਧਨ ਲਈ ਮੁੱਢਲੀ ਪ੍ਰਵਾਨਗੀ ਦੇ ਦਿੱਤੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਮੌਜੂਦਾ ਡਰਾਫਟ ਸਮਝੌਤੇ ਵਿਚ ਪ੍ਰਮਾਣੂ ਹਥਿਆਰਾਂ ਦੇ ਵਿਕਾਸ ਨੂੰ ਰੋਕਣ ਵਾਲੇ ਕੋਈ ਵੀ ਪਾਬੰਦੀਸ਼ੁਦਾ ਪ੍ਰਬੰਧ ਸ਼ਾਮਲ ਨਹੀਂ ਹਨ। ਸੀ.ਐੱਨ.ਐੱਨ ਨੇ ਦਸਤਾਵੇਜ਼ਾਂ ਅਤੇ ਮਾਮਲੇ ਤੋਂ ਜਾਣੂ ਸਰੋਤਾਂ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਸਾਊਦੀ ਅਰਬ ਦੇ ਸ਼ਾਂਤੀਪੂਰਨ ਪ੍ਰਮਾਣੂ ਪ੍ਰੋਗਰਾਮ ਲਈ ਅਮਰੀਕੀ ਸਹਿਯੋਗ ਨਾਲ ਸਬੰਧਤ ਡਰਾਫਟ ਸਮਝੌਤਾ ਅਜੇ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖਤ ਦੀ ਉਡੀਕ ਕਰ ਰਿਹਾ ਹੈ, ਹਾਲਾਂਕਿ ਗੱਲਬਾਤ ਅਕਤੂਬਰ 2025 ਵਿਚ ਪੂਰੀ ਹੋ ਗਈ ਸੀ। ਰਿਪੋਰਟ ਅਨੁਸਾਰ ਅਮਰੀਕਾ ਅਤੇ ਸਾਊਦੀ ਅਰਬ ਵਿਚਕਾਰ ਪ੍ਰਸਤਾਵਿਤ '123 ਸਮਝੌਤਾ' ਇੱਕ ਢਾਂਚਾ ਸਮਝੌਤਾ ਹੈ, ਜਿਸ ਦੇ ਤਹਿਤ ਅਮਰੀਕੀ ਕੰਪਨੀਆਂ ਜਾਂ ਅਮਰੀਕੀ ਸਰਕਾਰ ਸਾਊਦੀ ਅਰਬ ਨੂੰ ਪ੍ਰਮਾਣੂ ਸਮੱਗਰੀ ਅਤੇ ਤਕਨਾਲੋਜੀ ਪ੍ਰਦਾਨ ਕਰੇਗੀ।

# ਟਰੰਪ ਪ੍ਰਸ਼ਾਸਨ ਵੱਲੋਂ ਡਿਪੋਰਟੇਸ਼ਨ ਮੁਹਿੰਮ ਲਈ 30 ਸਾਲ ਪੁਰਾਣੀ ਵਿਸ਼ੇਸ਼ ਅਦਾਲਤ ਦਾ ਸਹਾਰਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਆਪਣੀ ਡਿਪੋਰਟੇਸ਼ਨ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਇੱਕ ਅਜਿਹੀ ਫੈਡਰਲ ਅਦਾਲਤ ਦਾ ਰੁਖ ਕੀਤਾ ਹੈ, ਜਿਸਦੀ ਸਥਾਪਨਾ 1996 ਵਿਚ ਹੋਈ ਸੀ ਪਰ ਅੱਜ ਤੱਕ ਉਸ ਵਿਚ ਇੱਕ ਵੀ ਕੇਸ ਨਹੀਂ ਸੁਣਿਆ ਗਿਆ ਸੀ। ਅਮਰੀਕੀ ਨਿਆਂ ਵਿਭਾਗ (ਡੀ.ਓ.ਜੇ.) ਨੇ ਪਹਿਲੀ ਵਾਰ ਏਲੀਅਨ ਟੈਰਰਿਸਟ ਰਿਮੂਵਲ ਕੋਰਟ (ਏ.ਟੀ.ਆਰ.ਸੀ.) ਵਿਚ ਇੱਕ ਗੈਰ-ਅਮਰੀਕੀ ਨਾਗਰਿਕ ਨੂੰ ਦੇਸ਼ ਨਿਕਾਲਾ ਦੇਣ ਲਈ ਅਰਜ਼ੀ ਦਾਇਰ ਕੀਤੀ ਹੈ।



ਇਹ ਵਿਸ਼ੇਸ਼ ਅਦਾਲਤ ਉਨ੍ਹਾਂ ਮਾਮਲਿਆਂ ਲਈ ਬਣਾਈ ਗਈ ਸੀ, ਜਿੱਥੇ ਸਰਕਾਰ ਦਾ ਦਾਅਵਾ ਹੋਵੇ ਕਿ ਕੋਈ ਗੈਰ-ਨਾਗਰਿਕ ਦਹਿਸ਼ਤਗਰਦੀ ਨਾਲ ਜੁੜਿਆ ਹੋ ਸਕਦਾ ਹੈ ਅਤੇ ਖੁੱਲ੍ਹੀ ਇਮੀਗ੍ਰੇਸ਼ਨ ਅਦਾਲਤ ਵਿਚ ਕੇਸ ਚਲਾਉਣ ਨਾਲ ਰਾਸ਼ਟਰੀ ਸੁਰੱਖਿਆ ਨਾਲ ਸੰਬੰਧਿਤ ਗੁਪਤ ਜਾਣਕਾਰੀ ਸਾਹਮਣੇ ਆ ਸਕਦੀ ਹੈ। ਇਸ ਪ੍ਰਕਿਰਿਆ ਅਧੀਨ ਕੁਝ ਸਬੂਤ ਗੁਪਤ ਰੱਖੇ ਜਾ ਸਕਦੇ ਹਨ।

ਨਿਆਂ ਵਿਭਾਗ ਨੇ ਜਿਸ ਵਿਅਕਤੀ ਖ਼ਿਲਾਫ਼ ਅਰਜ਼ੀ ਦਾਇਰ ਕੀਤੀ ਹੈ, ਉਸ ਦੀ ਪਛਾਣ ਜਨਤਕ ਨਹੀਂ ਕੀਤੀ ਗਈ। ਹਾਲਾਂਕਿ, ਅਦਾਲਤ ਦੀ ਮੁੱਖ ਜੱਜ ਜੋਆਨ ਐਰਿਕਸਨ ਨੇ ਸਰਕਾਰ ਤੋਂ ਹੋਰ ਸਪੱਸ਼ਟੀਕਰਨ ਮੰਗਿਆ ਹੈ। ਜੱਜ ਨੇ ਕਿਹਾ ਕਿ ਸਰਕਾਰ ਨੂੰ ਇਹ ਸਪੱਸ਼ਟ ਕਰਨਾ ਹੋਵੇਗਾ ਕਿ ਪੇਸ਼ ਕੀਤੇ ਗਏ ਤੱਥ ਕਾਨੂੰਨ ਦੀਆਂ ਸੰਬੰਧਿਤ ਧਾਰਾਵਾਂ ਨਾਲ ਕਿਵੇਂ ਮੇਲ ਖਾਂਦੇ ਹਨ। ਡੀ.ਓ.ਜੇ. ਨੂੰ ਇਸ ਬਾਰੇ ਵਾਧੂ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ।

ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਸਰਕਾਰ ਇਸ ਮਾਮਲੇ ਵਿਚ ਕਾਮਯਾਬ ਰਹਿੰਦੀ ਹੈ, ਤਾਂ ਟਰੰਪ ਪ੍ਰਸ਼ਾਸਨ ਨੂੰ ਦਹਿਸ਼ਤਗਰਦੀ ਦੇ ਸ਼ੱਕ ਵਾਲੇ ਕੁਝ ਗੈਰ-ਨਾਗਰਿਕਾਂ ਨੂੰ ਡਿਪੋਰਟ ਕਰਨ ਲਈ ਇੱਕ ਨਵਾਂ ਕਾਨੂੰਨੀ ਰਸਤਾ ਮਿਲ ਸਕਦਾ ਹੈ। ਹਾਲਾਂਕਿ, ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਅਦਾਲਤ ਵੱਡੇ ਪੱਧਰ 'ਤੇ ਡਿਪੋਰਟੇਸ਼ਨ ਮੁਹਿੰਮ ਚਲਾਉਣ ਲਈ ਨਹੀਂ ਬਣਾਈ ਗਈ ਅਤੇ ਇਸਦੀ ਵਰਤੋਂ ਸੀਮਤ ਮਾਮਲਿਆਂ ਵਿਚ ਹੀ ਹੋ ਸਕਦੀ ਹੈ।

# ਅਮਰੀਕਾ ਵੱਲੋਂ ਦੁਨੀਆਂ ਭਰ ਦੇ ਅਮਰੀਕੀਆਂ ਲਈ ਦੁਰਲੱਭ 'ਵਿਸ਼ਵਵਿਆਪੀ ਚੇਤਾਵਨੀ' ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਮੰਤਰਾਲੇ ਨੇ ਦੁਨੀਆਂ ਭਰ 'ਚ ਰਹਿ ਰਹੇ ਅਤੇ ਵਿਦੇਸ਼ ਯਾਤਰਾ ਕਰ ਰਹੇ ਅਮਰੀਕੀ ਨਾਗਰਿਕਾਂ ਲਈ ਇੱਕ ਦੁਰਲੱਭ "ਵਿਸ਼ਵਵਿਆਪੀ ਚੇਤਾਵਨੀ" ਜਾਰੀ ਕੀਤਾ ਹੈ। ਇਹ ਚੇਤਾਵਨੀ ਮੱਧ ਪੂਰਬ ਵਿਚ ਅਮਰੀਕਾ ਅਤੇ ਇਰਾਨ ਵਿਚਾਲੇ ਵਧ ਰਹੇ ਤਣਾਅ ਦੇ ਮੱਦੇਨਜ਼ਰ ਜਾਰੀ ਕੀਤੀ ਗਈ ਹੈ। ਵਿਭਾਗ ਨੇ ਕਿਹਾ ਹੈ ਕਿ ਸੁਰੱਖਿਆ ਸਥਿਤੀ ਤੇਜ਼ੀ ਨਾਲ ਬਦਲ ਸਕਦੀ ਹੈ ਅਤੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਅਮਰੀਕੀ ਨਾਗਰਿਕਾਂ, ਦੂਤਾਵਾਸਾਂ ਅਤੇ ਅਮਰੀਕੀ ਹਿਤਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

ਸਟੇਟ ਡਿਪਾਰਟਮੈਂਟ ਨੇ ਆਪਣੇ ਅਧਿਕਾਰਕ ਬਿਆਨ ਵਿਚ ਕਿਹਾ ਕਿ ਮੱਧ ਪੂਰਬ ਵਿਚ ਵਧੇ ਹੋਏ ਤਣਾਅ ਕਾਰਨ ਅਣਕਿਆਸੀ ਸੁਰੱਖਿਆ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ। ਵਿਭਾਗ ਨੇ ਖ਼ਾਸ ਤੌਰ 'ਤੇ ਕਿਹਾ ਹੈ ਕਿ ਇਰਾਨ ਸਮਰਥਕ ਗਰੁੱਪ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਅਮਰੀਕੀ ਨਾਗਰਿਕਾਂ, ਅਮਰੀਕੀ ਕਾਰੋਬਾਰਾਂ ਜਾਂ ਅਮਰੀਕੀ ਸਰਕਾਰੀ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ।

> **ਯਾਤਰੀਆਂ ਨੂੰ ਵਧੇਰੇ ਸਾਵਧਾਨ ਰਹਿਣ ਦੀ ਸਲਾਹ**

ਇਸ ਲਈ ਵਿਦੇਸ਼ਾਂ ਵਿਚ ਰਹਿ ਰਹੇ ਜਾਂ ਯਾਤਰਾ ਕਰ ਰਹੇ ਸਾਰੇ ਅਮਰੀਕੀਆਂ ਨੂੰ ਵਧੇਰੇ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ ਹੈ।

ਇਹ ਚੇਤਾਵਨੀ ਉਸ ਸਮੇਂ ਆਈ ਹੈ, ਜਦੋਂ ਜਾਰਡਨ ਵਿਚ ਇਰਾਨ ਨਾਲ ਜੁੜੇ ਹਮਲੇ ਵਿਚ ਦੋ ਅਮਰੀਕੀ ਸੈਨਿਕ ਮਾਰੇ ਗਏ ਸਨ, ਜਿਸ ਤੋਂ ਬਾਅਦ ਅਮਰੀਕਾ ਨੇ ਇਰਾਨ ਦੇ ਮਿਜ਼ਾਈਲ, ਡਰੋਨ ਅਤੇ ਹਵਾਈ ਰੱਖਿਆ ਠਿਕਾਣਿਆਂ 'ਤੇ ਕਾਰਵਾਈ ਕੀਤੀ। ਇਰਾਨ ਨੇ ਇਸ ਦਾ ਜਵਾਬ ਦੇਣ ਦੀ ਚੇਤਾਵਨੀ ਦਿੱਤੀ ਹੈ, ਜਿਸ ਕਾਰਨ ਪੂਰੇ ਖੇਤਰ ਵਿਚ ਤਣਾਅ ਹੋਰ ਵੱਧ ਗਿਆ ਹੈ।

ਸਟੇਟ ਡਿਪਾਰਟਮੈਂਟ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਮੱਧ ਪੂਰਬ ਦੇ ਕਈ ਦੇਸ਼ਾਂ ਵਿਚ ਹਵਾਈ ਅੱਡਿਆਂ, ਸਮੁੰਦਰੀ ਬੰਦਰਗਾਹਾਂ ਅਤੇ ਵੱਡੇ ਸ਼ਹਿਰੀ ਇਲਾਕਿਆਂ ਦੀ ਸੁਰੱਖਿਆ ਹੋਰ ਕੜੀ ਕੀਤੀ ਜਾ ਰਹੀ ਹੈ। ਉਡਾਣਾਂ ਰੱਦ ਹੋਣ, ਹਵਾਈ ਖੇਤਰ ਅਚਾਨਕ ਬੰਦ ਹੋਣ ਅਤੇ ਯਾਤਰਾ ਵਿਚ ਦੇਰੀ ਵਰਗੀਆਂ ਸਮੱਸਿਆਵਾਂ ਵੀ ਸਾਹਮਣੇ ਆ ਸਕਦੀਆਂ ਹਨ।

ਸਟੇਟ ਡਿਪਾਰਟਮੈਂਟ ਨੇ ਵਿਦੇਸ਼ਾਂ ਵਿਚ ਰਹਿ ਰਹੇ ਅਮਰੀਕੀਆਂ ਨੂੰ ਸਮਾਰਟ ਟਰੈਵਲਰ ਇਨਰੋਲਮੈਂਟ ਪ੍ਰੋਗਰਾਮ (ਐੱਸ.ਟੀ.ਈ.ਪੀ.) ਵਿਚ ਰਜਿਸਟਰ ਕਰਨ, ਆਪਣੇ ਨਜ਼ਦੀਕੀ ਅਮਰੀਕੀ ਦੂਤਾਵਾਸ ਦੀਆਂ ਸੁਰੱਖਿਆ ਸੂਚਨਾਵਾਂ 'ਤੇ ਨਜ਼ਰ ਰੱਖਣ, ਯਾਤਰਾ ਤੋਂ ਪਹਿਲਾਂ ਏਅਰਲਾਈਨ ਨਾਲ ਉਡਾਣ ਦੀ ਪੁਸ਼ਟੀ ਕਰਨ ਅਤੇ ਅਮਰੀਕੀ ਦੂਤਾਵਾਸਾਂ, ਸਰਕਾਰੀ ਇਮਾਰਤਾਂ ਅਤੇ ਵੱਡੀਆਂ ਜਨਤਕ ਭੀੜਾਂ ਦੇ ਨੇੜੇ ਵਧੇਰੇ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ।

ਹਾਲਾਂਕਿ ਅਮਰੀਕੀ ਸਰਕਾਰ ਨੇ ਅਜੇ ਤੱਕ ਕਿਸੇ ਵੀ ਦੇਸ਼ ਲਈ ਵਿਸ਼ਵ ਪੱਧਰੀ ਯਾਤਰਾ ਪਾਬੰਦੀ ਜਾਂ ਆਮ ਨਿਕਾਸੀ ਦਾ ਹੁਕਮ ਜਾਰੀ ਨਹੀਂ ਕੀਤਾ, ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਦੇਸ਼ ਯਾਤਰਾ ਕਰਨ ਵਾਲੇ ਹਰ ਅਮਰੀਕੀ ਨੂੰ ਆਪਣੀ ਮੰਜ਼ਿਲ ਨਾਲ ਸੰਬੰਧਿਤ ਤਾਜ਼ਾ ਯਾਤਰਾ ਸਲਾਹਾਂ ਅਤੇ ਸੁਰੱਖਿਆ ਅਪਡੇਟਾਂ 'ਤੇ ਲਗਾਤਾਰ ਨਜ਼ਰ ਰੱਖਣੀ ਚਾਹੀਦੀ ਹੈ।

# ਕੈਲੀਫੋਰਨੀਆ ’ਚ ਭਿਆਨਕ ਟਰੱਕ ਹਾਦਸੇ ’ਚ 3 ਮੌਤਾਂ

**■ ਭਾਰਤੀ ਮੂਲ ਦੇ ਡਰਾਈਵਰ ਜਸ਼ਨਪ੍ਰੀਤ ਸਿੰਘ ਨੂੰ 4 ਸਾਲ 8 ਮਹੀਨੇ ਦੀ ਕੈਦ**

ਸੈਨ ਬਰਨਾਰਡੀਨੋ (ਕੈਲੀਫੋਰਨੀਆ), (ਪੰਜਾਬ ਮੇਲ)- ਦੱਖਣੀ ਕੈਲੀਫੋਰਨੀਆ ਦੇ ਇੰਟਰਸਟੇਟ-10 ਉੱਤੇ ਹੋਏ ਇੱਕ ਭਿਆਨਕ ਸੈਮੀਟਰੱਕ ਹਾਦਸੇ ਵਿਚ ਤਿੰਨ ਲੋਕਾਂ ਦੀ ਮੌਤ ਦੇ ਮਾਮਲੇ ਵਿਚ ਭਾਰਤੀ ਮੂਲ ਦੇ 21 ਸਾਲਾ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨੂੰ ਚਾਰ ਸਾਲ ਅਤੇ ਅੱਠ ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਅਧਿਕਾਰੀਆਂ ਅਨੁਸਾਰ ਇਹ ਹਾਦਸਾ ਅਕਤੂਬਰ 2025 ਵਿਚ ਉਸ ਸਮੇਂ ਵਾਪਰਿਆ ਸੀ, ਜਦੋਂ ਜਸ਼ਨਪ੍ਰੀਤ ਵੱਲੋਂ ਚਲਾਇਆ ਜਾ ਰਿਹਾ ਭਾਰੀ ਟਰੱਕ ਹੌਲੀ ਚੱਲ ਰਹੀ ਟ੍ਰੈਫਿਕ ਵਿਚ ਜਾ ਵੱਜਿਆ ਸੀ।

ਰਿਪੋਰਟਾਂ ਅਨੁਸਾਰ ਜਸ਼ਨਪ੍ਰੀਤ ਸਿੰਘ ਨੇ ਘੋਰ ਲਾਪ੍ਰਵਾਹੀ ਨਾਲ ਵਾਹਨ ਚਲਾਉਣ ਕਾਰਨ ਹੋਈਆਂ ਮੌਤਾਂ ਨਾਲ ਸਬੰਧਤ ਵਾਹਨ ਹੱਤਿਆ ਦੇ ਤਿੰਨ ਗੰਭੀਰ ਦੋਸ਼ਾਂ ਨੂੰ ਅਦਾਲਤ ਵਿਚ ਸਵੀਕਾਰ ਕਰ ਲਿਆ ਸੀ। ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ ਚਾਰ ਸਾਲ ਅਤੇ ਅੱਠ ਮਹੀਨੇ ਕੈਦ ਦੀ ਸਜ਼ਾ ਸੁਣਾਈ।

ਇਹ ਹਾਦਸਾ 21 ਅਕਤੂਬਰ 2025 ਨੂੰ ਸੈਨ ਬਰਨਾਰਡੀਨੋ ਕਾਊਂਟੀ ਵਿਚ ਇੰਟਰਸਟੇਟ-10 ਫ੍ਰੀਵੇਅ ਉੱਤੇ ਵਾਪਰਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਜਸ਼ਨਪ੍ਰੀਤ ਸਿੰਘ ਦਾ ਸੈਮੀਟਰੱਕ ਅੱਗੇ ਹੌਲੀ ਹੋ ਰਹੀ ਟ੍ਰੈਫਿਕ ਨਾਲ ਬਹੁਤ ਤੇਜ਼ ਰਫ਼ਤਾਰ ਨਾਲ ਟਕਰਾ ਗਿਆ। ਟੱਕਰ ਤੋਂ ਬਾਅਦ ਕਈ ਵਾਹਨਾਂ ਨੂੰ ਅੱਗ ਲੱਗ ਗਈ ਅਤੇ ਮੌਕੇ ਉੱਤੇ ਭਿਆਨਕ ਹਾਲਾਤ ਪੈਦਾ ਹੋ ਗਏ।

ਇਸ ਹਾਦਸੇ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ, ਜਦਕਿ ਕਈ ਹੋਰ ਲੋਕ ਜ਼ਖ਼ਮੀ ਹੋਏ ਸਨ। ਐਮਰਜੈਂਸੀ ਕਰਮਚਾਰੀਆਂ ਅਤੇ ਅੱਗ ਬੁਝਾਊ ਵਿਭਾਗ ਦੀਆਂ ਟੀਮਾਂ ਨੇ ਮੌਕੇ ਉੱਤੇ ਪਹੁੰਚ ਕੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਅਤੇ ਵਾਹਨਾਂ ਵਿਚ ਲੱਗੀ ਅੱਗ ਉੱਤੇ ਕਾਬੂ ਪਾਇਆ ਸੀ।

ਹਾਦਸੇ ਦੀ ਡੈਸ਼ਕੈਮ ਵੀਡੀਓ ਵੀ ਜਾਂਚ ਦਾ ਇੱਕ ਮਹੱਤਵਪੂਰਨ ਹਿੱਸਾ ਬਣੀ। ਜਾਂਚ ਅਧਿਕਾਰੀਆਂ ਮੁਤਾਬਕ ਵੀਡੀਓ ਵਿਚ ਟਰੱਕ ਨੂੰ ਅੱਗੇ ਹੌਲੀ ਹੋ ਰਹੀ ਟ੍ਰੈਫਿਕ ਵੱਲ ਵਧਦਿਆਂ ਦੇਖਿਆ ਗਿਆ, ਪਰ ਟੱਕਰ ਤੋਂ ਪਹਿਲਾਂ ਉਸ ਦੇ ਬ੍ਰੇਕ ਲੱਗਣ ਦੇ ਕੋਈ ਸਪੱਸ਼ਟ ਸੰਕੇਤ ਨਜ਼ਰ ਨਹੀਂ ਆਏ। ਅਧਿਕਾਰੀਆਂ ਦਾ ਦਾਅਵਾ ਸੀ ਕਿ ਜਸ਼ਨਪ੍ਰੀਤ ਸਿੰਘ ਨੇ ਟ੍ਰੈਫਿਕ ਵਿਚ ਵੱਜਣ ਤੋਂ ਪਹਿਲਾਂ ਸਮੇਂ ਸਿਰ ਬ੍ਰੇਕ ਨਹੀਂ ਲਗਾਈ।

ਜਾਂਚ ਦੌਰਾਨ ਡਰਾਈਵਰ ਦੇ ਖ਼ੂਨ ਅਤੇ ਹੋਰ ਨਮੂਨਿਆਂ ਦੀ ਜਾਂਚ ਵੀ ਕੀਤੀ ਗਈ ਸੀ। ਟਾਕਸੀਕੋਲੋਜੀ ਰਿਪੋਰਟ ਵਿਚ ਇਹ ਪੁਸ਼ਟੀ ਹੋਈ ਕਿ ਹਾਦਸੇ ਸਮੇਂ ਜਸ਼ਨਪ੍ਰੀਤ ਸਿੰਘ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਹੇਠ ਨਹੀਂ ਸੀ। ਇਸ ਲਈ ਮਾਮਲਾ ਨਸ਼ੇ ਵਿਚ ਡਰਾਈਵਿੰਗ ਦੀ ਬਜਾਏ ਘੋਰ ਲਾਪ੍ਰਵਾਹੀ ਨਾਲ ਵਾਹਨ ਚਲਾਉਣ ਉੱਤੇ ਕੇਂਦਰਿਤ ਰਿਹਾ।

ਸੰਘੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਸ਼ਨਪ੍ਰੀਤ ਸਿੰਘ ਭਾਰਤ ਦਾ ਨਾਗਰਿਕ ਹੈ ਅਤੇ ਮਾਰਚ 2022 ਵਿਚ ਅਮਰੀਕਾ ਦੀ ਦੱਖਣੀ ਸਰਹੱਦ ਰਾਹੀਂ ਦੇਸ਼ ਵਿਚ ਦਾਖ਼ਲ ਹੋਇਆ ਸੀ। ਰਿਪੋਰਟ ਮੁਤਾਬਕ ਉਸ ਨੂੰ ਕੈਲੀਫੋਰਨੀਆ ਦੇ ਐਲ ਸੈਂਟਰੋ ਬਾਰਡਰ ਪੈਟਰੋਲ ਸੈਕਟਰ ਵਿਚ ਅਧਿਕਾਰੀਆਂ ਨੇ ਰੋਕਿਆ ਸੀ ਅਤੇ ਇਮੀਗ੍ਰੇਸ਼ਨ ਸੁਣਵਾਈ ਦੀ ਉਡੀਕ ਦੌਰਾਨ ਅਮਰੀਕਾ ਦੇ ਅੰਦਰ ਛੱਡ ਦਿੱਤਾ ਗਿਆ ਸੀ।

ਫੌਕਸ ਨਿਊਜ਼ ਨੇ ਸੰਘੀ ਸੂਤਰਾਂ ਦੇ ਹਵਾਲੇ ਨਾਲ ਉਸ ਨੂੰ ਬਿਨਾਂ ਕਾਨੂੰਨੀ ਇਮੀਗ੍ਰੇਸ਼ਨ ਦਰਜੇ ਵਾਲਾ ਵਿਅਕਤੀ ਦੱਸਿਆ ਹੈ। ਹਾਲਾਂਕਿ ਉਸ ਦੇ ਇਮੀਗ੍ਰੇਸ਼ਨ ਕੇਸ ਦੀ ਪੂਰੀ ਅਦਾਲਤੀ ਸਥਿਤੀ ਅਤੇ ਉਸ ਸਮੇਂ ਲਾਗੂ ਵਰਕ ਪਰਮਿਟ ਜਾਂ ਹੋਰ ਦਸਤਾਵੇਜ਼ਾਂ ਬਾਰੇ ਵੱਖ-ਵੱਖ ਸੰਘੀ ਅਤੇ ਰਾਜ ਅਧਿਕਾਰੀਆਂ ਵੱਲੋਂ ਵੱਖਰੇ ਦਾਅਵੇ ਕੀਤੇ ਗਏ ਹਨ।

ਅਮਰੀਕੀ ਟਰਾਂਸਪੋਰਟੇਸ਼ਨ ਵਿਭਾਗ ਅਨੁਸਾਰ ਜਸ਼ਨਪ੍ਰੀਤ ਸਿੰਘ ਨੇ ਜੂਨ 2025 ਵਿਚ ਕੈਲੀਫੋਰਨੀਆ ਦਾ ਕਮਰਸ਼ੀਅਲ ਡਰਾਈਵਰ ਲਾਇਸੈਂਸ ਪ੍ਰਾਪਤ ਕੀਤਾ ਸੀ। ਇਹ ਲਾਇਸੈਂਸ ਭਾਰੀ ਵਪਾਰਕ ਵਾਹਨ ਅਤੇ ਸੈਮੀਟਰੱਕ ਚਲਾਉਣ ਲਈ ਲਾਜ਼ਮੀ ਹੁੰਦਾ ਹੈ।

## ਆਈਸ ਨੇ ਗਲਤ ਤਰੀਕੇ ਨਾਲ ਮਿਲਿਆ ਮੈਡੀਕੇਡ ਡਾਟਾ ਪੈਲੈਂਟਿਰ ਕੰਪਨੀ ਨਾਲ ਕੀਤਾ ਸਾਂਝਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਏਜੰਸੀ ਆਈਸ ਵੱਲੋਂ ਮੈਡੀਕੇਡ ਨਾਲ ਸਬੰਧਤ ਉਹ ਜਾਣਕਾਰੀ ਨਿੱਜੀ ਡਾਟਾ ਵਿਸ਼ਲੇਸ਼ਣ ਕੰਪਨੀ ਪੈਲੈਂਟਿਰ ਨਾਲ ਸਾਂਝੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜੋ ਏਜੰਸੀ ਨੂੰ ਕਥਿਤ ਤੌਰ ’ਤੇ ਅਦਾਲਤ ਵੱਲੋਂ ਮਨਜ਼ੂਰ ਕੀਤੀ ਹੱਦ ਤੋਂ ਬਾਹਰ ਮਿਲੀ ਸੀ। ਨੈਸ਼ਨਲ ਪਬਲਿਕ ਰੇਡੀਓ ਦੀ ਰਿਪੋਰਟ ਅਨੁਸਾਰ ਇਹ ਖੁਲਾਸਾ ਸੰਘੀ ਅਦਾਲਤ ਵਿਚ ਜਮ੍ਹਾਂ ਕਰਵਾਏ ਗਏ ਨਵੇਂ ਦਸਤਾਵੇਜ਼ਾਂ ਰਾਹੀਂ ਹੋਇਆ ਹੈ। 20 ਤੋਂ ਵੱਧ ਡੈਮੋਕ੍ਰੇਟਿਕ ਰਾਜਾਂ ਦੇ ਅਟਾਰਨੀ ਜਨਰਲਾਂ ਵੱਲੋਂ ਚੱਲ ਰਹੇ ਮੁਕੱਦਮੇ ਵਿਚ ਦਾਇਰ ਕੀਤੀ ਗਈ ਅਰਜ਼ੀ ਵਿਚ ਕਿਹਾ ਗਿਆ ਹੈ ਕਿ ਸੰਘੀ ਸਰਕਾਰ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਤੋਂ ਪੁਸ਼ਟੀ ਹੁੰਦੀ ਹੈ ਕਿ ਮੁਕੱਦਮਾ ਕਰਨ ਵਾਲੇ ਰਾਜਾਂ ਦਾ ਮੈਡੀਕੇਡ ਡਾਟਾ ਪੈਲੈਂਟਿਰ ਦੇ ਕਰਮਚਾਰੀਆਂ ਜਾਂ ਠੇਕੇਦਾਰਾਂ ਨਾਲ ਸਾਂਝਾ ਕੀਤਾ ਗਿਆ ਸੀ। ਇਹ ਰਾਜ ਮੈਡੀਕੇਡ ਜਾਣਕਾਰੀ ਨੂੰ ਇਮੀਗ੍ਰੇਸ਼ਨ ਕਾਰਵਾਈਆਂ ਲਈ ਵਰਤਣ ਵਾਸਤੇ ਸੈਂਟਰਜ਼ ਫਾਰ ਮੈਡੀਕੇਅਰ ਐਂਡ ਮੈਡੀਕੇਡ ਸਰਵਿਸਿਜ਼ ਅਤੇ ਆਈਸ ਵਿਚਕਾਰ ਹੋਏ ਡਾਟਾ ਸਾਂਝਾ ਸਮਝੌਤੇ ਨੂੰ ਚੁਣੌਤੀ ਦੇ ਰਹੇ ਹਨ। ਪੈਲੈਂਟਿਰ ਵੱਲੋਂ ਤਿਆਰ ਕੀਤੀ ਗਈ “ਐਨਹਾਂਸਡ ਲੀਡਜ਼ ਆਈਡੈਂਟੀਫਿਕੇਸ਼ਨ ਐਂਡ ਟਾਰਗੇਟਿੰਗ ਫਾਰ ਐਨਫੋਰਸਮੈਂਟ” ਨਾਮਕ ਐਪ, ਜਿਸ ਨੂੰ ਛੋਟੇ ਰੂਪ ਵਿਚ “ਇਲੀਟ” ਕਿਹਾ ਜਾਂਦਾ ਹੈ, ਆਈਸ ਅਧਿਕਾਰੀਆਂ ਵੱਲੋਂ ਵਰਤੀ ਜਾਂਦੀ ਹੈ। ਇਹ ਪ੍ਰਣਾਲੀ ਨਕਸ਼ੇ ਉੱਤੇ ਉਨ੍ਹਾਂ ਗੈਰ-ਨਾਗਰਿਕਾਂ ਦੇ ਸੰਭਾਵੀ ਪਤੇ ਦਿਖਾਉਂਦੀ ਹੈ, ਜਿਨ੍ਹਾਂ ਖ਼ਿਲਾਫ਼ ਦੇਸ਼ ਨਿਕਾਲੇ ਦੀ ਕਾਰਵਾਈ ਕੀਤੀ ਜਾ ਸਕਦੀ ਹੈ।

# ਅਮਰੀਕਾ ’ਚ ਘੜੀਆਂ ਬਦਲਣ ਦੀ ਪ੍ਰਥਾ ਹੋ ਸਕਦੀ ਹੈ ਖਤਮ !

**■ ਬਿੱਲ ਸੰਸਦ ਦੇ ਹੇਠਲੇ ਸਦਨ ਤੋਂ ਪਾਸ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਨੇ ਇੱਕ ਮਹੱਤਵਪੂਰਨ ਬਿੱਲ ਪਾਸ ਕਰ ਦਿੱਤਾ ਹੈ, ਜਿਸ ਨਾਲ ਪੂਰੇ ਸਾਲ ਡੇਲਾਈਟ ਸੇਵਿੰਗ ਟਾਈਮ ਲਾਗੂ ਰਹਿ ਸਕਦਾ ਹੈ। ਇਸ ਨਾਲ ਸਾਲ ਵਿਚ ਦੋ ਵਾਰ ਘੜੀਆਂ ਇੱਕ ਘੰਟਾ ਅੱਗੇ ਜਾਂ ਪਿੱਛੇ ਕਰਨ ਦੀ ਲੋੜ ਖ਼ਤਮ ਹੋ ਜਾਵੇਗੀ।

“ਸਨਸ਼ਾਈਨ ਪ੍ਰੋਟੈਕਸ਼ਨ ਐਕਟ” ਨਾਂ ਦਾ ਇਹ ਬਿੱਲ 14 ਜੁਲਾਈ 2026 ਨੂੰ 308 ਵੋਟਾਂ ਦੇ ਹੱਕ ਅਤੇ 117 ਵੋਟਾਂ ਦੇ ਵਿਰੋਧ ਨਾਲ ਪਾਸ ਹੋਇਆ। ਇਸ ਨੂੰ ਰਿਪਬਲਿਕਨ ਅਤੇ ਡੈਮੋਕ੍ਰੇਟ ਦੋਵਾਂ ਪਾਰਟੀਆਂ ਦੇ ਕਈ ਮੈਂਬਰਾਂ ਨੇ ਸਮਰਥਨ ਦਿੱਤਾ।

ਪਰ ਇਹ ਬਿੱਲ ਅਜੇ ਕਾਨੂੰਨ ਨਹੀਂ ਬਣਿਆ। ਹੁਣ ਇਸ ਨੂੰ ਅਮਰੀਕੀ ਸੈਨੇਟ ਵਿਚ ਪਾਸ ਹੋਣਾ ਜ਼ਰੂਰੀ ਹੈ। ਇਸ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖ਼ਤ ਹੋਣਗੇ। ਉਸ ਤੋਂ ਬਾਅਦ ਹੀ ਨਵਾਂ ਸਮਾਂ ਪੱਕੇ ਤੌਰ ’ਤੇ ਲਾਗੂ ਹੋਵੇਗਾ।

ਇਸ ਵੇਲੇ ਕੈਲੀਫੋਰਨੀਆ ਸਮੇਤ ਅਮਰੀਕਾ ਦੇ ਜ਼ਿਆਦਾਤਰ ਸੂਬਿਆਂ ਵਿਚ ਮਾਰਚ ਮਹੀਨੇ ਘੜੀਆਂ ਇੱਕ ਘੰਟਾ ਅੱਗੇ ਕੀਤੀਆਂ ਜਾਂਦੀਆਂ ਹਨ ਅਤੇ ਨਵੰਬਰ ਵਿਚ ਇੱਕ ਘੰਟਾ ਪਿੱਛੇ ਕੀਤੀਆਂ ਜਾਂਦੀਆਂ ਹਨ। ਬਿੱਲ ਕਾਨੂੰਨ ਬਣ ਗਿਆ, ਤਾਂ ਘੜੀਆਂ ਨੂੰ ਨਵੰਬਰ ਵਿਚ ਪਿੱਛੇ ਨਹੀਂ ਕਰਨਾ ਪਵੇਗਾ ਅਤੇ ਸ਼ਾਮ ਨੂੰ ਇੱਕ ਘੰਟਾ ਵੱਧ ਰੌਸ਼ਨੀ ਰਹੇਗੀ।

ਇਸ ਦਾ ਮਤਲਬ ਇਹ ਵੀ ਹੋਵੇਗਾ ਕਿ ਸਰਦੀਆਂ ਵਿਚ ਸਵੇਰ ਦੇ ਸਮੇਂ ਸੂਰਜ ਹੁਣ ਨਾਲੋਂ ਦੇਰ ਨਾਲ ਚੜ੍ਹੇਗਾ। ਕਈ ਇਲਾਕਿਆਂ ਵਿਚ ਬੱਚਿਆਂ ਨੂੰ ਸਕੂਲ ਜਾਂ ਵੱਡਿਆਂ ਨੂੰ ਕੰਮ ’ਤੇ ਜਾਂਦੇ ਸਮੇਂ ਹਨੇਰਾ ਹੋ ਸਕਦਾ ਹੈ। ਬਿੱਲ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਲੋਕ ਸਾਲ ਵਿਚ ਦੋ ਵਾਰ ਘੜੀਆਂ ਬਦਲਣ ਤੋਂ ਤੰਗ ਆ ਚੁੱਕੇ ਹਨ। ਉਨ੍ਹਾਂ ਅਨੁਸਾਰ ਸ਼ਾਮ ਨੂੰ ਵੱਧ ਰੌਸ਼ਨੀ ਮਿਲਣ ਨਾਲ ਲੋਕ ਬਾਹਰ ਵੱਧ ਸਮਾਂ ਬਿਤਾਉਣਗੇ, ਕਾਰੋਬਾਰ ਨੂੰ ਲਾਭ ਹੋ ਸਕਦਾ ਹੈ ਅਤੇ ਕੁਝ ਸੜਕ ਹਾਦਸੇ ਅਤੇ ਅਪਰਾਧ ਵੀ ਘੱਟ ਸਕਦੇ ਹਨ।

ਦੂਜੇ ਪਾਸੇ ਨੀਂਦ ਅਤੇ ਸਿਹਤ ਨਾਲ ਜੁੜੇ ਕੁਝ ਮਾਹਿਰ ਸਥਾਈ ਡੇਲਾਈਟ ਸੇਵਿੰਗ ਟਾਈਮ ਦੇ ਹੱਕ ਵਿਚ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਟੈਂਡਰਡ ਟਾਈਮ ਮਨੁੱਖੀ ਸਰੀਰ ਦੀ ਕੁਦਰਤੀ ਨੀਂਦ ਅਤੇ ਜਾਗਣ ਦੀ ਘੜੀ ਨਾਲ ਵੱਧ ਮੇਲ ਖਾਂਦਾ ਹੈ।


Global Allianz

LAW FIRM LLP

ਕਾਨੂੰਨੀ ਸਲਾਹਾਂ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA


555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਪ੍ਰਸ਼ਾਸਨ ਵੱਲੋਂ 'ਪਬਲਿਕ ਚਾਰਜ' ਦਾ ਬਾਇਡਨ-ਯੁੱਗ ਨਿਯਮ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ ਨੇ ਇਮੀਗ੍ਰੇਸ਼ਨ ਨਾਲ ਸਬੰਧਤ ਇੱਕ ਮਹੱਤਵਪੂਰਨ ਅੰਤਿਮ ਨਿਯਮ ਜਾਰੀ ਕਰਦਿਆਂ ਸਾਲ 2022 'ਚ ਬਾਇਡਨ ਪ੍ਰਸ਼ਾਸਨ ਵੱਲੋਂ ਲਾਗੂ ਕੀਤੀ ਗਈ "ਪਬਲਿਕ ਚਾਰਜ" ਨੀਤੀ ਨੂੰ ਰੱਦ ਕਰ ਦਿੱਤਾ ਹੈ। ਇਹ ਨਵਾਂ ਨਿਯਮ 18 ਸਤੰਬਰ 2026 ਤੋਂ ਲਾਗੂ ਹੋਵੇਗਾ ਅਤੇ ਇਸ ਤੋਂ ਬਾਅਦ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੇ ਅਧਿਕਾਰੀਆਂ ਨੂੰ ਗ੍ਰੀਨ ਕਾਰਡ ਜਾਂ ਸਟੇਟਸ ਐਡਜਸਟਮੈਂਟ ਲਈ ਅਰਜ਼ੀ ਦੇਣ ਵਾਲੇ ਵਿਅਕਤੀਆਂ ਦੀ ਆਰਥਿਕ ਸਥਿਤੀ ਅਤੇ ਹੋਰ ਸਬੰਧਤ ਹਾਲਾਤਾਂ ਦੀ ਵਧੇਰੇ ਵਿਸਥਾਰ ਨਾਲ ਜਾਂਚ ਕਰਨ ਦਾ ਅਧਿਕਾਰ ਮਿਲੇਗਾ।

ਅਮਰੀਕੀ ਇਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਅਨੁਸਾਰ ਕੋਈ ਵਿਦੇਸ਼ੀ ਨਾਗਰਿਕ ਅਮਰੀਕੀ ਵੀਜ਼ਾ, ਦੇਸ਼ ਵਿਚ ਦਾਖ਼ਲਾ ਜਾਂ ਸਥਾਈ ਨਿਵਾਸ ਲਈ ਅਯੋਗ ਮੰਨਿਆ ਜਾ ਸਕਦਾ ਹੈ, ਜੇਕਰ ਸਰਕਾਰ ਨੂੰ ਲੱਗੇ ਕਿ ਉਹ ਭਵਿੱਖ ਵਿਚ ਕਿਸੇ ਵੀ ਸਮੇਂ ਸਰਕਾਰੀ ਸਹਾਇਤਾ ਉੱਤੇ ਮੁੱਖ ਤੌਰ 'ਤੇ ਨਿਰਭਰ ਹੋ ਸਕਦਾ ਹੈ। ਅਜਿਹੇ ਵਿਅਕਤੀ ਨੂੰ ਇਮੀਗ੍ਰੇਸ਼ਨ ਕਾਨੂੰਨ ਵਿਚ "ਪਬਲਿਕ ਚਾਰਜ" ਬਣਨ ਦੀ ਸੰਭਾਵਨਾ ਵਾਲਾ ਮੰਨਿਆ ਜਾਂਦਾ ਹੈ।

**ਗ੍ਰੀਨ ਕਾਰਡ ਅਰਜ਼ੀਆਂ ਦੀ ਜਾਂਚ ਹੋ ਸਕਦੀ ਹੈ ਸਖ਼ਤ**



ਹੋਮਲੈਂਡ ਸਕਿਓਰਿਟੀ ਵਿਭਾਗ ਦਾ ਕਹਿਣਾ ਹੈ ਕਿ ਸਾਲ 2022 ਦੇ ਬਾਇਡਨ-ਯੁੱਗ ਨਿਯਮ ਨੇ ਇਹ ਸੀਮਤ ਕਰ ਦਿੱਤਾ ਸੀ ਕਿ ਇਮੀਗ੍ਰੇਸ਼ਨ ਅਧਿਕਾਰੀ ਕਿਸ ਕਿਸਮ ਦੇ ਸਰਕਾਰੀ ਲਾਭਾਂ ਅਤੇ ਹੋਰ ਹਾਲਾਤਾਂ ਨੂੰ ਪਬਲਿਕ ਚਾਰਜ ਦੇ ਫੈਸਲੇ ਦੌਰਾਨ ਵਿਚਾਰ ਸਕਦੇ ਹਨ। ਟਰੰਪ ਪ੍ਰਸ਼ਾਸਨ ਅਨੁਸਾਰ ਇਸ ਕਾਰਨ ਅਧਿਕਾਰੀਆਂ ਲਈ ਅਰਜ਼ੀਕਰਤਾ ਦੀ ਪੂਰੀ ਆਰਥਿਕ ਅਤੇ ਨਿੱਜੀ ਸਥਿਤੀ ਦੀ ਜਾਂਚ ਕਰਨਾ ਮੁਸ਼ਕਲ ਹੋ ਗਿਆ ਸੀ।

ਨਵੇਂ ਨਿਯਮ ਤੋਂ ਬਾਅਦ ਯੂ.ਐੱਸ.ਸੀ.ਆਈ.ਐੱਸ. ਅਧਿਕਾਰੀ ਹਰ ਅਰਜ਼ੀ ਦਾ ਕੇਸ-ਦਰ-ਕੇਸ ਆਧਾਰ 'ਤੇ ਮੁਲਾਂਕਣ ਕਰ ਸਕਣਗੇ। ਇਸ ਦੌਰਾਨ ਅਰਜ਼ੀਕਰਤਾ ਦੀ ਉਮਰ, ਸਿਹਤ, ਪਰਿਵਾਰਕ ਸਥਿਤੀ, ਆਮਦਨ, ਸੰਪਤੀ, ਕਰਜ਼ੇ, ਸਿੱਖਿਆ, ਰੁਜ਼ਗਾਰ ਯੋਗਤਾ, ਵਿੱਤੀ ਸਹਾਇਤਾ ਅਤੇ ਸਰਕਾਰੀ ਲਾਭਾਂ ਉੱਤੇ ਸੰਭਾਵਿਤ ਨਿਰਭਰਤਾ ਵਰਗੇ ਵੱਖ-ਵੱਖ ਤੱਥਾਂ ਨੂੰ ਵਿਚਾਰਿਆ ਜਾ ਸਕਦਾ ਹੈ। ਹਾਲਾਂਕਿ ਕਿਸੇ ਵਿਅਕਤੀ ਨੂੰ ਸਿਰਫ਼ ਇੱਕ ਹੀ ਕਾਰਕ ਦੇ ਆਧਾਰ 'ਤੇ ਪਬਲਿਕ ਚਾਰਜ ਨਹੀਂ ਮੰਨਿਆ ਜਾਣਾ ਚਾਹੀਦਾ ਅਤੇ ਅੰਤਿਮ ਫੈਸਲਾ ਸਾਰੇ ਸਬੰਧਤ ਤੱਥਾਂ ਨੂੰ ਇਕੱਠੇ ਦੇਖ ਕੇ ਕੀਤਾ ਜਾਵੇਗਾ।

ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੇ ਬੁਲਾਰੇ ਜ਼ੈਕ ਕਾਹਲਰ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਕਾਨੂੰਨ ਦੀ ਪਾਲਣਾ ਕਰਵਾਉਣ ਅਤੇ ਅਮਰੀਕੀ ਕਰਦਾਤਾਵਾਂ ਨੂੰ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਦੀ ਆਰਥਿਕ ਜ਼ਿੰਮੇਵਾਰੀ ਤੋਂ ਬਚਾਉਣ ਲਈ ਵਚਨਬੱਧ ਹੈ, ਜੋ ਸਰਕਾਰੀ ਲਾਭਾਂ ਉੱਤੇ ਨਿਰਭਰ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਯੂ.ਐੱਸ.ਸੀ.ਆਈ.ਐੱਸ. ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਅਤੇ ਵਿੱਤੀ ਭਲਾਈ ਦੀ ਰੱਖਿਆ ਲਈ ਕੰਮ ਕਰ ਰਿਹਾ ਹੈ।

ਇਸ ਨਵੇਂ ਨਿਯਮ ਦਾ ਸਭ ਤੋਂ ਮਹੱਤਵਪੂਰਨ ਅਸਰ ਉਨ੍ਹਾਂ ਲੋਕਾਂ ਉੱਤੇ ਪੈ ਸਕਦਾ ਹੈ, ਜੋ ਅਮਰੀਕਾ ਦੇ ਅੰਦਰ ਰਹਿੰਦਿਆਂ ਫਾਰਮ ਆਈ-485 ਰਾਹੀਂ ਗ੍ਰੀਨ ਕਾਰਡ ਲਈ ਅਰਜ਼ੀ ਦਿੰਦੇ ਹਨ। ਯੂ.ਐੱਸ.ਸੀ.ਆਈ.ਐੱਸ. ਨੇ ਐਲਾਨ ਕੀਤਾ ਹੈ ਕਿ ਫਾਰਮ ਆਈ-485 ਦਾ ਇੱਕ ਨਵਾਂ ਸੰਸ਼ੋਧਿਤ ਸੰਸਕਰਣ ਜਾਰੀ ਕੀਤਾ ਜਾਵੇਗਾ, ਜਿਸ ਵਿਚ ਪਬਲਿਕ ਚਾਰਜ ਨਾਲ ਸਬੰਧਤ ਨਵੀਂ ਜਾਣਕਾਰੀ ਅਤੇ ਸਵਾਲ ਸ਼ਾਮਲ ਹੋ ਸਕਦੇ ਹਨ।

18 ਸਤੰਬਰ 2026 ਤੋਂ ਬਾਅਦ ਡਾਕ ਰਾਹੀਂ ਭੇਜੀਆਂ ਜਾਂ ਆਨਲਾਈਨ ਜਮ੍ਹਾਂ ਕੀਤੀਆਂ ਪੁਰਾਣੇ ਸੰਸਕਰਣ ਵਾਲੀਆਂ ਆਈ-485 ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਇਸ ਲਈ ਜਿਹੜੇ ਲੋਕ ਇਸ ਤਾਰੀਖ਼ ਦੇ ਨੇੜੇ ਗ੍ਰੀਨ ਕਾਰਡ ਦੀ ਅਰਜ਼ੀ ਦਾਖ਼ਲ ਕਰਨ ਦੀ ਤਿਆਰੀ ਕਰ ਰਹੇ ਹਨ, ਉਨ੍ਹਾਂ ਲਈ ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੋਵੇਗਾ ਕਿ ਉਹ ਯੂ.ਐੱਸ.ਸੀ.ਆਈ.ਐੱਸ. ਵੱਲੋਂ ਮਨਜ਼ੂਰ ਕੀਤਾ ਗਿਆ ਸਭ ਤੋਂ ਨਵਾਂ ਫਾਰਮ ਹੀ ਵਰਤਣ। ਪੁਰਾਣਾ ਫਾਰਮ ਵਰਤਣ ਨਾਲ ਅਰਜ਼ੀ ਵਾਪਸ ਭੇਜੀ ਜਾਂ ਰੱਦ ਕੀਤੀ ਜਾ ਸਕਦੀ ਹੈ, ਜਿਸ ਨਾਲ ਕੇਸ ਵਿਚ ਦੇਰੀ ਅਤੇ ਵਾਧੂ ਖਰਚਾ ਹੋ ਸਕਦਾ ਹੈ। ਇਸ ਨਿਯਮ ਨੂੰ ਲੈ ਕੇ ਇਮੀਗ੍ਰੈਂਟ ਭਾਈਚਾਰਿਆਂ ਵਿਚ ਇਹ ਚਿੰਤਾ ਵੀ ਪੈਦਾ ਹੋ ਸਕਦੀ ਹੈ ਕਿ ਸਰਕਾਰੀ ਸਿਹਤ, ਖੁਰਾਕ ਜਾਂ ਹੋਰ ਸਹਾਇਤਾ ਪ੍ਰੋਗਰਾਮਾਂ ਦੀ ਵਰਤੋਂ ਗ੍ਰੀਨ ਕਾਰਡ ਕੇਸ ਉੱਤੇ ਕਿਵੇਂ ਅਸਰ ਪਾਵੇਗੀ। ਪਰ ਹਰ ਸਰਕਾਰੀ ਲਾਭ ਨੂੰ ਆਪਣੇ ਆਪ ਪਬਲਿਕ ਚਾਰਜ ਦਾ ਆਧਾਰ ਨਹੀਂ ਮੰਨਿਆ ਜਾਂਦਾ। ਕਿਸ ਲਾਭ ਨੂੰ ਵਿਚਾਰਿਆ ਜਾਵੇਗਾ, ਕਿਸ ਵਿਅਕਤੀ ਲਈ ਛੋਟ ਹੋਵੇਗੀ ਅਤੇ ਕਿਹੜੀਆਂ ਇਮੀਗ੍ਰੇਸ਼ਨ ਸ਼੍ਰੇਣੀਆਂ ਉੱਤੇ ਇਹ ਨਿਯਮ ਲਾਗੂ ਨਹੀਂ ਹੋਵੇਗਾ, ਇਸ ਬਾਰੇ ਵਿਸਥਾਰਤ ਦਿਸ਼ਾ-ਨਿਰਦੇਸ਼ ਯੂ.ਐੱਸ.ਸੀ.ਆਈ.ਐੱਸ. ਵੱਲੋਂ ਜਾਰੀ ਕੀਤੇ ਜਾਣ ਦੀ ਉਮੀਦ ਹੈ।

# 2020 ਦੀਆਂ ਡਾਕ ਸੇਵਾ ਤਬਦੀਲੀਆਂ ਦੇ ਮਾਮਲੇ 'ਚ ਟਰੰਪ ਨੂੰ ਅਪੀਲੀ ਅਦਾਲਤ ਤੋਂ ਜਿੱਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਇੱਕ ਸੰਘੀ ਅਪੀਲੀ ਅਦਾਲਤ ਨੇ 2020 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਯੂ.ਐੱਸ. ਪੋਸਟਲ ਸਰਵਿਸ ਵੱਲੋਂ ਕੀਤੀਆਂ ਡਾਕ ਪ੍ਰਣਾਲੀ ਦੀਆਂ ਤਬਦੀਲੀਆਂ ਨੂੰ ਰੋਕਣ ਵਾਲਾ ਹੇਠਲੀ ਅਦਾਲਤ ਦਾ ਫੈਸਲਾ ਰੱਦ ਕਰ ਦਿੱਤਾ ਹੈ। ਇਸ ਫੈਸਲੇ ਨੂੰ ਟਰੰਪ ਪ੍ਰਸ਼ਾਸਨ ਲਈ ਕਾਨੂੰਨੀ ਜਿੱਤ ਮੰਨਿਆ ਜਾ ਰਿਹਾ ਹੈ।

ਹਾਲਾਂਕਿ ਅਪੀਲੀ ਅਦਾਲਤ ਨੇ ਇਹ ਨਹੀਂ ਕਿਹਾ ਕਿ 2020 ਵਿਚ ਕੀਤੀਆਂ ਤਬਦੀਲੀਆਂ ਸਹੀ ਜਾਂ ਗਲਤ ਸਨ। ਅਦਾਲਤ ਨੇ ਸਿਰਫ਼ ਇਹ ਫੈਸਲਾ ਕੀਤਾ ਕਿ ਮਾਮਲਾ ਪਹਿਲਾਂ ਸੰਘੀ ਜ਼ਿਲ੍ਹਾ ਅਦਾਲਤ ਵਿਚ ਨਹੀਂ ਜਾਣਾ ਚਾਹੀਦਾ ਸੀ।

ਅਦਾਲਤ ਮੁਤਾਬਕ ਨਿਊਯਾਰਕ, ਨਿਊ ਜਰਸੀ, ਹਵਾਈ ਅਤੇ ਹੋਰ ਰਾਜਾਂ ਤੇ ਸ਼ਹਿਰਾਂ ਨੂੰ ਪਹਿਲਾਂ ਪੋਸਟਲ ਰੈਗੂਲੇਟਰੀ ਕਮਿਸ਼ਨ ਕੋਲ ਸ਼ਿਕਾਇਤ ਕਰਨੀ ਚਾਹੀਦੀ ਸੀ। ਜੇ ਉੱਥੋਂ ਰਾਹਤ ਨਾ ਮਿਲਦੀ, ਤਾਂ ਮਾਮਲਾ ਅਪੀਲੀ ਅਦਾਲਤ ਵਿਚ ਲਿਆਂਦਾ ਜਾ ਸਕਦਾ ਸੀ।

ਇਹ ਵਿਵਾਦ 2020 ਦੀਆਂ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਸ਼ੁਰੂ ਹੋਇਆ ਸੀ। ਉਸ ਸਮੇਂ ਡਾਕ ਸੇਵਾ ਨੇ ਤੇਜ਼ੀ ਨਾਲ ਡਾਕ ਛਾਂਟਣ ਵਾਲੀਆਂ ਕੁਝ ਮਸ਼ੀਨਾਂ ਹਟਾ ਦਿੱਤੀਆਂ ਸਨ, ਕਰਮਚਾਰੀਆਂ ਦਾ ਓਵਰਟਾਈਮ ਘਟਾਇਆ ਸੀ ਅਤੇ ਦੇਰੀ ਨਾਲ ਜਾਂ ਵਾਧੂ ਡਾਕ ਪਹੁੰਚਾਉਣ ਵਾਲੀਆਂ ਯਾਤਰਾਵਾਂ ਬੰਦ ਕੀਤੀਆਂ ਸਨ।

ਕੋਵਿਡ ਮਹਾਮਾਰੀ ਕਾਰਨ ਉਸ ਸਾਲ ਵੱਡੀ ਗਿਣਤੀ ਵਿਚ ਲੋਕ ਡਾਕ ਰਾਹੀਂ ਵੋਟ ਪਾ ਰਹੇ ਸਨ। ਕਈ ਰਾਜਾਂ ਨੇ ਚਿੰਤਾ ਜਤਾਈ ਸੀ ਕਿ ਇਨ੍ਹਾਂ ਤਬਦੀਲੀਆਂ ਕਾਰਨ ਬੈਲਟ ਵੋਟਰਾਂ ਜਾਂ ਚੋਣ ਅਧਿਕਾਰੀਆਂ ਕੋਲ ਸਮੇਂ ਸਿਰ ਨਹੀਂ ਪਹੁੰਚ ਸਕਦੇ।

ਸਤੰਬਰ 2020 ਵਿਚ ਸੰਘੀ ਜੱਜ ਐਮਟ ਸੁਲੀਵਨ ਨੇ ਡਾਕ ਸੇਵਾ ਦੀਆਂ ਕੁਝ ਤਬਦੀਲੀਆਂ ਨੂੰ ਰੋਕ ਦਿੱਤਾ ਸੀ। ਬਾਅਦ ਵਿਚ ਉਸ ਨੇ ਹੁਕਮ ਦਿੱਤਾ ਸੀ ਕਿ ਡਾਕ ਸੇਵਾ ਵਾਧੂ ਜਾਂ ਦੇਰੀ ਵਾਲੀਆਂ ਯਾਤਰਾਵਾਂ ਬੰਦ ਕਰਨ ਤੋਂ ਪਹਿਲਾਂ ਪੋਸਟਲ ਰੈਗੂਲੇਟਰੀ ਕਮਿਸ਼ਨ ਦੀ ਰਾਏ ਲਵੇ।

ਹੁਣ ਤਿੰਨ ਜੱਜਾਂ ਦੇ ਅਪੀਲੀ ਬੈਂਚ ਨੇ ਸਰਬਸੰਮਤੀ ਨਾਲ ਕਿਹਾ ਕਿ ਜ਼ਿਲ੍ਹਾ ਅਦਾਲਤ ਕੋਲ ਇਸ ਮਾਮਲੇ ਦੀ ਸੁਣਵਾਈ ਕਰਨ ਦਾ ਅਧਿਕਾਰ ਨਹੀਂ ਸੀ। ਕਾਂਗਰਸ ਨੇ ਅਜਿਹੀਆਂ ਸ਼ਿਕਾਇਤਾਂ ਲਈ ਪਹਿਲਾਂ ਹੀ ਇੱਕ ਖਾਸ ਪ੍ਰਕਿਰਿਆ ਬਣਾਈ ਹੋਈ ਹੈ।

# ਅਮਰੀਕਾ ਵਿਚ ਟੈਰਿਫ ਰਿਬੇਟ ਚੈਕ ਦਾ ਪ੍ਰਸਤਾਵ: ਕੀ ਵਿਆਹੇ ਜੋੜਿਆਂ ਨੂੰ ਮਿਲਣਗੇ 1,200 ਡਾਲਰ ਅਤੇ ਹਰ ਬੱਚੇ ਲਈ 600 ਡਾਲਰ?

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨੇਟ ਵਿਚ ਇੱਕ ਨਵਾਂ ਬਿੱਲ ਪੇਸ਼ ਕੀਤਾ ਗਿਆ ਹੈ, ਜਿਸ ਤਹਿਤ ਟੈਰਿਫ (ਆਯਾਤ ਸ਼ੁਲਕ) ਕਾਰਨ ਵਧੀਆਂ ਕੀਮਤਾਂ ਦਾ ਬੋਝ ਘਟਾਉਣ ਲਈ ਯੋਗ ਪਰਿਵਾਰਾਂ ਨੂੰ ਨਕਦ ਰਿਬੇਟ ਦੇਣ ਦੀ ਤਜਵੀਜ਼ ਰੱਖੀ ਗਈ ਹੈ। ਇਸ ਪ੍ਰਸਤਾਵ ਅਨੁਸਾਰ, ਸਾਲਾਨਾ 180,000 ਡਾਲਰ ਤੋਂ ਘੱਟ ਆਮਦਨ ਵਾਲੇ ਵਿਆਹੇ ਜੋੜਿਆਂ ਨੂੰ 1,200 ਡਾਲਰ ਅਤੇ ਹਰ ਨਿਰਭਰ ਬੱਚੇ ਲਈ 600 ਡਾਲਰ ਦੀ ਵਾਧੂ ਰਕਮ ਦਿੱਤੀ ਜਾ ਸਕਦੀ ਹੈ।

ਇਹ ਬਿੱਲ ਡੈਮੋਕ੍ਰੈਟਿਕ ਸੈਨੇਟਰ ਮਾਰਟਿਨ ਹੇਨਰਿਚ ਵੱਲੋਂ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਅਮਰੀਕਾ ਵਿਦੇਸ਼ੀ ਸਮਾਨ 'ਤੇ ਟੈਰਿਫ ਲਗਾਉਂਦਾ ਹੈ, ਤਾਂ ਆਖ਼ਰਕਾਰ ਇਸ ਦਾ ਬੋਝ ਆਮ ਖਪਤਕਾਰਾਂ 'ਤੇ ਪੈਂਦਾ ਹੈ, ਕਿਉਂਕਿ ਬਹੁਤ ਸਾਰੀਆਂ ਵਸਤੂਆਂ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ। ਇਸ ਲਈ ਟੈਰਿਫ ਤੋਂ ਇਕੱਠੀ ਹੋਣ ਵਾਲੀ ਆਮਦਨ ਦਾ ਕੁਝ ਹਿੱਸਾ ਲੋਕਾਂ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ।

ਜੇਕਰ ਇਹ ਪ੍ਰਸਤਾਵ ਮੌਜੂਦਾ ਰੂਪ ਵਿਚ ਕਾਨੂੰਨ ਬਣ ਜਾਂਦਾ ਹੈ, ਤਾਂ ਚਾਰ ਮੈਂਬਰਾਂ ਵਾਲੇ ਪਰਿਵਾਰ ਨੂੰ 1,200 ਡਾਲਰ ਦੇ ਨਾਲ ਦੋ ਬੱਚਿਆਂ ਲਈ 1,200 ਡਾਲਰ ਹੋਰ ਮਿਲ ਸਕਦੇ ਹਨ, ਜਿਸ ਨਾਲ ਕੁੱਲ ਰਕਮ 2,400 ਡਾਲਰ ਬਣੇਗੀ।

ਹਾਲਾਂਕਿ, ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਇਸ ਵੇਲੇ ਸਿਰਫ਼ ਇੱਕ ਪ੍ਰਸਤਾਵਿਤ ਬਿੱਲ ਹੈ, ਕਾਨੂੰਨ ਨਹੀਂ।

ਇਸ ਬਿੱਲ ਨੂੰ ਲਾਗੂ ਹੋਣ ਲਈ ਪਹਿਲਾਂ ਸੈਨੇਟ ਵਿਚ ਮਨਜ਼ੂਰੀ ਮਿਲਣੀ ਲਾਜ਼ਮੀ ਹੈ। ਇਸ ਤੋਂ ਬਾਅਦ ਇਸ ਨੂੰ ਅਮਰੀਕੀ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਤੋਂ ਵੀ ਪਾਸ ਹੋਣਾ ਪਵੇਗਾ ਅਤੇ ਆਖ਼ਿਰ ਵਿਚ ਰਾਸ਼ਟਰਪਤੀ ਦੇ ਦਸਤਖ਼ਤਾਂ ਤੋਂ ਬਾਅਦ ਹੀ ਇਹ ਕਾਨੂੰਨ ਬਣੇਗਾ। ਇਸ ਵੇਲੇ ਇਨ੍ਹਾਂ ਵਿਚੋਂ ਕੋਈ ਵੀ ਪੜਾਅ ਪੂਰਾ ਨਹੀਂ ਹੋਇਆ।

ਇਸ ਲਈ ਅਜੇ ਤੱਕ ਕੋਈ ਭੁਗਤਾਨ ਦੀ ਤਾਰੀਖ਼ ਐਲਾਨੀ ਨਹੀਂ ਗਈ, ਨਾ ਹੀ ਕੋਈ ਅਰਜ਼ੀ ਪ੍ਰਕਿਰਿਆ ਸ਼ੁਰੂ ਹੋਈ ਹੈ ਅਤੇ ਨਾ ਹੀ ਕਿਸੇ ਨੂੰ ਚੈੱਕ ਜਾਂ ਡਾਇਰੈਕਟ ਡਿਪਾਜ਼ਿਟ ਭੇਜਿਆ ਜਾ ਰਿਹਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕੀ ਕਾਂਗਰਸ ਵਿਚ ਹਰ ਸਾਲ ਹਜ਼ਾਰਾਂ ਬਿੱਲ ਪੇਸ਼ ਹੁੰਦੇ ਹਨ, ਪਰ ਉਨ੍ਹਾਂ ਵਿਚੋਂ ਬਹੁਤ ਘੱਟ ਹੀ ਕਾਨੂੰਨ ਬਣਦੇ ਹਨ। ਇਸ ਲਈ ਲੋਕਾਂ ਨੂੰ ਇਸ ਪ੍ਰਸਤਾਵ ਨੂੰ ਪੱਕੀ ਯੋਜਨਾ ਸਮਝ ਕੇ ਕੋਈ ਵਿੱਤੀ ਫ਼ੈਸਲਾ ਨਹੀਂ ਕਰਨਾ ਚਾਹੀਦਾ।

ਇਸ ਦੌਰਾਨ ਧੋਖਾਧੜੀ ਕਰਨ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਅਜਿਹੇ ਮੌਕਿਆਂ 'ਤੇ ਫ਼ਰਜ਼ੀ ਟੈਕਸਟ ਮੈਸੇਜ, ਈ-ਮੇਲ ਜਾਂ ਫ਼ੋਨ ਕਾਲਾਂ ਆ ਸਕਦੀਆਂ ਹਨ, ਜਿਨ੍ਹਾਂ ਵਿਚ ਦਾਅਵਾ ਕੀਤਾ ਜਾਂਦਾ ਹੈ ਕਿ ਤੁਹਾਡਾ ਰਿਬੇਟ ਮਨਜ਼ੂਰ ਹੋ ਗਿਆ ਹੈ ਅਤੇ ਪੈਸੇ ਲੈਣ ਲਈ ਲਿੰਕ 'ਤੇ ਕਲਿੱਕ ਕਰੋ ਜਾਂ ਆਪਣੀ ਬੈਂਕ ਜਾਣਕਾਰੀ ਅਤੇ ਸੋਸ਼ਲ ਸਕਿਓਰਿਟੀ ਨੰਬਰ ਦਿਓ।

ਅਮਰੀਕੀ ਸਰਕਾਰ ਕਦੇ ਵੀ ਕਿਸੇ ਨਵੇਂ ਰਿਬੇਟ ਲਈ ਟੈਕਸਟ ਮੈਸੇਜ ਰਾਹੀਂ ਬੈਂਕ ਜਾਣਕਾਰੀ ਜਾਂ ਫ਼ੀਸ ਦੀ ਮੰਗ ਨਹੀਂ ਕਰਦੀ। ਜੇਕਰ ਭਵਿੱਖ ਵਿਚ ਇਹ ਬਿੱਲ ਕਾਨੂੰਨ ਬਣਦਾ ਹੈ, ਤਾਂ ਭੁਗਤਾਨ ਟੈਕਸ ਪ੍ਰਣਾਲੀ ਜਾਂ ਹੋਰ ਸਰਕਾਰੀ ਪ੍ਰਕਿਰਿਆ ਰਾਹੀਂ ਕੀਤਾ ਜਾਵੇਗਾ।

ਫਿਲਹਾਲ ਲੋਕਾਂ ਲਈ ਸਭ ਤੋਂ ਵਧੀਆ ਸਲਾਹ ਇਹੀ ਹੈ ਕਿ ਇਸ ਪ੍ਰਸਤਾਵ ਦੀ ਅਗਲੀ ਕਾਰਵਾਈ 'ਤੇ ਨਜ਼ਰ ਰੱਖਣ, ਪਰ ਇਸ ਨੂੰ ਪੱਕਾ ਲਾਭ ਨਾ ਸਮਝਣ। ਜਦ ਤੱਕ ਕਾਂਗਰਸ ਇਸ ਨੂੰ ਪਾਸ ਕਰਕੇ ਰਾਸ਼ਟਰਪਤੀ ਮਨਜ਼ੂਰੀ ਨਹੀਂ ਦਿੰਦੇ, ਤਦ ਤੱਕ 1,200 ਡਾਲਰ ਜਾਂ 600 ਡਾਲਰ ਦੀ ਕੋਈ ਗਾਰੰਟੀ ਨਹੀਂ ਹੈ।

# ਅਮਰੀਕਾ ਵੱਲੋਂ ਵੀਜ਼ਾ-ਮੁਕਤ ਯਾਤਰਾ ਦੇ ਨਿਯਮ ਹੋਰ ਸਖ਼ਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਵੀਜ਼ਾ ਵੇਵਰ ਪ੍ਰੋਗਰਾਮ (ਵੀ.ਡਬਲਯੂ.ਪੀ.) ਤਹਿਤ ਵੀਜ਼ਾ-ਮੁਕਤ ਯਾਤਰਾ ਲਈ ਯੋਗਤਾ ਨਿਯਮ ਹੋਰ ਸਖ਼ਤ ਕਰ ਦਿੱਤੇ ਹਨ। ਇਸ ਕਾਰਨ ਕੁਝ ਅਜਿਹੇ ਯਾਤਰੀ, ਜੋ ਪਹਿਲਾਂ ਈ.ਐੱਸ.ਟੀ.ਏ. (ਇਲੈਕਟ੍ਰਾਨਿਕ ਸਿਸਟਮ ਫਾਰ ਟਰੈਵਲ ਔਥਰਾਈਜ਼ੇਸ਼ਨ) ਰਾਹੀਂ ਬਿਨਾਂ ਵੀਜ਼ੇ ਦੇ ਅਮਰੀਕਾ ਜਾ ਸਕਦੇ ਸਨ, ਹੁਣ ਉਨ੍ਹਾਂ ਨੂੰ ਰੈਗੂਲਰ ਅਮਰੀਕੀ ਵੀਜ਼ਾ ਲਈ ਅਰਜ਼ੀ ਦੇਣੀ ਪਵੇਗੀ। ਇਹ ਪਾਬੰਦੀਆਂ ਪੂਰੇ ਦੇਸ਼ਾਂ 'ਤੇ ਨਹੀਂ, ਸਗੋਂ ਖ਼ਾਸ ਯਾਤਰੀਆਂ ਦੀ ਯੋਗਤਾ 'ਤੇ ਲਾਗੂ ਹੁੰਦੀਆਂ ਹਨ।

**ਕੁਝ ਯਾਤਰੀਆਂ ਲਈ ਹੁਣ ਈ.ਐੱਸ.ਟੀ.ਏ. ਨਹੀਂ, ਰੈਗੂਲਰ ਅਮਰੀਕੀ ਵੀਜ਼ਾ ਹੋਵੇਗਾ ਲਾਜ਼ਮੀ**

ਅਮਰੀਕਾ ਦਾ ਵੀਜ਼ਾ ਵੇਵਰ ਪ੍ਰੋਗਰਾਮ ਭਾਗੀਦਾਰ ਦੇਸ਼ਾਂ ਦੇ ਨਾਗਰਿਕਾਂ ਨੂੰ ਸੈਰ-ਸਪਾਟੇ ਜਾਂ ਕਾਰੋਬਾਰ ਲਈ 90 ਦਿਨ ਤੱਕ ਬਿਨਾਂ ਰਵਾਇਤੀ ਵੀਜ਼ੇ ਦੇ ਯਾਤਰਾ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ ਯਾਤਰਾ ਤੋਂ ਪਹਿਲਾਂ ਈ.ਐੱਸ.ਟੀ.ਏ. ਮਨਜ਼ੂਰੀ ਲੈਣੀ ਲਾਜ਼ਮੀ ਹੁੰਦੀ ਹੈ ਅਤੇ ਹਰ ਯਾਤਰੀ ਨੂੰ ਨਿਰਧਾਰਤ ਸੁਰੱਖਿਆ ਮਾਪਦੰਡ ਪੂਰੇ ਕਰਨੇ ਪੈਂਦੇ ਹਨ।

ਨਵੇਂ ਨਿਯਮਾਂ ਅਨੁਸਾਰ ਉਹ ਲੋਕ ਵੀਜ਼ਾ ਵੇਵਰ ਪ੍ਰੋਗਰਾਮ ਦੀ ਸਹੂਲਤ ਨਹੀਂ ਲੈ ਸਕਣਗੇ, ਜਿਨ੍ਹਾਂ ਨੇ 1 ਮਾਰਚ 2011 ਤੋਂ ਬਾਅਦ ਇਰਾਨ, ਇਰਾਕ, ਉੱਤਰੀ ਕੋਰੀਆ, ਸੀਰੀਆ, ਲੀਬੀਆ, ਸੋਮਾਲੀਆ, ਸੂਡਾਨ ਜਾਂ ਯਮਨ ਦੀ ਯਾਤਰਾ ਕੀਤੀ ਹੈ। ਇਸ ਤੋਂ ਇਲਾਵਾ, 12 ਜਨਵਰੀ 2021 ਤੋਂ ਬਾਅਦ ਕਿਊਬਾ ਦੀ ਯਾਤਰਾ ਕਰਨ ਵਾਲੇ ਕੁਝ ਯਾਤਰੀ ਅਤੇ ਪਾਬੰਦੀ ਵਾਲੇ ਦੇਸ਼ਾਂ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੇ ਵਿਅਕਤੀ ਵੀ ਈ.ਐੱਸ.ਟੀ.ਏ. ਲਈ ਅਯੋਗ ਹੋ ਸਕਦੇ ਹਨ। ਕੁਝ ਸੀਮਤ ਛੋਟਾਂ ਵੀ ਮੌਜੂਦ ਹਨ।

ਅਮਰੀਕੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਪੂਰੀ ਯਾਤਰਾ ਪਾਬੰਦੀ ਨਹੀਂ ਹੈ। ਜਿਹੜੇ ਲੋਕ ਈ.ਐੱਸ.ਟੀ.ਏ. ਲਈ ਯੋਗ ਨਹੀਂ ਰਹਿੰਦੇ, ਉਹ ਅਜੇ ਵੀ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਰਾਹੀਂ ਰੈਗੂਲਰ ਵੀਜ਼ਾ ਲਈ ਅਰਜ਼ੀ ਦੇ ਸਕਦੇ ਹਨ। ਫ਼ਰਕ ਸਿਰਫ਼ ਇਹ ਹੈ ਕਿ ਹੁਣ ਉਨ੍ਹਾਂ ਦੀ ਵਧੇਰੇ ਸੁਰੱਖਿਆ ਜਾਂਚ ਅਤੇ ਇੰਟਰਵਿਊ ਕੀਤਾ ਜਾਵੇਗਾ।

ਇਹ ਨਿਯਮ ਅਮਰੀਕਾ ਨੇ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਸੰਭਾਵਿਤ ਖ਼ਤਰਿਆਂ ਦੀ ਵਧੇਰੇ ਜਾਂਚ ਲਈ ਲਾਗੂ ਕੀਤੇ ਹਨ। ਸਰਕਾਰ ਦਾ ਮੰਨਣਾ ਹੈ ਕਿ ਕੁਝ ਯਾਤਰੀਆਂ ਦੇ ਯਾਤਰਾ ਇਤਿਹਾਸ ਜਾਂ ਦੋਹਰੀ ਨਾਗਰਿਕਤਾ ਕਾਰਨ ਵਾਧੂ ਜਾਂਚ ਜ਼ਰੂਰੀ ਹੈ।

ਯਾਤਰਾ ਦੀ ਯੋਜਨਾ ਬਣਾਉਣ ਵਾਲੇ ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਟਿਕਟ ਬੁੱਕ ਕਰਨ ਤੋਂ ਪਹਿਲਾਂ ਆਪਣੀ ਈ.ਐੱਸ.ਟੀ.ਏ. ਯੋਗਤਾ ਅਤੇ ਅਮਰੀਕਾ ਦੇ ਤਾਜ਼ਾ ਦਾਖ਼ਲਾ ਨਿਯਮਾਂ ਦੀ ਜਾਂਚ ਜ਼ਰੂਰ ਕਰ ਲੈਣ। ਯੋਗਤਾ ਦੀ ਪੁਸ਼ਟੀ ਨਾ ਕਰਨ ਦੀ ਸੂਰਤ ਵਿਚ ਬੋਰਡਿੰਗ ਤੋਂ ਇਨਕਾਰ, ਯਾਤਰਾ ਰੱਦ ਹੋਣ ਜਾਂ ਹੋਰ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਟਰੰਪ ਨੂੰ ਵੱਡਾ ਕਾਨੂੰਨੀ ਝਟਕਾ: ਜੱਜ ਵੱਲੋਂ ਆਈ.ਆਰ.ਐੱਸ. ਨਾਲ ਹੋਇਆ ਵਿਵਾਦਿਤ ਟੈਕਸ ਸਮਝੌਤਾ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਇੱਕ ਫੈਡਰਲ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ, ਉਨ੍ਹਾਂ ਦੇ ਦੋ ਵੱਡੇ ਪੁੱਤਰਾਂ ਅਤੇ ਉਨ੍ਹਾਂ ਦੀ ਕੰਪਨੀ ਵੱਲੋਂ ਇੰਟਰਨਲ ਰੈਵਨਿਊ ਸਰਵਿਸ (ਆਈ.ਆਰ.ਐੱਸ.) ਨਾਲ ਕੀਤੇ ਗਏ ਵਿਵਾਦਿਤ ਸਮਝੌਤੇ ਨੂੰ ਰੱਦ ਕਰ ਦਿੱਤਾ ਹੈ। ਇਸ ਸਮਝੌਤੇ ਤਹਿਤ ਟਰੰਪ ਪਰਿਵਾਰ ਨੂੰ ਪਿਛਲੇ ਸਾਲਾਂ ਦੀ ਸੰਭਾਵਿਤ ਟੈਕਸ ਦੇਣਦਾਰੀ ਤੋਂ ਵੱਡੀ ਸੁਰੱਖਿਆ ਮਿਲ ਸਕਦੀ ਸੀ।

ਦੱਖਣੀ ਫਲੋਰੀਡਾ ਦੀ ਫੈਡਰਲ ਜੱਜ ਕੈਥਲੀਨ ਐੱਮ. ਵਿਲੀਅਮਜ਼ ਨੇ 13 ਜੁਲਾਈ ਦੇ ਹੁਕਮ ਵਿਚ ਕਿਹਾ ਕਿ ਇਹ ਮਾਮਲਾ ਅਸਲ ਵਿਚ ਦੋ ਵਿਰੋਧੀ ਧਿਰਾਂ ਵਿਚਕਾਰ ਚੱਲ ਰਹੀ ਕਾਨੂੰਨੀ ਲੜਾਈ ਨਹੀਂ ਸੀ। ਉਨ੍ਹਾਂ ਮੁਤਾਬਕ ਟਰੰਪ ਰਾਸ਼ਟਰਪਤੀ ਹੋਣ ਕਾਰਨ ਉਸ ਨਿਆਂ ਵਿਭਾਗ ਅਤੇ ਸਰਕਾਰੀ ਅਧਿਕਾਰੀਆਂ ਉੱਤੇ ਪ੍ਰਭਾਵ ਰੱਖਦੇ ਸਨ, ਜੋ ਉਨ੍ਹਾਂ ਵੱਲੋਂ ਦਾਇਰ ਕੀਤੇ ਮੁਕੱਦਮੇ ਵਿਚ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸਨ।



ਜੱਜ ਨੇ ਕਿਹਾ ਕਿ ਮਾਮਲੇ ਵਿਚ ਨਾ ਤਾਂ ਅਸਲ ਵਿਰੋਧ ਸੀ ਅਤੇ ਨਾ ਹੀ ਇਹ ਸਵਾਲ ਸੀ ਕਿ ਕੌਣ ਜਿੱਤੇਗਾ। ਅਦਾਲਤ ਨੇ ਟਰੰਪ ਪਰਿਵਾਰ ਨੂੰ ਇਸ ਸਮਝੌਤੇ ਦੀ ਵਰਤੋਂ ਜਾਂ ਕਿਸੇ ਵੀ ਸਰਕਾਰੀ ਅਤੇ ਕਾਨੂੰਨੀ ਕਾਰਵਾਈ ਵਿਚ ਇਸਦਾ ਹਵਾਲਾ ਦੇਣ ਤੋਂ ਰੋਕ ਦਿੱਤਾ ਹੈ।

ਟਰੰਪ ਅਤੇ ਉਨ੍ਹਾਂ ਦੇ ਪੁੱਤਰਾਂ ਨੇ ਆਈ.ਆਰ.ਐੱਸ. ਖ਼ਿਲਾਫ਼ 10 ਅਰਬ ਡਾਲਰ ਦਾ ਮੁਕੱਦਮਾ ਦਾਇਰ ਕੀਤਾ ਸੀ। ਉਨ੍ਹਾਂ ਦਾ ਦੋਸ਼ ਸੀ ਕਿ ਟੈਕਸ ਵਿਭਾਗ ਉਨ੍ਹਾਂ ਦੇ ਗੁਪਤ ਟੈਕਸ ਰਿਕਾਰਡਾਂ ਦੀ ਰੱਖਿਆ ਕਰਨ ਵਿਚ ਨਾਕਾਮ ਰਿਹਾ ਅਤੇ ਇੱਕ ਠੇਕੇਦਾਰ ਨੇ ਇਹ ਜਾਣਕਾਰੀ ਮੀਡੀਆ ਸੰਸਥਾਵਾਂ ਨੂੰ ਲੀਕ ਕਰ ਦਿੱਤੀ।

ਇਸ ਸਮਝੌਤੇ ਨਾਲ ਟਰੰਪ ਨੂੰ ਪਿਛਲੇ ਟੈਕਸ ਸਾਲਾਂ ਨਾਲ ਜੁੜੀ ਵੱਡੀ ਸੰਭਾਵਿਤ ਦੇਣਦਾਰੀ ਤੋਂ ਰਾਹਤ ਮਿਲ ਸਕਦੀ ਸੀ। ਰਿਪੋਰਟਾਂ ਅਨੁਸਾਰ ਟਰੰਪ ਲੰਮੇ ਸਮੇਂ ਤੋਂ 72.9 ਮਿਲੀਅਨ ਡਾਲਰ ਦੇ ਟੈਕਸ ਰਿਫੰਡ ਨਾਲ ਸਬੰਧਤ ਆਡਿਟ ਵਿਵਾਦ ਵਿਚ ਫਸੇ ਹੋਏ ਸਨ ਅਤੇ ਮਾਮਲਾ ਹਾਰਨ ਦੀ ਸਥਿਤੀ ਵਿਚ ਉਨ੍ਹਾਂ ਉੱਤੇ 100 ਮਿਲੀਅਨ ਡਾਲਰ ਤੋਂ ਵੱਧ ਦੀ ਦੇਣਦਾਰੀ ਬਣ ਸਕਦੀ ਸੀ।

ਸਮਝੌਤੇ ਵਿਚ ਕਥਿਤ ਸਰਕਾਰੀ ਕਾਨੂੰਨੀ ਕਾਰਵਾਈਆਂ ਤੋਂ ਪ੍ਰਭਾਵਿਤ ਲੋਕਾਂ ਲਈ ਟੈਕਸਦਾਤਾਵਾਂ ਦੇ ਪੈਸੇ ਨਾਲ ਇੱਕ "ਐਂਟੀ-ਵੈਪਨਾਈਜ਼ੇਸ਼ਨ" ਫੰਡ ਬਣਾਉਣ ਦੀ ਯੋਜਨਾ ਵੀ ਸ਼ਾਮਲ ਸੀ। ਇਸ ਫੰਡ ਨੂੰ ਦੋਵਾਂ ਪਾਰਟੀਆਂ ਦੇ ਆਗੂਆਂ ਵੱਲੋਂ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ, ਕਿਉਂਕਿ ਚਿੰਤਾ ਜਤਾਈ ਗਈ ਸੀ ਕਿ 6 ਜਨਵਰੀ 2021 ਦੇ ਕੈਪੀਟਲ ਹਮਲੇ ਵਿਚ ਸ਼ਾਮਲ ਲੋਕ ਵੀ ਇਸ ਤੋਂ ਲਾਭ ਲੈ ਸਕਦੇ ਹਨ।

ਜੱਜ ਨੇ ਟਰੰਪ ਦੇ ਇੱਕ ਵਕੀਲ ਅਲੇਹਾਂਦਰੋ ਬ੍ਰਿਟੋ ਦਾ ਮਾਮਲਾ ਫਲੋਰੀਡਾ ਸਟੇਟ ਬਾਰ ਕੋਲ ਵੀ ਭੇਜ ਦਿੱਤਾ ਹੈ। ਸਮਝੌਤੇ ਉੱਤੇ ਦਸਤਖ਼ਤ ਕਰਨ ਵਾਲੇ ਇੱਕ ਹੋਰ ਵਕੀਲ ਨੂੰ ਜੱਜ ਦੀ ਅਦਾਲਤ ਵਿਚ ਇੱਕ ਸਾਲ ਤੱਕ ਨਵੇਂ ਮੁਕੱਦਮਿਆਂ ਵਿਚ ਮੁਦਈਆਂ ਦੀ ਨੁਮਾਇੰਦਗੀ ਕਰਨ ਤੋਂ ਰੋਕ ਦਿੱਤਾ ਗਿਆ ਹੈ।

ਟਰੰਪ ਦੀ ਕਾਨੂੰਨੀ ਟੀਮ ਨੇ ਕਿਹਾ ਕਿ ਆਈ.ਆਰ.ਐੱਸ. ਨੇ ਟਰੰਪ ਪਰਿਵਾਰ ਦੀ ਗੁਪਤ ਜਾਣਕਾਰੀ ਦੀ ਰੱਖਿਆ ਨਹੀਂ ਕੀਤੀ ਅਤੇ ਇੱਕ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਕਰਮਚਾਰੀ ਨੂੰ ਇਹ ਜਾਣਕਾਰੀ ਲੀਕ ਕਰਨ ਦਿੱਤੀ। ਨਿਆਂ ਵਿਭਾਗ ਵੱਲੋਂ ਤੁਰੰਤ ਕੋਈ ਵਿਸਥਾਰਪੂਰਵਕ ਪ੍ਰਤੀਕਿਰਿਆ ਨਹੀਂ ਦਿੱਤੀ ਗਈ।

# ਅਮਰੀਕਾ ਵੱਲੋਂ ਵਿਦੇਸ਼ੀ ਵਿਦਿਆਰਥੀਆਂ, ਐਕਸਚੇਂਜ ਵਿਜ਼ਟਰਾਂ ਅਤੇ ਪੱਤਰਕਾਰਾਂ ਲਈ ਵੀਜ਼ਾ ਨਿਯਮ ਸਖ਼ਤ




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ (ਐੱਫ-1), ਸੱਭਿਆਚਾਰਕ ਐਕਸਚੇਂਜ ਪ੍ਰੋਗਰਾਮਾਂ ਵਿਚ ਆਉਣ ਵਾਲੇ ਵਿਜ਼ਟਰਾਂ (ਜੇ-1) ਅਤੇ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ (ਆਈ ਵੀਜ਼ਾ) ਲਈ ਵੀਜ਼ਾ ਨਿਯਮਾਂ ਵਿਚ ਵੱਡਾ ਬਦਲਾਅ ਕਰਨ ਦਾ ਐਲਾਨ ਕੀਤਾ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਵੱਲੋਂ ਜਾਰੀ ਕੀਤੇ ਗਏ ਅੰਤਿਮ ਨਿਯਮ ਅਨੁਸਾਰ ਹੁਣ ਇਨ੍ਹਾਂ ਵੀਜ਼ਿਆਂ ਲਈ ਪਹਿਲਾਂ ਵਾਂਗ "ਡਿਊਰੇਸ਼ਨ ਆਫ ਸਟੇਟਸ (ਡੀ/ਐੱਸ)" ਪ੍ਰਣਾਲੀ ਨਹੀਂ ਰਹੇਗੀ, ਸਗੋਂ ਹਰ ਵੀਜ਼ਾ ਧਾਰਕ ਨੂੰ ਨਿਰਧਾਰਤ ਸਮੇਂ ਲਈ ਹੀ ਅਮਰੀਕਾ ਵਿਚ ਰਹਿਣ ਦੀ ਆਗਿਆ ਮਿਲੇਗੀ।

ਮੌਜੂਦਾ ਪ੍ਰਣਾਲੀ ਅਧੀਨ ਐੱਫ-1 ਵਿਦਿਆਰਥੀ ਆਪਣੇ ਪੜ੍ਹਾਈ ਪ੍ਰੋਗਰਾਮ ਦੇ ਮੁਕੰਮਲ ਹੋਣ ਤੱਕ ਅਤੇ ਜੇ-1 ਐਕਸਚੇਂਜ ਵਿਜ਼ਟਰ ਆਪਣੇ ਮਨਜ਼ੂਰਸ਼ੁਦਾ ਪ੍ਰੋਗਰਾਮ ਦੀ ਮਿਆਦ ਤੱਕ ਅਮਰੀਕਾ ਵਿਚ ਰਹਿ ਸਕਦੇ ਸਨ। ਇਸੇ ਤਰ੍ਹਾਂ ਆਈ-ਵੀਜ਼ਾ 'ਤੇ ਆਏ ਵਿਦੇਸ਼ੀ ਪੱਤਰਕਾਰ ਵੀ ਆਪਣੇ ਅਮਰੀਕਾ ਅਧਾਰਿਤ ਮੀਡੀਆ ਕੰਮ ਦੀ ਮਿਆਦ ਤੱਕ ਰਹਿ ਸਕਦੇ ਸਨ। ਹੁਣ ਇਹ ਪ੍ਰਣਾਲੀ ਬਦਲ ਕੇ ਨਿਰਧਾਰਤ ਸਮੇਂ ਦੀ ਦਾਖਲਾ ਮਿਆਦ ਲਾਗੂ ਕੀਤੀ ਜਾ ਰਹੀ ਹੈ।

ਨਵੇਂ ਨਿਯਮਾਂ ਅਨੁਸਾਰ ਐੱਫ-1 ਅਤੇ ਜੇ-1 ਵੀਜ਼ਾ ਧਾਰਕਾਂ ਨੂੰ ਵੱਧ ਤੋਂ ਵੱਧ ਚਾਰ ਸਾਲ ਲਈ ਦਾਖਲਾ ਦਿੱਤਾ ਜਾਵੇਗਾ। ਇਸ ਤੋਂ ਬਾਅਦ ਜੇਕਰ ਕਿਸੇ ਵਿਦਿਆਰਥੀ ਦੀ ਪੜ੍ਹਾਈ ਜਾਂ ਕਿਸੇ ਐਕਸਚੇਂਜ ਵਿਜ਼ਟਰ ਦਾ ਪ੍ਰੋਗਰਾਮ ਜਾਰੀ ਰਹਿੰਦਾ ਹੈ, ਤਾਂ ਉਸਨੂੰ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਕੋਲ ਰਹਿਣ ਦੀ ਮਿਆਦ ਵਧਾਉਣ ਲਈ ਵੱਖਰੀ ਅਰਜ਼ੀ ਦੇਣੀ ਪਵੇਗੀ।

ਵਿਦੇਸ਼ੀ ਪੱਤਰਕਾਰਾਂ ਲਈ ਵੀ ਨਿਯਮ ਕਾਫ਼ੀ ਸਖ਼ਤ ਕੀਤੇ ਗਏ ਹਨ। ਆਈ ਵੀਜ਼ਾ ਹੁਣ ਆਮ ਤੌਰ 'ਤੇ 240 ਦਿਨਾਂ ਲਈ ਹੀ ਜਾਰੀ ਕੀਤਾ ਜਾਵੇਗਾ। ਜਦਕਿ ਚੀਨ ਦੇ ਨਾਗਰਿਕਾਂ ਲਈ ਇਹ ਮਿਆਦ ਕੇਵਲ 90 ਦਿਨ ਹੋਵੇਗੀ। ਜੇਕਰ ਉਨ੍ਹਾਂ ਨੂੰ ਇਸ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿਣਾ ਹੋਵੇ, ਤਾਂ ਉਨ੍ਹਾਂ ਨੂੰ ਵੀ ਐਕਸਟੈਂਸ਼ਨ ਲਈ ਅਰਜ਼ੀ ਦੇਣੀ ਪਵੇਗੀ।

ਜੇ ਕੋਈ ਵੀਜ਼ਾ ਧਾਰਕ ਨਿਰਧਾਰਤ ਮਿਆਦ ਤੋਂ ਬਾਅਦ ਵੀ ਅਮਰੀਕਾ ਵਿਚ ਰਹਿਣਾ ਚਾਹੁੰਦਾ ਹੈ, ਤਾਂ ਉਸ ਕੋਲ ਦੋ ਵਿਕਲਪ ਹੋਣਗੇ। ਪਹਿਲਾ, ਉਹ ਡੀ.ਐੱਚ.ਐੱਸ. ਕੋਲ ਰਹਿਣ ਦੀ ਮਿਆਦ ਵਧਾਉਣ ਲਈ ਅਰਜ਼ੀ ਦੇਵੇ। ਦੂਜਾ, ਉਹ ਅਮਰੀਕਾ ਤੋਂ ਬਾਹਰ ਜਾ ਕੇ ਮੁੜ ਦਾਖਲਾ ਲਵੇ। ਇਸ ਤਰ੍ਹਾਂ ਪਹਿਲਾਂ ਨਾਲੋਂ ਕਾਫ਼ੀ ਵੱਧ ਇਮੀਗ੍ਰੇਸ਼ਨ ਕਾਰਵਾਈ ਕਰਨੀ ਪਵੇਗੀ।

ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ਇਹ ਬਦਲਾਅ ਅਮਰੀਕਾ ਵਿਚ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਅਤੇ ਐਕਸਚੇਂਜ ਵਿਜ਼ਟਰਾਂ ਦੀ ਵੱਧ ਰਹੀ ਗਿਣਤੀ ਨੂੰ ਧਿਆਨ ਵਿਚ ਰੱਖਦੇ ਹੋਏ ਕੀਤਾ ਗਿਆ ਹੈ। ਵਿਭਾਗ ਮੁਤਾਬਕ 2024 ਵਿਚ 18 ਲੱਖ ਤੋਂ ਵੱਧ ਵਿਦਿਆਰਥੀ ਵੀਜ਼ਾ ਦਾਖਲੇ ਦਰਜ ਕੀਤੇ ਗਏ, ਜੋ ਪਿਛਲੇ ਸਾਲ ਨਾਲੋਂ 11 ਫੀਸਦੀ ਵੱਧ ਹਨ। ਇਸੇ ਦੌਰਾਨ 5 ਲੱਖ ਤੋਂ ਵੱਧ ਐਕਸਚੇਂਜ ਵਿਜ਼ਟਰ ਅਤੇ 37 ਹਜ਼ਾਰ ਤੋਂ ਵੱਧ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ ਨੂੰ ਵੀਜ਼ੇ ਜਾਰੀ ਕੀਤੇ ਗਏ। ਡੀ.ਐੱਚ.ਐੱਸ. ਦਾ ਦਾਅਵਾ ਹੈ ਕਿ ਇੰਨੀ ਵੱਡੀ ਗਿਣਤੀ ਵਿਚ ਆਉਣ ਵਾਲੇ ਲੋਕਾਂ ਦੀ ਨਿਗਰਾਨੀ ਕਰਨਾ ਮੌਜੂਦਾ ਪ੍ਰਣਾਲੀ ਹੇਠ ਮੁਸ਼ਕਲ ਹੋ ਰਿਹਾ ਸੀ।

ਵਿਭਾਗ ਨੇ ਇਹ ਵੀ ਕਿਹਾ ਹੈ ਕਿ ਉਸ ਕੋਲ ਅਜਿਹੇ ਕਈ ਮਾਮਲੇ ਹਨ, ਜਿੱਥੇ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ ਸਾਲਾਂ ਤੱਕ ਅਮਰੀਕਾ ਵਿਚ ਰਹਿੰਦੇ ਰਹੇ। ਨਵੇਂ ਨਿਯਮਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹਰ ਕੁਝ ਸਾਲਾਂ ਬਾਅਦ ਉਨ੍ਹਾਂ ਦੀ ਯੋਗਤਾ ਅਤੇ ਇਮੀਗ੍ਰੇਸ਼ਨ ਸਥਿਤੀ ਦੀ ਮੁੜ ਸਮੀਖਿਆ ਕੀਤੀ ਜਾ ਸਕੇ।

ਇਹ ਨਿਯਮ ਫੈਡਰਲ ਰਜਿਸਟਰ ਵਿਚ ਪ੍ਰਕਾਸ਼ਿਤ ਹੋਣ ਤੋਂ 60 ਦਿਨ ਬਾਅਦ ਲਾਗੂ ਹੋਣਗੇ, ਹਾਲਾਂਕਿ ਇਹ ਕਾਂਗਰਸ ਦੀ ਸਮੀਖਿਆ ਦੇ ਅਧੀਨ ਰਹਿਣਗੇ।

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਫੈਸਲੇ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ, ਖੋਜਕਰਤਿਆਂ, ਐਕਸਚੇਂਜ ਪ੍ਰੋਗਰਾਮਾਂ ਅਤੇ ਵਿਦੇਸ਼ੀ ਪੱਤਰਕਾਰਾਂ ਲਈ ਪ੍ਰਸ਼ਾਸਨਿਕ ਕਾਰਵਾਈ ਅਤੇ ਖਰਚ ਦੋਵੇਂ ਵੱਧ ਸਕਦੇ ਹਨ।

# ਟਰੰਪ ਨੇ 24 ਘੰਟਿਆਂ ਦੇ ਅੰਦਰ ICE (ਆਈਸ) ਦੀਆਂ ਵਾਹਨ ਰੋਕਣ ਵਾਲੀਆਂ ਕਾਰਵਾਈਆਂ ਮੁੜ ਸ਼ੁਰੂ ਕਰਵਾਈਆਂ




ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਵੱਲੋਂ ਸੜਕਾਂ ਉੱਤੇ ਵਾਹਨ ਰੋਕ ਕੇ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ 'ਤੇ ਲਾਈ ਗਈ ਅਸਥਾਈ ਰੋਕ ਨੂੰ 24 ਘੰਟਿਆਂ ਤੋਂ ਵੀ ਘੱਟ ਸਮੇਂ ਵਿਚ ਵਾਪਸ ਲੈ ਲਿਆ ਹੈ। ਇਸ ਤੋਂ ਬਾਅਦ ਆਈਸ ਅਧਿਕਾਰੀਆਂ ਨੂੰ ਅਜਿਹੀਆਂ ਕਾਰਵਾਈਆਂ ਜਾਰੀ ਰੱਖਣ ਦੀ ਇਜਾਜ਼ਤ ਮਿਲ ਗਈ ਹੈ।

ਹੋਮਲੈਂਡ ਸਕਿਓਰਿਟੀ ਵਿਭਾਗ ਨੇ ਦੋ ਜਾਨਲੇਵਾ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਾਅਦ ਆਈਸ ਦੀਆਂ ਵਾਹਨ ਰੋਕਣ ਵਾਲੀਆਂ ਕਾਰਵਾਈਆਂ ਨੂੰ ਕੁਝ ਸਮੇਂ ਲਈ ਰੋਕਣ ਦਾ ਫੈਸਲਾ ਕੀਤਾ ਸੀ। ਵਿਭਾਗ ਦਾ ਮਕਸਦ ਅਧਿਕਾਰੀਆਂ ਦੀ ਸੁਰੱਖਿਆ, ਸਿਖਲਾਈ ਅਤੇ ਵਾਹਨਾਂ ਨੂੰ ਰੋਕਣ ਦੌਰਾਨ ਵਰਤੇ ਜਾਂਦੇ ਤਰੀਕਿਆਂ ਦੀ ਸਮੀਖਿਆ ਕਰਨਾ ਸੀ।

ਪਰ ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ ਉੱਤੇ ਕਿਹਾ ਕਿ ਵਾਹਨ ਰੋਕਣਾ ਆਈਸ ਲਈ ਅਪਰਾਧੀਆਂ ਵਿਰੁੱਧ ਵਰਤੇ ਜਾਣ ਵਾਲੇ ਸਭ ਤੋਂ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਸਾਧਨਾਂ ਵਿਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਇਸ ਤਰੀਕੇ ਨੂੰ ਛੱਡਣ ਨਾਲ ਅਪਰਾਧੀਆਂ ਨੂੰ ਫਾਇਦਾ ਹੋਵੇਗਾ।

ਟਰੰਪ ਨੇ ਆਈਸ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਮਝਦਾਰੀ, ਨਿਰਪੱਖਤਾ ਅਤੇ ਸਾਵਧਾਨੀ ਨਾਲ ਆਪਣਾ ਕੰਮ ਕਰਨ, ਪਰ ਵਾਹਨ ਰੋਕਣ ਵਾਲੀਆਂ ਕਾਰਵਾਈਆਂ ਨੂੰ ਬੰਦ ਨਾ ਕਰਨ। ਉਨ੍ਹਾਂ ਦੇ ਬਿਆਨ ਤੋਂ ਬਾਅਦ ਅਸਥਾਈ ਰੋਕ ਹਟਾ ਦਿੱਤੀ ਗਈ।

ਇਹ ਵਿਵਾਦ ਮੈਨ ਸੂਬੇ ਅਤੇ ਹਿਊਸਟਨ ਵਿਚ ਹੋਈਆਂ ਦੋ ਵੱਖ-ਵੱਖ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਾਅਦ ਸ਼ੁਰੂ ਹੋਇਆ। ਮੈਨ ਵਿਚ ਆਈਸ ਅਧਿਕਾਰੀਆਂ ਨੇ ਇੱਕ ਕੋਲੰਬੀਆਈ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਮ ਲੋਕਾਂ ਅਤੇ ਅਧਿਕਾਰੀਆਂ ਦੀ ਸੁਰੱਖਿਆ ਦਾ ਖ਼ਤਰਾ ਮਹਿਸੂਸ ਹੋਇਆ ਸੀ।

ਇਸ ਤੋਂ ਕੁਝ ਦਿਨ ਪਹਿਲਾਂ ਹਿਊਸਟਨ ਵਿਚ ਇੱਕ ਮੈਕਸੀਕਨ ਵਿਅਕਤੀ ਨੂੰ ਆਈਸ ਅਧਿਕਾਰੀਆਂ ਨੇ ਗੋਲੀ ਮਾਰ ਦਿੱਤੀ ਸੀ। ਵਿਭਾਗ ਨੇ ਦਾਅਵਾ ਕੀਤਾ ਕਿ ਅਧਿਕਾਰੀਆਂ ਨੇ ਆਪਣੇ ਬਚਾਅ ਵਿਚ ਗੋਲੀ ਚਲਾਈ ਸੀ। ਦੋਵਾਂ ਮਾਮਲਿਆਂ ਦੀ ਜਾਂਚ ਹਾਲੇ ਜਾਰੀ ਹੈ ਅਤੇ ਅਧਿਕਾਰੀਆਂ ਦੇ ਦਾਅਵਿਆਂ ਦਾ ਅੰਤਿਮ ਕਾਨੂੰਨੀ ਫੈਸਲਾ ਨਹੀਂ ਹੋਇਆ।

ਇਨ੍ਹਾਂ ਘਟਨਾਵਾਂ ਤੋਂ ਬਾਅਦ ਹੋਮਲੈਂਡ ਸਕਿਓਰਿਟੀ ਵਿਭਾਗ ਅਤੇ ਸਰਹੱਦੀ ਮਾਮਲਿਆਂ ਨਾਲ ਜੁੜੇ ਅਧਿਕਾਰੀਆਂ ਨੇ ਵਾਹਨ ਰੋਕਣ ਦੀਆਂ ਕਾਰਵਾਈਆਂ ਨੂੰ ਅਸਥਾਈ ਤੌਰ 'ਤੇ ਬੰਦ ਕਰਨ ਦੀ ਗੱਲ ਕਹੀ ਸੀ। ਪਰ ਇਹ ਫੈਸਲਾ ਇੱਕ ਦਿਨ ਵੀ ਪੂਰਾ ਲਾਗੂ ਨਹੀਂ ਰਹਿ ਸਕਿਆ।

ਸੈਨ ਡਿਆਗੋ ਦੀ ਪ੍ਰਵਾਸੀ ਹੱਕਾਂ ਲਈ ਕੰਮ ਕਰਨ ਵਾਲੀ ਸੰਸਥਾ ਯੂਨੀਅਨ ਡੇਲ ਬੈਰੀਓ ਦੇ ਬੈਂਜਾਮਿਨ ਪ੍ਰਾਡੋ ਨੇ ਕਿਹਾ ਕਿ ਉਸ ਨੂੰ ਇਹ ਰੋਕ ਤੁਰੰਤ ਹਟਾਏ ਜਾਣ ਉੱਤੇ ਕੋਈ ਹੈਰਾਨੀ ਨਹੀਂ ਹੋਈ। ਉਨ੍ਹਾਂ ਨੇ ਦੋਸ਼ ਲਾਇਆ ਕਿ ਟਰੰਪ ਦਾ ਸੁਨੇਹਾ ਆਈਸ ਅਧਿਕਾਰੀਆਂ ਨੂੰ ਹੋਰ ਹਮਲਾਵਰ ਕਾਰਵਾਈਆਂ ਲਈ ਉਤਸ਼ਾਹਿਤ ਕਰ ਸਕਦਾ ਹੈ।

ਪ੍ਰਾਡੋ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਆਈਸ ਦੀਆਂ ਕਾਰਵਾਈਆਂ ਨੂੰ ਦੇਖਦੀ ਅਤੇ ਦਰਜ ਕਰਦੀ ਰਹੇਗੀ, ਤਾਂ ਜੋ ਕਿਸੇ ਵੀ ਗਲਤ ਕਾਰਵਾਈ ਲਈ ਭਵਿੱਖ ਵਿਚ ਜਵਾਬਦੇਹੀ ਤੈਅ ਕੀਤੀ ਜਾ ਸਕੇ।

# ਸਾਲ 2100 ਤੱਕ ਅਮਰੀਕਾ ਦੇ ਲਗਭਗ ਅੱਧੇ ਸ਼ਹਿਰਾਂ ਦੀ ਆਬਾਦੀ ਘਟਣ ਦਾ ਖ਼ਤਰਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਹਜ਼ਾਰਾਂ ਸ਼ਹਿਰ ਆਉਣ ਵਾਲੇ ਦਹਾਕਿਆਂ ਵਿਚ ਆਬਾਦੀ ਦੀ ਵੱਡੀ ਕਮੀ ਦਾ ਸਾਹਮਣਾ ਕਰ ਸਕਦੇ ਹਨ। ਇਕ ਨਵੇਂ ਵਿਸ਼ਲੇਸ਼ਣ ਮੁਤਾਬਕ ਸਾਲ 2100 ਤੱਕ ਦੇਸ਼ ਦੇ ਲਗਭਗ 30 ਹਜ਼ਾਰ ਸ਼ਹਿਰਾਂ ਵਿਚੋਂ ਕਰੀਬ ਅੱਧੇ ਸ਼ਹਿਰਾਂ ਦੀ ਆਬਾਦੀ ਘਟ ਸਕਦੀ ਹੈ। ਕੁਝ ਮੀਡੀਆ ਰਿਪੋਰਟਾਂ ਨੇ ਇਸ ਸੰਭਾਵਨਾ ਨੂੰ ਅਮਰੀਕਾ ਵਿਚ "ਭੂਤੀਆ ਸ਼ਹਿਰਾਂ ਦੇ ਦੌਰ" ਦੀ ਸ਼ੁਰੂਆਤ ਵਜੋਂ ਪੇਸ਼ ਕੀਤਾ ਹੈ, ਹਾਲਾਂਕਿ ਅਧਿਐਨ ਦਾ ਮਤਲਬ ਇਹ ਨਹੀਂ ਕਿ ਇਹ ਸਾਰੇ ਸ਼ਹਿਰ ਪੂਰੀ ਤਰ੍ਹਾਂ ਖਾਲੀ ਹੋ ਜਾਣਗੇ।

ਯੂਨੀਵਰਸਿਟੀ ਆਫ਼ ਇਲਿਨੋਇਸ, ਸ਼ਿਕਾਗੋ ਦੇ ਖੋਜਕਾਰਾਂ ਵੱਲੋਂ ਕੀਤੇ ਗਏ ਅਧਿਐਨ ਅਨੁਸਾਰ ਆਬਾਦੀ ਘਟਣ ਨਾਲ ਪ੍ਰਭਾਵਿਤ ਸ਼ਹਿਰਾਂ ਵਿਚ ਰਹਿਣ ਵਾਲੀ ਕੁੱਲ ਆਬਾਦੀ ਦਾ ਲਗਭਗ 12 ਤੋਂ 23 ਫ਼ੀਸਦੀ ਹਿੱਸਾ ਘਟ ਸਕਦਾ ਹੈ। ਇਨ੍ਹਾਂ ਸ਼ਹਿਰਾਂ ਦੇ ਵਸੇ ਹੋਏ ਖੇਤਰ ਦਾ 27 ਤੋਂ 44 ਫ਼ੀਸਦੀ ਹਿੱਸਾ ਵੀ ਆਬਾਦੀ ਦੀ ਕਮੀ ਨਾਲ ਪ੍ਰਭਾਵਿਤ ਹੋ ਸਕਦਾ ਹੈ। ਇਹ ਅਧਿਐਨ 11 ਜਨਵਰੀ 2024 ਨੂੰ ਵਿਗਿਆਨਕ ਰਸਾਲੇ 'ਨੇਚਰ ਸਿਟੀਜ਼' ਵਿਚ ਪ੍ਰਕਾਸ਼ਿਤ ਹੋਇਆ ਸੀ।

ਖੋਜਕਾਰਾਂ ਨੇ ਸਾਲ 2000, 2010 ਅਤੇ 2020 ਦੀ ਅਮਰੀਕੀ ਜਨਗਣਨਾ ਅਤੇ ਅਮਰੀਕਨ ਕਮਿਊਨਿਟੀ ਸਰਵੇਖਣ ਦੇ ਅੰਕੜਿਆਂ ਦਾ ਅਧਿਐਨ ਕੀਤਾ। ਵਿਸ਼ਲੇਸ਼ਣ ਵਿਚ ਪਾਇਆ ਗਿਆ ਕਿ 2020 ਤੱਕ ਹੀ 43 ਫ਼ੀਸਦੀ ਅਮਰੀਕੀ ਸ਼ਹਿਰਾਂ ਦੀ ਆਬਾਦੀ ਘਟ ਰਹੀ ਸੀ, ਜਦਕਿ 40 ਫ਼ੀਸਦੀ ਸ਼ਹਿਰਾਂ ਦੀ ਆਬਾਦੀ ਵਧ ਰਹੀ ਸੀ ਅਤੇ 17 ਫ਼ੀਸਦੀ ਵਿਚ ਉਤਰਾਅ-ਚੜ੍ਹਾਅ ਵਾਲਾ ਰੁਝਾਨ ਸੀ। ਭਵਿੱਖ ਦੇ ਅੰਦਾਜ਼ਿਆਂ ਲਈ ਖੋਜਕਾਰਾਂ ਨੇ ਵੱਖ-ਵੱਖ ਸਮਾਜਿਕ, ਆਰਥਿਕ ਅਤੇ ਆਬਾਦੀ ਨਾਲ ਸਬੰਧਤ ਸੰਭਾਵੀ ਸਥਿਤੀਆਂ ਨੂੰ ਆਧਾਰ ਬਣਾਇਆ।

ਅਧਿਐਨ ਮੁਤਾਬਕ ਅਮਰੀਕਾ ਦੇ ਉੱਤਰ-ਪੂਰਬੀ ਅਤੇ ਮੱਧ-ਪੱਛਮੀ ਇਲਾਕਿਆਂ ਦੇ ਸ਼ਹਿਰਾਂ ਉੱਤੇ ਆਬਾਦੀ ਦੀ ਕਮੀ ਦਾ ਸਭ ਤੋਂ ਵੱਧ ਪ੍ਰਭਾਵ ਪੈ ਸਕਦਾ ਹੈ। ਕਲੀਵਲੈਂਡ, ਬਫ਼ੇਲੋ ਅਤੇ ਪਿਟਸਬਰਗ ਵਰਗੇ ਸ਼ਹਿਰਾਂ ਵਿਚ ਆਬਾਦੀ ਘਟਣ ਦਾ ਰੁਝਾਨ ਜਾਰੀ ਰਹਿਣ ਦੀ ਸੰਭਾਵਨਾ ਹੈ। ਲੁਈਵਿਲ, ਸਿਰਾਕਿਊਜ਼ ਅਤੇ ਨਿਊ ਹੈਵਨ ਵਰਗੇ ਕੁਝ ਸ਼ਹਿਰ, ਜਿੱਥੇ ਇਸ ਵੇਲੇ ਆਬਾਦੀ ਵਿਚ ਵੱਡੀ ਕਮੀ ਨਹੀਂ ਦਿਖ ਰਹੀ, ਭਵਿੱਖ ਵਿਚ ਵੀ ਇਸ ਸੰਕਟ ਦਾ ਸਾਹਮਣਾ ਕਰ ਸਕਦੇ ਹਨ।

# ਅਮਰੀਕਾ 'ਚ ਜੱਗੂ ਭਗਵਾਨਪੁਰੀਆ ਗੈਂਗ ਨਾਲ ਜੁੜਿਆ ਨੀਤੀਸ਼ ਕੌਸ਼ਲ ਐੱਫ.ਬੀ.ਆਈ. ਵੱਲੋਂ ਵਰਮਾਂਟ ਤੋਂ ਗ੍ਰਿਫ਼ਤਾਰ



ਵਰਮਾਂਟ, (ਪੰਜਾਬ ਮੇਲ)- ਅਮਰੀਕਾ ਦੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ ਪੰਜਾਬ ਨਾਲ ਸਬੰਧਤ ਕਥਿਤ ਸੰਗਠਿਤ ਅਪਰਾਧੀ ਨੈੱਟਵਰਕ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਨੀਤੀਸ਼ ਕੌਸ਼ਲ ਉਰਫ਼ 'ਲਾਲਾ' ਨੂੰ ਵਰਮਾਂਟ ਸੂਬੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਐੱਫ.ਬੀ.ਆਈ. ਨੇ ਕੁਝ ਦਿਨ ਪਹਿਲਾਂ ਹੀ ਉਸ ਨੂੰ ਆਪਣੀ ਮੋਸਟ ਵਾਂਟੇਡ ਸੂਚੀ ਵਿਚ ਸ਼ਾਮਲ ਕੀਤਾ ਸੀ ਅਤੇ ਹੁਣ ਉਸ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕਰ ਦਿੱਤੀ ਹੈ। ਐੱਫ.ਬੀ.ਆਈ. ਦਾ ਦੋਸ਼ ਹੈ ਕਿ ਨੀਤੀਸ਼ ਕੌਸ਼ਲ ਜੱਗੂ ਭਗਵਾਨਪੁਰੀਆ ਆਰਗੇਨਾਈਜ਼ਡ ਕਰਾਈਮ ਗਰੁੱਪ ਨਾਲ ਜੁੜਿਆ ਹੋਇਆ ਸੀ ਅਤੇ ਇਹ ਗਰੁੱਪ ਪੰਜਾਬ ਤੋਂ ਸ਼ੁਰੂ ਹੋ ਕੇ ਅਮਰੀਕਾ ਸਮੇਤ ਹੋਰ ਦੇਸ਼ਾਂ ਤੱਕ ਆਪਣੀਆਂ ਗਤੀਵਿਧੀਆਂ ਫੈਲਾ ਚੁੱਕਾ ਹੈ। ਏਜੰਸੀ ਦੇ ਅਨੁਸਾਰ ਇਹ ਗਰੁੱਪ ਕਤਲ, ਅਗਵਾ, ਨਸ਼ਾ ਤਸਕਰੀ, ਵਸੂਲੀ, ਹਥਿਆਰਾਂ ਦੀ ਤਸਕਰੀ, ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਵਰਗੀਆਂ ਸੰਗਠਿਤ ਅਪਰਾਧਿਕ ਗਤੀਵਿਧੀਆਂ ਨਾਲ ਜੁੜਿਆ ਹੋਇਆ ਹੈ। ਇਹ ਦੋਸ਼ ਹਨ, ਜਿਨ੍ਹਾਂ ਦਾ ਅਦਾਲਤ ਵਿਚ ਨਿਪਟਾਰਾ ਹੋਣਾ ਬਾਕੀ ਹੈ।

ਅਮਰੀਕੀ ਅਧਿਕਾਰੀਆਂ ਮੁਤਾਬਕ ਨੀਤੀਸ਼ ਕੌਸ਼ਲ ਖ਼ਿਲਾਫ਼ ਕੈਲੀਫੋਰਨੀਆ ਦੀ ਫੈਡਰਲ ਅਦਾਲਤ ਵਿਚ ਰੈਕੇਟੀਅਰ ਇਨਫਲੂਐਂਸਡ ਐਂਡ ਕਰੱਪਟ ਔਰਗਨਾਈਜ਼ੇਸ਼ਨ ਐਕਟ (ਆਰ.ਆਈ.ਸੀ.ਓ.) ਤਹਿਤ ਸਾਜ਼ਿਸ਼ ਦਾ ਕੇਸ ਦਰਜ ਹੈ। ਆਰ.ਆਈ.ਸੀ.ਓ. ਕਾਨੂੰਨ ਸੰਗਠਿਤ ਅਪਰਾਧੀ ਗਿਰੋਹਾਂ ਖ਼ਿਲਾਫ਼ ਵਰਤਿਆ ਜਾਣ ਵਾਲਾ ਅਮਰੀਕਾ ਦਾ ਸਖ਼ਤ ਕਾਨੂੰਨ ਹੈ।

ਐੱਫ.ਬੀ.ਆਈ. ਨੇ ਦੱਸਿਆ ਕਿ ਵਰਮਾਂਟ ਵਿਚ ਕੀਤੀ ਗਈ ਇਹ ਗ੍ਰਿਫ਼ਤਾਰੀ ਸਰਹੱਦੀ ਸੁਰੱਖਿਆ ਏਜੰਸੀਆਂ ਦੇ ਸਹਿਯੋਗ ਨਾਲ ਕੀਤੀ ਗਈ। ਏਜੰਸੀ ਨੇ ਇਸ ਨੂੰ ਅੰਤਰਰਾਸ਼ਟਰੀ ਸੰਗਠਿਤ ਅਪਰਾਧਿਕ ਨੈੱਟਵਰਕਾਂ ਖ਼ਿਲਾਫ਼ ਚੱਲ ਰਹੀ ਮੁਹਿੰਮ ਦੀ ਇੱਕ ਮਹੱਤਵਪੂਰਨ ਸਫਲਤਾ ਕਰਾਰ ਦਿੱਤਾ ਹੈ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ ਅਤੇ ਅਗਲੇ ਪੜਾਅ ਵਿਚ ਹੋਰ ਗ੍ਰਿਫ਼ਤਾਰੀਆਂ ਜਾਂ ਕਾਨੂੰਨੀ ਕਾਰਵਾਈ ਵੀ ਹੋ ਸਕਦੀ ਹੈ।

# ਅਮਰੀਕੀ ਸਰਹੱਦੀ ਸੁਰੱਖਿਆ ਵਿਭਾਗ ਵੱਲੋਂ ਵੈਟਰਨਾਂ ਅਤੇ ਫੌਜੀ ਪਰਿਵਾਰਾਂ ਲਈ ਭਰਤੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਦੇਸ਼ ਭਰ ਵਿਚ ਕਾਨੂੰਨ ਲਾਗੂ ਕਰਨ ਅਤੇ ਵਿਭਾਗੀ ਕਾਰਵਾਈਆਂ ਨਾਲ ਸਬੰਧਤ ਮਹੱਤਵਪੂਰਨ ਅਹੁਦਿਆਂ ਲਈ ਭਰਤੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਭਰਤੀ ਵਿਚ ਅਮਰੀਕੀ ਫੌਜ ਦੇ ਸਾਬਕਾ ਸੈਨਿਕਾਂ ਅਤੇ ਫੌਜੀ ਕਰਮਚਾਰੀਆਂ ਦੇ ਜੀਵਨ ਸਾਥੀਆਂ ਨੂੰ ਵਿਸ਼ੇਸ਼ ਤੌਰ 'ਤੇ ਰੁਜ਼ਗਾਰ ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਸੀ.ਬੀ.ਪੀ. ਵੱਲੋਂ 23 ਜੁਲਾਈ 2026 ਨੂੰ ਦੁਪਹਿਰ 2 ਵਜੇ ਪੂਰਬੀ ਸਮੇਂ ਅਨੁਸਾਰ ਇੱਕ ਸਿੱਧਾ ਆਨਲਾਈਨ ਪ੍ਰੋਗਰਾਮ ਕਰਵਾਇਆ ਜਾਵੇਗਾ। ਕੈਲੀਫੋਰਨੀਆ ਦੇ ਸਮੇਂ ਮੁਤਾਬਕ ਇਹ ਪ੍ਰੋਗਰਾਮ ਸਵੇਰੇ 11 ਵਜੇ ਹੋਵੇਗਾ। ਇਸ ਆਨਲਾਈਨ ਸਮਾਗਮ ਦੌਰਾਨ ਵੈਟਰਨਾਂ ਅਤੇ ਫੌਜੀ ਜੀਵਨ ਸਾਥੀਆਂ ਨੂੰ ਸੀ.ਬੀ.ਪੀ. ਵਿਚ ਉਪਲਬਧ ਨੌਕਰੀਆਂ, ਅਰਜ਼ੀ ਪ੍ਰਕਿਰਿਆ, ਯੋਗਤਾਵਾਂ, ਤਨਖਾਹ, ਲਾਭਾਂ ਅਤੇ ਭਰਤੀ ਦੌਰਾਨ ਮਿਲ ਸਕਣ ਵਾਲੀਆਂ ਵਿਸ਼ੇਸ਼ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਵੈਬੀਨਾਰ ਵਿਚ ਹਿੱਸਾ ਲੈਣ ਵਾਲੇ ਲੋਕ ਸੀ.ਬੀ.ਪੀ. ਦੇ ਭਰਤੀ ਅਧਿਕਾਰੀਆਂ ਨਾਲ ਸਿੱਧੀ ਗੱਲਬਾਤ ਕਰ ਸਕਣਗੇ ਅਤੇ ਆਪਣੀ ਯੋਗਤਾ ਜਾਂ ਅਰਜ਼ੀ ਨਾਲ ਸਬੰਧਤ ਸਵਾਲ ਪੁੱਛ ਸਕਣਗੇ। ਪ੍ਰੋਗਰਾਮ ਲਈ ਆਨਲਾਈਨ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੋਵੇਗੀ।

## ਕੁਝ ਅਹੁਦਿਆਂ 'ਤੇ 60 ਹਜ਼ਾਰ ਡਾਲਰ ਤੱਕ ਪ੍ਰੋਤਸਾਹਨ

ਸੀ.ਬੀ.ਪੀ. ਦੇ ਮਨੁੱਖੀ ਸਰੋਤ ਪ੍ਰਬੰਧਨ ਦਫ਼ਤਰ ਦੀ ਸਹਾਇਕ ਕਮਿਸ਼ਨਰ ਐਂਡਰੀਆ ਬ੍ਰਾਇਟ ਨੇ ਕਿਹਾ ਕਿ ਸੀ.ਬੀ.ਪੀ. ਵੈਟਰਨਾਂ ਅਤੇ ਫੌਜੀ ਪਰਿਵਾਰਾਂ ਲਈ ਇੱਕ ਸੁਆਗਤਯੋਗ ਰੁਜ਼ਗਾਰਦਾਤਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਦੇ ਲਗਭਗ ਇੱਕ-ਚੌਥਾਈ ਕਰਮਚਾਰੀ ਪਹਿਲਾਂ ਅਮਰੀਕੀ ਫੌਜ ਵਿਚ ਸੇਵਾ ਕਰ ਚੁੱਕੇ ਹਨ। ਇਸ ਲਈ ਸਾਬਕਾ ਸੈਨਿਕਾਂ ਨੂੰ ਸੀ.ਬੀ.ਪੀ. ਦੇ ਮਿਸ਼ਨ-ਅਧਾਰਿਤ ਕੰਮ, ਟੀਮ ਭਾਵਨਾ ਅਤੇ ਸਹਾਇਕ ਕਾਰਜ-ਸੰਸਕ੍ਰਿਤੀ ਨਾਲ ਜੁੜਨਾ ਆਸਾਨ ਰਹਿੰਦਾ ਹੈ।

ਸੀ.ਬੀ.ਪੀ. ਵੱਲੋਂ ਭਰਤੀ ਕੀਤੇ ਜਾਣ ਵਾਲੇ ਕਰਮਚਾਰੀਆਂ ਨੂੰ ਪੇਸ਼ੇਵਰ ਸਿਖਲਾਈ, ਮੁਕਾਬਲੇਯੋਗ ਤਨਖਾਹ ਅਤੇ ਸੰਘੀ ਸਰਕਾਰ ਦੇ ਵਿਸਥਾਰਤ ਲਾਭ ਦਿੱਤੇ ਜਾਂਦੇ ਹਨ। ਇਨ੍ਹਾਂ ਲਾਭਾਂ ਵਿਚ ਸਿਹਤ ਬੀਮਾ, ਰਿਟਾਇਰਮੈਂਟ ਯੋਜਨਾ, ਛੁੱਟੀਆਂ, ਬੀਮਾਰੀ ਦੀ ਛੁੱਟੀ ਅਤੇ ਹੋਰ ਸਰਕਾਰੀ ਕਰਮਚਾਰੀ ਸਹੂਲਤਾਂ ਸ਼ਾਮਲ ਹੋ ਸਕਦੀਆਂ ਹਨ।

ਵਿਭਾਗ ਅਨੁਸਾਰ ਕੁਝ ਨਿਰਧਾਰਤ ਸਥਾਨਾਂ 'ਤੇ ਨਿਯੁਕਤ ਹੋਣ ਵਾਲੇ ਨਵੇਂ ਸੀ.ਬੀ.ਪੀ. ਅਧਿਕਾਰੀ ਅਤੇ ਏਜੰਟ 60 ਹਜ਼ਾਰ ਡਾਲਰ ਤੱਕ ਦੇ ਪ੍ਰੋਤਸਾਹਨ ਭੁਗਤਾਨ ਲਈ ਯੋਗ ਹੋ ਸਕਦੇ ਹਨ। ਹਾਲਾਂਕਿ ਇਹ ਰਕਮ ਹਰ ਅਹੁਦੇ ਜਾਂ ਹਰ ਸਥਾਨ ਲਈ ਉਪਲਬਧ ਨਹੀਂ ਹੋਵੇਗੀ। ਇਸ ਦੀ ਯੋਗਤਾ ਨੌਕਰੀ ਦੇ ਅਹੁਦੇ, ਕੰਮ ਕਰਨ ਵਾਲੇ ਸਥਾਨ, ਸੇਵਾ ਦੀਆਂ ਸ਼ਰਤਾਂ ਅਤੇ ਸੰਘੀ ਨਿਯਮਾਂ ਉੱਤੇ ਨਿਰਭਰ ਕਰੇਗੀ।

ਸੀ.ਬੀ.ਪੀ. ਵਿਚ ਕਾਨੂੰਨ ਲਾਗੂ ਕਰਨ ਵਾਲੇ ਅਹੁਦਿਆਂ ਵਿਚ ਸੀ.ਬੀ.ਪੀ. ਅਫਸਰ, ਬਾਰਡਰ ਪੈਟਰੋਲ ਏਜੰਟ, ਏਅਰ ਅਤੇ ਮਰੀਨ ਕਾਰਵਾਈਆਂ ਨਾਲ ਸਬੰਧਤ ਅਹੁਦੇ ਅਤੇ ਹੋਰ ਸੁਰੱਖਿਆ ਜ਼ਿੰਮੇਵਾਰੀਆਂ ਸ਼ਾਮਲ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਵਿਭਾਗ ਨੂੰ ਪ੍ਰਸ਼ਾਸਨ, ਤਕਨੀਕੀ ਸਹਾਇਤਾ, ਜਾਣਕਾਰੀ ਤਕਨਾਲੋਜੀ, ਖੁਫੀਆ ਵਿਸ਼ਲੇਸ਼ਣ, ਵਿੱਤੀ ਪ੍ਰਬੰਧਨ, ਮਨੁੱਖੀ ਸਰੋਤ ਅਤੇ ਹੋਰ ਵਿਭਾਗੀ ਕਾਰਵਾਈਆਂ ਲਈ ਵੀ ਕਰਮਚਾਰੀਆਂ ਦੀ ਲੋੜ ਹੁੰਦੀ ਹੈ।

ਸਾਰੇ ਸੀ.ਬੀ.ਪੀ. ਅਹੁਦਿਆਂ ਉੱਤੇ ਅਮਰੀਕੀ ਸੰਘੀ ਸਰਕਾਰ ਦੇ ਭਰਤੀ ਨਿਯਮ ਲਾਗੂ ਹੋਣਗੇ। ਅਰਜ਼ੀ ਦੇਣ ਵਾਲੇ ਵਿਅਕਤੀ ਦਾ ਅਮਰੀਕੀ ਨਾਗਰਿਕ ਹੋਣਾ ਲਾਜ਼ਮੀ ਹੈ। ਇਸ ਦੇ ਨਾਲ ਅਹੁਦੇ ਦੇ ਮੁਤਾਬਕ ਸਿੱਖਿਆ, ਕੰਮ ਦਾ ਤਜ਼ਰਬਾ, ਸਰੀਰਕ ਯੋਗਤਾ, ਪਿਛੋਕੜ ਜਾਂਚ, ਮੈਡੀਕਲ ਜਾਂਚ, ਨਸ਼ਾ ਜਾਂਚ ਅਤੇ ਹੋਰ ਸੁਰੱਖਿਆ ਮਾਪਦੰਡ ਪੂਰੇ ਕਰਨੇ ਪੈ ਸਕਦੇ ਹਨ।

ਕੁਝ ਫੌਜੀ ਜੀਵਨ ਸਾਥੀ ਸੰਘੀ ਸਰਕਾਰ ਦੀ ਗੈਰ-ਮੁਕਾਬਲਾਤਮਕ ਨਿਯੁਕਤੀ ਪ੍ਰਣਾਲੀ ਲਈ ਯੋਗ ਹੋ ਸਕਦੇ ਹਨ। ਇਸ ਪ੍ਰਬੰਧ ਅਧੀਨ ਯੋਗ ਫੌਜੀ ਜੀਵਨ ਸਾਥੀਆਂ ਨੂੰ ਕੁਝ ਸੰਘੀ ਅਹੁਦਿਆਂ ਲਈ ਆਮ ਮੁਕਾਬਲਾਤਮਕ ਭਰਤੀ ਪ੍ਰਕਿਰਿਆ ਤੋਂ ਬਿਨਾਂ ਵਿਚਾਰਿਆ ਜਾ ਸਕਦਾ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਨੌਕਰੀ ਆਪਣੇ ਆਪ ਮਿਲ ਜਾਵੇਗੀ। ਉਮੀਦਵਾਰ ਨੂੰ ਅਹੁਦੇ ਲਈ ਲੋੜੀਂਦੀਆਂ ਬੁਨਿਆਦੀ ਯੋਗਤਾਵਾਂ ਅਤੇ ਹੋਰ ਲਾਜ਼ਮੀ ਸ਼ਰਤਾਂ ਪੂਰੀਆਂ ਕਰਨੀ ਹੀ ਪੈਣਗੀਆਂ।

# ਅਮਰੀਕਾ 'ਚ ਸਰਕਾਰੀ ਸਹੂਲਤਾਂ ਲੈਣ ਵਾਲੇ ਪ੍ਰਵਾਸੀਆਂ ਨੂੰ ਨਹੀਂ ਮਿਲੇਗਾ ਗਰੀਨ ਕਾਰਡ!

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਇੱਕ ਵਾਰ ਫਿਰ ਉਸ ਵਿਵਾਦਤ ਨਿਯਮ ਨੂੰ ਲਾਗੂ ਕਰਨ ਦੀ ਤਿਆਰੀ ਕਰ ਲਈ ਹੈ, ਜਿਸ ਤਹਿਤ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਵਾਲੇ ਪ੍ਰਵਾਸੀਆਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਨਿਊਜ਼ ਏਜੰਸੀ ਐਸੋਸੀਏਟਡ ਪ੍ਰੈੱਸ (ਏ.ਪੀ.) ਮੁਤਾਬਕ ਪਬਲਿਕ ਚਾਰਜ ਵਜੋਂ ਜਾਣੀ ਜਾਂਦੀ ਇਸ ਨੀਤੀ ਨੂੰ ਵੀਰਵਾਰ ਨੂੰ ਫੈਡਰਲ ਰਜਿਸਟਰ ਵਿਚ ਦਰਜ ਕਰ ਲਿਆ ਗਿਆ ਹੈ ਅਤੇ 20 ਜੁਲਾਈ ਨੂੰ ਇਸ ਨੂੰ ਰਸਮੀ ਤੌਰ 'ਤੇ ਪ੍ਰਕਾਸ਼ਿਤ ਕਰ ਦਿੱਤਾ ਜਾਵੇਗਾ। ਇਸ ਫੈਸਲੇ ਨਾਲ ਅਮਰੀਕਾ ਵਿਚ ਪੱਕੇ ਹੋਣ ਦੀ ਉਮੀਦ ਰੱਖਣ ਵਾਲੇ ਲੱਖਾਂ ਪ੍ਰਵਾਸੀਆਂ ਦੇ ਭਵਿੱਖ 'ਤੇ ਵੱਡਾ ਅਸਰ ਪੈ ਸਕਦਾ ਹੈ।

ਇਸ ਨਿਯਮ ਦੇ ਮੁੜ ਬਹਾਲ ਹੋਣ ਨਾਲ ਉਨ੍ਹਾਂ ਪ੍ਰਵਾਸੀਆਂ ਲਈ ਗਰੀਨ ਕਾਰਡ ਹਾਸਲ ਕਰਨਾ ਬੇਹੱਦ

**■ ਜਲਦੀ ਲਾਗੂ ਹੋਵੇਗਾ ਨਿਯਮ**

**■ ਜਨਤਕ ਲਾਭ ਲੈਣ ਵਾਲਿਆਂ ਲਈ ਗਰੀਨ ਕਾਰਡ ਨਿਯਮ ਹੋਵੇਗਾ ਸਖ਼ਤ**

ਮੁਸ਼ਕਿਲ ਹੋ ਜਾਵੇਗਾ, ਜੋ ਗੁਜ਼ਾਰੇ ਲਈ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਮਦਦ ਦੀ ਵਰਤੋਂ ਕਰਦੇ ਹਨ। ਇਸ ਮਦਦ ਵਿਚ ਗਰੀਬਾਂ ਨੂੰ ਮਿਲਣ ਵਾਲਾ ਰਾਸ਼ਨ (ਫੂਡ ਸਟੈਂਪ), ਮੁਫ਼ਤ ਇਲਾਜ ਦੀ ਸਹੂਲਤ (ਮੈਡੀਕੇਡ), ਰਹਿਣ ਲਈ ਮਿਲਣ ਵਾਲੇ ਸਰਕਾਰੀ ਮਕਾਨ (ਹਾਊਸਿੰਗ ਵਾਊਚਰ) ਅਤੇ ਹੋਰ ਕਈ ਜਨਤਕ ਯੋਜਨਾਵਾਂ ਸ਼ਾਮਲ ਹਨ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਮਰੀਕਾ ਆਉਣ ਵਾਲੇ ਪ੍ਰਵਾਸੀ ਦੇਸ਼ 'ਤੇ ਆਰਥਿਕ ਬੋਝ ਬਣਨ ਦੀ ਬਜਾਏ ਖ਼ੁਦ ਆਤਮਨਿਰਭਰ ਹੋਣ।

ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਨੇ ਅਜਿਹਾ ਨਿਯਮ ਮੁੜ ਲਾਗੂ ਕਰ




ਸਕਦਾ ਹੈ, ਜਿਸ ਤਹਿਤ ਜਨਤਕ ਲਾਭਾਂ (ਸਰਕਾਰੀ ਸਹੂਲਤਾਂ) ਦੀ ਵਰਤੋਂ ਕਰਨ ਵਾਲੇ ਪ੍ਰਵਾਸੀਆਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਅਮਰੀਕਾ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਦੇਸ਼ ਵਿਚ ਆਉਣ ਵਾਲੇ ਲੋਕ ਆਰਥਿਕ ਤੌਰ 'ਤੇ ਆਤਮਨਿਰਭਰ ਹੋਣੇ ਚਾਹੀਦੇ ਹਨ, ਨਾ ਕਿ ਸਰਕਾਰੀ ਮਦਦ 'ਤੇ ਨਿਰਭਰ।

ਇਸ ਨਿਯਮ ਦੇ ਮੁੜ ਬਹਾਲ ਹੋਣ ਨਾਲ ਉਨ੍ਹਾਂ ਪ੍ਰਵਾਸੀਆਂ ਲਈ ਮੁਸ਼ਕਿਲਾਂ ਖੜ੍ਹੀਆਂ ਹੋ ਜਾਣਗੀਆਂ, ਜੋ ਸਰਕਾਰ ਵੱਲੋਂ ਮਿਲਣ ਵਾਲੀ ਕਿਸੇ ਵੀ ਤਰ੍ਹਾਂ ਦੀ ਮਦਦ ਜਿਵੇਂ ਮੁਫ਼ਤ ਇਲਾਜ ਜਾਂ ਹੋਰ ਵਿੱਤੀ ਸਹੂਲਤਾਂ ਦਾ ਲਾਭ ਲੈ ਰਹੇ ਹਨ। ਅਜਿਹੇ ਪ੍ਰਵਾਸੀਆਂ ਨੂੰ ਅਮਰੀਕਾ ਵਿਚ ਪੱਕੀ ਰਿਹਾਇਸ਼ ਯਾਨੀ ਗਰੀਨ ਕਾਰਡ ਮਿਲਣ ਵਿਚ ਵੱਡੀ ਰੁਕਾਵਟ ਆ ਸਕਦੀ ਹੈ, ਕਿਉਂਕਿ ਨਵੇਂ ਨਿਯਮਾਂ ਅਧੀਨ ਉਨ੍ਹਾਂ ਨੂੰ ਦੇਸ਼ ਲਈ ਬੋਝ ਮੰਨਿਆ ਜਾ ਸਕਦਾ ਹੈ।

ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਕਦਮ ਦਾ ਮੁੱਖ ਉਦੇਸ਼ ਅਮਰੀਕੀ ਟੈਕਸਦਾਤਾਵਾਂ ਦੇ ਪੈਸੇ ਦੀ ਬੱਚਤ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਅਮਰੀਕਾ ਆਉਣ ਵਾਲੇ ਲੋਕ ਖ਼ੁਦ ਆਪਣਾ ਖਰਚਾ ਚੁੱਕਣ ਦੇ ਯੋਗ ਹੋਣ। ਦੂਜੇ ਪਾਸੇ, ਪ੍ਰਵਾਸੀਆਂ ਦੇ ਹੱਕਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਇਸ ਫੈਸਲੇ ਦਾ ਸਖ਼ਤ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਿਯਮ ਨਾਲ ਲੋੜਵੰਦ ਲੋਕ ਬੁਨਿਆਦੀ ਸਹੂਲਤਾਂ ਅਤੇ ਸਿਹਤ ਸੇਵਾਵਾਂ ਲੈਣ ਤੋਂ ਵੀ ਡਰਨਗੇ, ਜਿਸ ਕਾਰਨ ਸਮਾਜ ਵਿਚ ਗਰੀਬੀ ਅਤੇ ਬਿਮਾਰੀਆਂ ਹੋਰ ਵਧ ਸਕਦੀਆਂ ਹਨ।

# ਅਮਰੀਕਾ ਦੇ ਨਵੇਂ 1 ਡਾਲਰ ਯਾਦਗਾਰੀ ਸਿੱਕੇ 'ਤੇ ਹੋਵੇਗੀ ਡੋਨਾਲਡ ਟਰੰਪ ਦੀ ਤਸਵੀਰ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਖ਼ਜ਼ਾਨਾ ਵਿਭਾਗ ਨੇ ਐਲਾਨ ਕੀਤਾ ਹੈ ਕਿ ਇਸ ਸਾਲ ਪਤਝੜ (Fall 2026) ਤੋਂ ਇੱਕ ਨਵਾਂ 1 ਡਾਲਰ ਦਾ ਸੋਨੇ-ਰੰਗ ਵਾਲਾ ਯਾਦਗਾਰੀ ਸਿੱਕਾ ਜਾਰੀ ਕੀਤਾ ਜਾਵੇਗਾ, ਜਿਸ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਸਵੀਰ ਹੋਵੇਗੀ। ਖ਼ਜ਼ਾਨਾ ਮੰਤਰੀ ਸਕਾਟ ਬੈਸੈਂਟ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਸਿੱਕਾ ਅਮਰੀਕਾ ਦੀ 250ਵੀਂ ਵਰ੍ਹੇਗੰਢ ਦੇ ਜਸ਼ਨਾਂ ਦਾ ਹਿੱਸਾ ਹੋਵੇਗਾ।

ਬੈਸੈਂਟ ਨੇ ਕਿਹਾ ਕਿ ਇਹ ਸਿੱਕਾ "ਆਜ਼ਾਦੀ ਦੀ ਸਥਾਈ ਵਿਰਾਸਤ ਅਤੇ ਦੇਸ਼ਭਗਤੀ ਦੇ ਪ੍ਰਤੀਕ" ਵਜੋਂ ਜਾਰੀ ਕੀਤਾ ਜਾ ਰਿਹਾ ਹੈ। ਉਨ੍ਹਾਂ ਮੁਤਾਬਕ ਇਸ 'ਤੇ ਰਾਸ਼ਟਰਪਤੀ ਟਰੰਪ ਦੀ ਤਸਵੀਰ ਅਮਰੀਕੀ ਕਦਰਾਂ-ਕੀਮਤਾਂ, ਤਾਕਤ ਅਤੇ ਆਜ਼ਾਦੀ ਦੀ ਰੱਖਿਆ ਦੇ ਸੰਕਲਪ ਨੂੰ ਦਰਸਾਉਂਦੀ ਹੈ।

ਖ਼ਜ਼ਾਨਾ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਸਿੱਕੇ ਦਾ ਉਤਪਾਦਨ ਸ਼ੁਰੂ ਹੋ ਚੁੱਕਾ ਹੈ। ਹਾਲਾਂਕਿ ਇਹ ਖ਼ਾਲਿਸ ਸੋਨੇ ਦਾ ਸਿੱਕਾ ਨਹੀਂ ਹੋਵੇਗਾ, ਸਗੋਂ ਆਮ ਧਾਤਾਂ ਨਾਲ ਬਣਾਇਆ ਜਾਵੇਗਾ ਅਤੇ ਇਸ ਨੂੰ ਸੋਨੇ ਵਰਗੀ ਚਮਕ ਦਿੱਤੀ ਜਾਵੇਗੀ।

ਇਸ ਤੋਂ ਪਹਿਲਾਂ ਮਈ ਮਹੀਨੇ ਵਿਚ ਟਰੰਪ ਪ੍ਰਸ਼ਾਸਨ ਨੇ 250 ਡਾਲਰ ਦੇ ਨੋਟ




'ਤੇ ਟਰੰਪ ਦੀ ਤਸਵੀਰ ਲਗਾਉਣ ਦੀ ਸੰਭਾਵਨਾ ਵੀ ਜਤਾਈ ਸੀ। ਪਰ ਖ਼ਜ਼ਾਨਾ ਮੰਤਰੀ ਨੇ ਉਸ ਸਮੇਂ ਸਪੱਸ਼ਟ ਕੀਤਾ ਸੀ ਕਿ ਮੌਜੂਦਾ ਸੰਘੀ ਕਾਨੂੰਨ ਅਨੁਸਾਰ ਕਿਸੇ ਜੀਵਿਤ ਵਿਅਕਤੀ ਦੀ ਤਸਵੀਰ ਅਮਰੀਕੀ ਕਾਗਜ਼ੀ ਕਰੰਸੀ 'ਤੇ ਨਹੀਂ ਛਾਪੀ ਜਾ ਸਕਦੀ, ਜਦੋਂ ਤੱਕ ਕਾਂਗਰਸ ਕਾਨੂੰਨ ਵਿਚ ਤਬਦੀਲੀ ਨਾ ਕਰੇ।

ਅਮਰੀਕੀ ਕਾਨੂੰਨ ਅਨੁਸਾਰ ਕਾਗਜ਼ੀ ਨੋਟਾਂ ਅਤੇ ਹੋਰ ਸਰਕਾਰੀ ਸੁਰੱਖਿਆ ਪੱਤਰਾਂ 'ਤੇ ਸਿਰਫ਼ ਮ੍ਰਿਤਕ ਵਿਅਕਤੀਆਂ ਦੀਆਂ ਤਸਵੀਰਾਂ ਹੀ ਹੋ ਸਕਦੀਆਂ ਹਨ ਅਤੇ ਉਨ੍ਹਾਂ ਦਾ ਨਾਮ ਵੀ ਤਸਵੀਰ ਹੇਠ ਲਿਖਿਆ ਜਾਣਾ ਲਾਜ਼ਮੀ ਹੈ।

ਹਾਲਾਂਕਿ ਟਰੰਪ ਪ੍ਰਸ਼ਾਸਨ ਦਾ ਦਲੀਲ ਹੈ ਕਿ 2020 ਵਿਚ ਪਾਸ ਹੋਏ ਇੱਕ ਕਾਨੂੰਨ ਅਧੀਨ ਅਮਰੀਕਾ ਦੀ 250ਵੀਂ ਵਰ੍ਹੇਗੰਢ ਨੂੰ ਸਮਰਪਿਤ ਖ਼ਾਸ 1 ਡਾਲਰ ਦੇ ਸਿੱਕੇ ਨਵੇਂ ਡਿਜ਼ਾਈਨਾਂ ਨਾਲ ਜਾਰੀ ਕੀਤੇ ਜਾ ਸਕਦੇ ਹਨ। ਇਸੇ ਕਾਨੂੰਨ ਦੇ ਆਧਾਰ 'ਤੇ ਟਰੰਪ ਦੀ ਤਸਵੀਰ ਵਾਲੇ ਸਿੱਕੇ ਨੂੰ ਮਨਜ਼ੂਰੀ ਦਿੱਤੀ ਗਈ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਇਮੀਗ੍ਰੇਸ਼ਨ ਨੀਤੀਆਂ ਅਮਰੀਕੀ ਸੁਪਰੀਮ ਕੋਰਟ 'ਚ ਕਾਨੂੰਨੀ ਚੁਣੌਤੀਆਂ ਦਾ ਕਰ ਰਹੀਆਂ ਨੇ ਸਾਹਮਣਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤੀਆਂ ਅਤੇ ਪ੍ਰਸਤਾਵਿਤ ਕਈ ਇਮੀਗ੍ਰੇਸ਼ਨ ਨੀਤੀਆਂ ਇਸ ਸਮੇਂ ਫੈਡਰਲ ਅਦਾਲਤਾਂ ਅਤੇ ਅਮਰੀਕੀ ਸੁਪਰੀਮ ਕੋਰਟ 'ਚ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ। ਇਨ੍ਹਾਂ ਕੇਸਾਂ ਦੇ ਫੈਸਲੇ ਆਉਣ ਵਾਲੇ ਮਹੀਨਿਆਂ ਵਿਚ ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ, ਲੱਖਾਂ ਪ੍ਰਵਾਸੀਆਂ ਅਤੇ ਵੀਜ਼ਾ ਧਾਰਕਾਂ 'ਤੇ ਡੂੰਘਾ ਅਸਰ ਪਾ ਸਕਦੇ ਹਨ।

ਸਭ ਤੋਂ ਮਹੱਤਵਪੂਰਨ ਮਾਮਲਿਆਂ ਵਿਚ ਟੈਂਪਰੇਰੀ ਪ੍ਰੋਟੈਕਟਡ ਸਟੇਟਸ (ਟੀ.ਪੀ.ਐਸ.) ਨਾਲ ਸਬੰਧਤ ਕੇਸ ਸ਼ਾਮਲ ਹੈ। ਟਰੰਪ ਪ੍ਰਸ਼ਾਸਨ ਵੱਲੋਂ ਕੁਝ ਦੇਸ਼ਾਂ ਦੇ ਨਾਗਰਿਕਾਂ ਲਈ ਟੀ.ਪੀ.ਐੱਸ. ਸੁਰੱਖਿਆ ਖਤਮ ਕਰਨ ਦੇ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਹੈ। ਸੀਰੀਆ ਅਤੇ ਹੈਤੀ ਸਮੇਤ ਕਈ ਦੇਸ਼ਾਂ ਦੇ ਟੀ.ਪੀ.ਐੱਸ. ਲਾਭਪਾਤਰੀਆਂ ਦੇ ਭਵਿੱਖ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਕਾਨੂੰਨੀ ਕਾਰਵਾਈ ਜਾਰੀ ਹੈ।

ਇਸੇ ਤਰ੍ਹਾਂ, ਬਾਇਡਨ ਪ੍ਰਸ਼ਾਸਨ ਦੌਰਾਨ ਸੀ.ਬੀ.ਪੀ. ਵਨ ਮੋਬਾਈਲ ਐਪ ਰਾਹੀਂ ਅਮਰੀਕਾ ਵਿਚ ਦਾਖਲ ਹੋਏ ਪ੍ਰਵਾਸੀਆਂ ਦੇ ਕਾਨੂੰਨੀ ਦਰਜੇ




ਨੂੰ ਰੱਦ ਕਰਨ ਦੇ ਫੈਸਲੇ ਖ਼ਿਲਾਫ਼ ਵੀ ਫੈਡਰਲ ਅਦਾਲਤਾਂ ਵਿਚ ਕੇਸ ਚੱਲ ਰਹੇ ਹਨ। ਹਾਲ ਹੀ ਵਿਚ ਇੱਕ ਫੈਡਰਲ ਜੱਜ ਨੇ ਸਰਕਾਰ ਨੂੰ ਨਵੇਂ ਨੋਟਿਸ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਹੈ, ਪਰ ਮਾਮਲੇ ਦਾ ਅੰਤਿਮ ਫੈਸਲਾ ਅਜੇ ਨਹੀਂ ਆਇਆ।

ਟਰੰਪ ਪ੍ਰਸ਼ਾਸਨ ਦੇ ਜਨਮ ਤੋਂ ਨਾਗਰਿਕਤਾ (ਬਰਥਰਾਈਟ ਸਿਟੀਜ਼ਨਸ਼ਿਪ) ਨੂੰ ਸੀਮਤ ਕਰਨ ਵਾਲੇ ਕਾਰਜਕਾਰੀ ਹੁਕਮ ਨੂੰ ਵੀ ਕਈ ਰਾਜਾਂ ਅਤੇ ਨਾਗਰਿਕ ਅਧਿਕਾਰ ਸੰਸਥਾਵਾਂ ਵੱਲੋਂ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਹੈ। ਇਸ ਮਾਮਲੇ 'ਤੇ ਵੀ ਅਗਲੀ ਸੁਣਵਾਈ ਦੀ ਉਡੀਕ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਆਈਸ ਵੱਲੋਂ ਬਿਨਾਂ ਬਾਂਡ ਹਿਰਾਸਤ ਵਿਚ ਰੱਖਣ ਅਤੇ ਹੋਰ ਡਿਟੈਨਸ਼ਨ ਨੀਤੀਆਂ ਨੂੰ ਲੈ ਕੇ ਵੱਖ-ਵੱਖ ਫੈਡਰਲ ਅਪੀਲੀ ਅਦਾਲਤਾਂ ਦੇ ਵੱਖਰੇ ਫੈਸਲੇ ਸਾਹਮਣੇ ਆਏ ਹਨ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਕੁਝ ਮਾਮਲੇ ਆਖ਼ਰਕਾਰ ਸੁਪਰੀਮ ਕੋਰਟ ਤੱਕ ਪਹੁੰਚ ਸਕਦੇ ਹਨ।

ਇਸ ਦੌਰਾਨ ਟਰੰਪ ਪ੍ਰਸ਼ਾਸਨ ਨੇ ਪਹਿਲੀ ਵਾਰ ਏਲੀਅਨ ਟੇਰੇਰਿਸਟ ਰਿਮੂਵਲ ਕੋਰਟ ਨਾਮਕ ਵਿਸ਼ੇਸ਼ ਅਦਾਲਤ ਵਿਚ ਇੱਕ ਡਿਪੋਰਟੇਸ਼ਨ ਕੇਸ ਵੀ ਦਾਇਰ ਕੀਤਾ ਹੈ। ਇਹ ਅਦਾਲਤ ਬਹੁਤ ਘੱਟ ਮਾਮਲਿਆਂ ਵਿਚ ਵਰਤੀ ਜਾਂਦੀ ਹੈ। ਅਦਾਲਤ ਨੇ ਸਰਕਾਰ ਤੋਂ ਹੋਰ ਕਾਨੂੰਨੀ ਸਬੂਤ ਅਤੇ ਦਲੀਲਾਂ ਪੇਸ਼ ਕਰਨ ਲਈ ਕਿਹਾ ਹੈ ਅਤੇ ਮਾਮਲੇ ਦੀ ਸੁਣਵਾਈ ਜਾਰੀ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਸਾਰੇ ਕੇਸਾਂ ਦੇ ਅੰਤਿਮ ਫੈਸਲੇ ਨਾ ਸਿਰਫ਼ ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੀ ਦਿਸ਼ਾ ਤੈਅ ਕਰਨਗੇ, ਸਗੋਂ ਲੱਖਾਂ ਪ੍ਰਵਾਸੀਆਂ, ਵਿਦਿਆਰਥੀਆਂ, ਸ਼ਰਨਾਰਥੀਆਂ ਅਤੇ ਗ੍ਰੀਨ ਕਾਰਡ ਬਿਨੈਕਾਰਾਂ ਦੇ ਭਵਿੱਖ 'ਤੇ ਵੀ ਸਿੱਧਾ ਪ੍ਰਭਾਵ ਪਾਉਣਗੇ।

# 60 ਤੋਂ ਵੱਧ ਅਮਰੀਕੀ ਸੈਨੇਟਰਾਂ ਵੱਲੋਂ ਰੂਸ 'ਤੇ ਪਾਬੰਦੀਆਂ ਵਾਲੇ ਬਿੱਲ ਦਾ ਸਮਰਥਨ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਅਤੇ ਰੂਸੀ ਤੇਲ ਦੇ ਹੋਰ ਪ੍ਰਮੁੱਖ ਖਰੀਦਦਾਰਾਂ ਤੋਂ ਹੋਣ ਵਾਲੀ ਦਰਾਮਦ 'ਤੇ 100 ਫੀਸਦੀ ਤੱਕ ਟੈਰਿਫ (ਟੈਕਸ) ਲਗਾਉਣ ਦਾ ਰਾਹ ਪੱਧਰਾ ਕਰਨ ਵਾਲੇ ਇੱਕ ਦੋ-ਪੱਖੀ ਬਿੱਲ ਦਾ 60 ਤੋਂ ਵੱਧ ਅਮਰੀਕੀ ਸੈਨੇਟਰਾਂ ਨੇ ਸਮਰਥਨ ਕੀਤਾ ਹੈ।

ਵਾਸ਼ਿੰਗਟਨ ਵਿਚ ਪੇਸ਼ ਕੀਤੇ ਗਏ ਪ੍ਰਸਤਾਵਿਤ 'ਸੈਂਕਸ਼ਨਿੰਗ ਰੂਸ਼ੀਆ ਐਕਟ' (ਐੱਸ.1241) 'ਤੇ ਵ੍ਹਾਈਟ ਹਾਊਸ ਨਾਲ ਗੱਲਬਾਤ ਕੀਤੀ ਗਈ ਹੈ ਅਤੇ ਇਸ ਨੂੰ ਦੋਵਾਂ ਪਾਰਟੀਆਂ ਦਾ ਵਿਆਪਕ ਸਮਰਥਨ ਹਾਸਲ ਹੈ।

ਰੂਸ ਦੀ ਸਿਆਸੀ ਲੀਡਰਸ਼ਿਪ, ਵਿੱਤੀ ਸੰਸਥਾਵਾਂ ਅਤੇ ਊਰਜਾ ਖੇਤਰ 'ਤੇ ਸਖ਼ਤ ਪਾਬੰਦੀਆਂ ਲਗਾਉਣ ਦੇ ਨਾਲ-ਨਾਲ, ਇਹ ਕਾਨੂੰਨ ਰੂਸੀ ਕੱਚੇ ਤੇਲ ਅਤੇ ਕੁਦਰਤੀ ਗੈਸ ਦੇ ਦੁਨੀਆਂ ਦੇ ਸਭ ਤੋਂ ਵੱਡੇ ਖਰੀਦਦਾਰਾਂ 'ਤੇ ਮਾਸਕੋ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਦਬਾਅ ਪਾਉਣਾ ਚਾਹੁੰਦਾ ਹੈ।

ਇੱਕ ਪੁਰਾਣੇ ਪ੍ਰਸਤਾਵ ਦੇ ਉਲਟ, ਜਿਸ ਵਿਚ ਰੂਸੀ ਊਰਜਾ ਦਰਾਮਦ ਕਰਨ ਵਾਲੇ ਦੇਸ਼ਾਂ 'ਤੇ 500 ਫੀਸਦੀ ਦਾ ਟੈਰਿਫ ਲਗਾਉਣ ਦੀ ਕਲਪਨਾ ਕੀਤੀ ਗਈ ਸੀ, ਸੋਧਿਆ ਹੋਇਆ ਕਾਨੂੰਨ ਰੂਸੀ ਕੱਚੇ ਤੇਲ ਜਾਂ ਕੁਦਰਤੀ ਗੈਸ ਦੇ ਚੋਟੀ ਦੇ ਪੰਜ ਖਰੀਦਦਾਰਾਂ, ਅਤੇ ਨਾਲ ਹੀ ਰੂਸੀ ਤੇਲ ਪਾਬੰਦੀਆਂ ਨੂੰ ਨਜ਼ਰਅੰਦਾਜ਼ ਕਰਨ ਵਿਚ ਮਦਦ ਕਰਨ ਵਾਲੇ ਚੋਟੀ ਦੇ ਪੰਜ ਸਹੂਲਤਕਾਰਾਂ ਤੋਂ ਹੋਣ ਵਾਲੀ ਦਰਾਮਦ 'ਤੇ 100 ਫੀਸਦੀ ਤੱਕ ਟੈਰਿਫ ਲਗਾਉਣ ਦਾ ਅਧਿਕਾਰ ਦਿੰਦਾ ਹੈ।

ਇਹ ਬਿੱਲ ਅਮਰੀਕੀ ਰਾਸ਼ਟਰਪਤੀ ਨੂੰ ਇਹ ਅਧਿਕਾਰ ਵੀ ਦਿੰਦਾ ਹੈ ਕਿ ਜੇ ਅਜਿਹਾ ਕਰਨਾ ਅਮਰੀਕਾ ਦੇ ਰਾਸ਼ਟਰੀ ਹਿੱਤ ਵਿਚ ਸਮਝਿਆ ਜਾਂਦਾ ਹੈ, ਤਾਂ ਉਹ ਪਾਬੰਦੀਆਂ ਅਤੇ ਟੈਰਿਫ ਨੂੰ ਮਾਫ ਕਰ ਸਕਦੇ ਹਨ।

ਭਾਰਤ, ਜੋ 2022 ਵਿਚ ਯੂਕਰੇਨ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਰੂਸੀ ਕੱਚੇ

**■ ਭਾਰਤ 'ਤੇ ਲੱਗ ਸਕਦਾ 100 ਫੀਸਦੀ ਟੈਰਿਫ**

ਤੇਲ ਦੇ ਸਭ ਤੋਂ ਵੱਡੇ ਖਰੀਦਦਾਰਾਂ ਵਿਚੋਂ ਇੱਕ ਵਜੋਂ ਉਭਰਿਆ ਹੈ, ਦੇ ਇਸ ਕਾਨੂੰਨ ਦੇ ਲਾਗੂ ਹੋਣ 'ਤੇ ਦੁਨੀਆਂ ਦੇ ਚੋਟੀ ਦੇ ਖਰੀਦਦਾਰਾਂ ਦੀ ਸ਼੍ਰੇਣੀ ਵਿਚ ਆਉਣ ਦੀ ਸੰਭਾਵਨਾ ਹੈ।

ਚੀਨ ਦੇ ਵੀ ਉਨ੍ਹਾਂ ਦੇਸ਼ਾਂ ਵਿਚ ਸ਼ਾਮਲ ਹੋਣ ਦੀ ਉਮੀਦ ਹੈ, ਜੋ ਪ੍ਰਭਾਵਿਤ ਹੋ ਸਕਦੇ ਹਨ।

ਇਸ ਕਾਨੂੰਨ ਲਈ 'ਯੂਨਾਈਟਿਡ ਸਟੇਟਸ ਟਰੇਡ ਰਿਪ੍ਰੈਜ਼ੈਂਟੇਟਿਵ' (ਯੂ.ਐੱਸ.ਟੀ.ਆਰ.) ਦੇ ਦਫ਼ਤਰ ਨੂੰ ਹਰ 180 ਦਿਨਾਂ ਬਾਅਦ ਚੋਟੀ ਦੇ ਪੰਜ ਖਰੀਦਦਾਰਾਂ ਦੀ ਸੂਚੀ ਦੀ ਸਮੀਖਿਆ ਕਰਨ ਦੀ ਲੋੜ ਹੈ, ਜਿਸ ਨਾਲ ਖਰੀਦਦਾਰੀ ਦੇ ਪੈਟਰਨ ਵਿਚ ਬਦਲਾਅ ਦੇ ਆਧਾਰ 'ਤੇ ਟੈਰਿਫ ਉਪਾਵਾਂ ਨੂੰ ਐਡਜਸਟ ਕੀਤਾ ਜਾ ਸਕੇ।

ਇਸ ਬਿੱਲ ਦੀ ਅਗਵਾਈ ਸੈਨੇਟ ਦੀ ਵਿਦੇਸ਼ੀ ਸਬੰਧ ਕਮੇਟੀ ਦੇ ਚੇਅਰਮੈਨ ਜਿਮ ਰਿਸ਼, ਸੈਨੇਟਰ ਡਾਰਲਿਨ ਗ੍ਰਾਹਮ ਅਤੇ ਡੈਮੋਕ੍ਰੇਟਿਕ ਸੈਨੇਟਰ ਰਿਚਰਡ ਬਲੂਮੈਂਥਲ ਕਰ ਰਹੇ ਹਨ, ਜਿਸ ਨੂੰ ਸੈਨੇਟ ਵਿਚ ਬਹੁਮਤ ਦੇ ਨੇਤਾ ਜੌਨ ਥਿਊਨ, ਡੈਮੋਕ੍ਰੇਟਿਕ ਵ੍ਹਿਪ ਡਿਕ ਡਰਬਿਨ ਅਤੇ ਦੋਵਾਂ ਪਾਰਟੀਆਂ ਦੇ 60 ਤੋਂ ਵੱਧ ਕਾਨੂੰਨਸਾਜ਼ਾਂ ਦਾ ਸਮਰਥਨ ਹਾਸਲ ਹੈ। ਸਮਝੌਤੇ ਦਾ ਐਲਾਨ ਕਰਦਿਆਂ ਕਾਨੂੰਨਸਾਜ਼ਾਂ ਨੇ ਕਿਹਾ ਕਿ ਇਸ ਕਾਨੂੰਨ ਦਾ ਉਦੇਸ਼ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਸੀਨੀਅਰ ਰੂਸੀ ਸਿਆਸੀ ਅਤੇ ਫੌਜੀ ਨੇਤਾਵਾਂ, ਸਰਕਾਰੀ ਮਾਲਕੀ ਵਾਲੇ ਉੱਦਮਾਂ, ਰੂਸ ਦੇ ਕੇਂਦਰੀ ਬੈਂਕ ਸਮੇਤ ਵੱਡੀਆਂ ਵਿੱਤੀ ਸੰਸਥਾਵਾਂ ਅਤੇ ਮੁੱਖ ਊਰਜਾ ਪ੍ਰੋਜੈਕਟਾਂ 'ਤੇ ਲਾਜ਼ਮੀ ਪਾਬੰਦੀਆਂ ਲਗਾ ਕੇ ਰੂਸ ਨੂੰ ਯੂਕਰੇਨ ਵਿਚ ਚੱਲ ਰਹੀ ਆਪਣੀ ਜੰਗ ਨੂੰ ਵਿੱਤ ਦੇਣ ਵਾਲੀ ਆਮਦਨ ਤੋਂ ਵਾਂਝਾ ਕਰਨਾ ਹੈ।

# ਅਮਰੀਕਾ ਨੇ ਖੱਬੇਪੰਥੀ ਅੱਤਵਾਦ ਖਿਲਾਫ਼ ਵਿਸ਼ਵ ਪੱਧਰੀ ਮੁਹਿੰਮ ਸ਼ੁਰੂ ਕੀਤੀ; 65 ਤੋਂ ਵੱਧ ਦੇਸ਼ਾਂ ਨੂੰ ਸੱਦਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬਿਓ ਦੀ ਅਗਵਾਈ ਹੇਠ ਅਮਰੀਕੀ ਵਿਦੇਸ਼ ਮੰਤਰਾਲੇ ਨੇ 16 ਜੁਲਾਈ ਨੂੰ ਵਾਸ਼ਿੰਗਟਨ ਵਿਚ "**Ministerial on the Resurgence of Political Terrorism**" ਨਾਮਕ ਇੱਕ ਅੰਤਰਰਾਸ਼ਟਰੀ ਮੰਤਰੀ ਪੱਧਰੀ ਕਾਨਫਰੰਸ ਦਾ ਆਯੋਜਨ ਕੀਤਾ। ਇਸ ਬੈਠਕ ਵਿਚ ਪੱਛਮੀ ਗੋਲਾਰਧ, ਯੂਰਪ ਅਤੇ ਏਸ਼ੀਆ ਸਮੇਤ 65 ਤੋਂ ਵੱਧ ਦੇਸ਼ਾਂ ਦੇ ਪ੍ਰਤੀਨਿਧੀਆਂ ਨੂੰ ਸੱਦਾ ਦਿੱਤਾ ਗਿਆ ਹੈ, ਤਾਂ ਜੋ ਖੱਬੇਪੰਥੀ ਰਾਜਨੀਤਿਕ ਅੱਤਵਾਦ ਨਾਲ ਨਜਿੱਠਣ ਲਈ ਆਪਸੀ ਤਾਲਮੇਲ, ਖੁਫੀਆ ਜਾਣਕਾਰੀ ਸਾਂਝੀ ਕਰਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿਚਕਾਰ ਸਹਿਯੋਗ ਵਧਾਇਆ ਜਾ ਸਕੇ।

ਅਮਰੀਕੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਤੱਥ-ਪੱਤਰ ਅਨੁਸਾਰ, ਸਰਕਾਰ ਦਾ ਦਾਅਵਾ ਹੈ ਕਿ ਦੁਨੀਆਂ ਭਰ ਵਿਚ ਖੱਬੇਪੰਥੀ ਅੱਤਵਾਦੀ ਨੈੱਟਵਰਕ ਮੁੜ ਸਰਗਰਮ ਹੋ ਰਹੇ ਹਨ ਅਤੇ ਇਹ ਨਿੱਜੀ ਨਾਗਰਿਕਾਂ, ਸਰਕਾਰੀ ਅਧਿਕਾਰੀਆਂ, ਪੁਲਿਸ, ਕਾਰੋਬਾਰਾਂ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾ ਰਹੇ ਹਨ।

ਵਿਦੇਸ਼ ਮੰਤਰਾਲੇ ਨੇ ਆਪਣੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ 1970 ਤੋਂ 1980 ਦਰਮਿਆਨ ਪੱਛਮੀ ਦੇਸ਼ਾਂ ਵਿਚ ਰਾਜਨੀਤਿਕ ਅੱਤਵਾਦ ਦੇ 93 ਫ਼ੀਸਦੀ ਹਮਲਿਆਂ ਲਈ ਹਿੰਸਕ ਖੱਬੇਪੰਥੀ ਗਰੁੱਪ ਜ਼ਿੰਮੇਵਾਰ ਸਨ। ਇਸ ਤੋਂ ਇਲਾਵਾ, 2016 ਤੋਂ ਬਾਅਦ ਅਮਰੀਕਾ ਅਤੇ ਯੂਰਪ ਵਿਚ ਇਸ ਕਿਸਮ ਦੇ ਹਮਲਿਆਂ ਅਤੇ ਸਾਜ਼ਿਸ਼ਾਂ ਵਿਚ ਵਾਧਾ ਹੋਇਆ ਹੈ। ਸਰਕਾਰ ਦਾ ਇਹ ਵੀ ਦਾਅਵਾ ਹੈ ਕਿ 2025 ਵਿਚ ਅਮਰੀਕਾ ਵਿਚ ਦਰਜ ਸਰਕਾਰ ਵਿਰੋਧੀ ਹਮਲਿਆਂ ਜਾਂ ਸਾਜ਼ਿਸ਼ਾਂ ਵਿਚੋਂ 63 ਫ਼ੀਸਦੀ ਖੱਬੇਪੰਥੀ ਤੱਤਾਂ ਨਾਲ ਜੁੜੀਆਂ ਸਨ। ਇਹ ਅੰਕੜੇ ਅਮਰੀਕੀ ਸਰਕਾਰ ਦੇ ਤੱਥ-ਪੱਤਰ ਵਿਚ ਦਿੱਤੇ ਗਏ ਹਨ ਅਤੇ ਸੁਤੰਤਰ ਤੌਰ 'ਤੇ ਇਨ੍ਹਾਂ ਦੀ ਪੁਸ਼ਟੀ ਇਸ ਖ਼ਬਰ ਦੇ ਸੰਦਰਭ ਵਿਚ ਨਹੀਂ ਕੀਤੀ ਗਈ।

ਯੂਰਪ ਸਬੰਧੀ ਵੀ ਅਮਰੀਕੀ ਸਰਕਾਰ ਨੇ ਕਿਹਾ ਕਿ 2024 ਵਿਚ ਯੂਰਪੀ ਸੰਘ ਵਿਚ ਖੱਬੇਪੰਥੀ ਅਤੇ ਅਨਾਰਕਿਸਟ ਗਰੁੱਪਾਂ ਨਾਲ ਜੋੜੇ ਗਏ 21 ਅੱਤਵਾਦੀ ਹਮਲੇ ਦਰਜ ਹੋਏ, ਜਦਕਿ 2025 ਵਿਚ ਕੁੱਲ 45 ਅੱਤਵਾਦੀ ਘਟਨਾਵਾਂ ਵਿਚੋਂ 12 ਦਾ ਸਬੰਧ ਇਨ੍ਹਾਂ ਗਰੁੱਪਾਂ ਨਾਲ ਜੋੜਿਆ ਗਿਆ। ਸਰਕਾਰ ਦਾ ਕਹਿਣਾ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਰੇਲਵੇ ਨੈੱਟਵਰਕ, ਮਹੱਤਵਪੂਰਨ ਬੁਨਿਆਦੀ ਢਾਂਚੇ ਅਤੇ ਕਾਰੋਬਾਰਾਂ 'ਤੇ ਹਮਲਿਆਂ ਕਾਰਨ ਯੂਰਪ ਨੂੰ ਕਰੋੜਾਂ ਯੂਰੋ ਦਾ ਆਰਥਿਕ ਨੁਕਸਾਨ ਹੋਇਆ ਹੈ।

ਅਮਰੀਕੀ ਵਿਦੇਸ਼ ਮੰਤਰਾਲੇ ਨੇ ਇਹ ਵੀ ਦੱਸਿਆ ਕਿ ਟਰੰਪ ਪ੍ਰਸ਼ਾਸਨ ਪਹਿਲਾਂ ਹੀ ਚਾਰ ਹਿੰਸਕ ਖੱਬੇਪੰਥੀ ਸੰਗਠਨਾਂ ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਘੋਸ਼ਿਤ ਕਰ ਚੁੱਕਾ ਹੈ ਅਤੇ ਹੋਰ ਸੰਗਠਨਾਂ ਨੂੰ ਵੀ ਇਸ ਸੂਚੀ ਵਿਚ ਸ਼ਾਮਲ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਦਸੰਬਰ 2025 ਵਿਚ ਇਨ੍ਹਾਂ ਗਰੁੱਪਾਂ ਦੇ ਵਿੱਤੀ ਨੈੱਟਵਰਕ ਬਾਰੇ ਜਾਣਕਾਰੀ ਦੇਣ ਵਾਲਿਆਂ ਲਈ 1 ਕਰੋੜ ਡਾਲਰ ਤੱਕ ਦੇ ਇਨਾਮ ਦਾ ਵੀ ਐਲਾਨ ਕੀਤਾ ਗਿਆ ਸੀ।

ਵਿਦੇਸ਼ ਮੰਤਰਾਲੇ ਅਨੁਸਾਰ ਅਮਰੀਕਾ ਆਪਣੇ ਸਹਿਯੋਗੀ ਦੇਸ਼ਾਂ ਨਾਲ ਮਿਲ ਕੇ ਅੱਤਵਾਦੀਆਂ ਦੀ ਆਵਾਜਾਈ 'ਤੇ ਰੋਕ, ਖੁਫੀਆ ਜਾਣਕਾਰੀ ਦੇ ਅਦਾਨ-ਪ੍ਰਦਾਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿਚਕਾਰ ਸਹਿਯੋਗ ਨੂੰ ਹੋਰ ਮਜ਼ਬੂਤ ਕਰੇਗਾ। ਇਸ ਦਾ ਉਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਸਰਗਰਮ ਖੱਬੇਪੰਥੀ ਅੱਤਵਾਦੀ ਨੈੱਟਵਰਕਾਂ ਨੂੰ ਕਮਜ਼ੋਰ ਕਰਨਾ ਹੈ।

ਹਾਲਾਂਕਿ, ਇਸ ਪਹਿਲ ਨੂੰ ਲੈ ਕੇ ਆਲੋਚਨਾ ਵੀ ਹੋ ਰਹੀ ਹੈ। ਕੁਝ ਸਾਬਕਾ ਅਧਿਕਾਰੀਆਂ, ਸਿਵਲ ਲਿਬਰਟੀ ਸੰਸਥਾਵਾਂ ਅਤੇ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਖੱਬੇਪੰਥੀ ਹਿੰਸਾ ਨੂੰ ਵਧੇਰੇ ਤਰਜੀਹ ਦੇ ਰਿਹਾ ਹੈ, ਜਦਕਿ ਇਸਲਾਮੀ ਅੱਤਵਾਦ ਜਾਂ ਸੱਜੇਪੰਥੀ ਹਿੰਸਕ ਅੱਤਵਾਦ ਵਰਗੇ ਹੋਰ ਖ਼ਤਰਿਆਂ 'ਤੇ ਵੀ ਬਰਾਬਰ ਧਿਆਨ ਦੇਣ ਦੀ ਲੋੜ ਹੈ।

# ਟਰੰਪ ਵੱਲੋਂ ਜੈਨਰਿਕ ਦਵਾਈਆਂ 'ਤੇ 200 ਫ਼ੀਸਦੀ ਟੈਰਿਫ਼ ਲਾਉਣ ਦੀ ਤਿਆਰੀ !



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਗਸਤ 2028 ਤੋਂ ਆਯਾਤ ਕੀਤੀਆਂ ਜੈਨਰਿਕ ਦਵਾਈਆਂ 'ਤੇ ਭਾਰੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਨਾਲ ਹੀ ਕਿਹਾ ਕਿ ਇਸ ਕਦਮ ਦਾ ਉਦੇਸ਼ ਦਵਾਈਆਂ ਦੇ ਘਰੇਲੂ ਉਤਪਾਦਨ ਨੂੰ ਉਤਸ਼ਾਹਿਤ ਕਰਨਾ ਹੈ। ਇਸ ਕਦਮ ਦਾ ਅਸਰ ਅਮਰੀਕਾ ਨੂੰ ਜੈਨਰਿਕ ਦਵਾਈਆਂ ਦੇ ਸਭ ਤੋਂ ਵੱਡੇ ਨਿਰਯਾਤਕ ਭਾਰਤ 'ਤੇ ਪੈ ਸਕਦਾ ਹੈ।

ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਇੱਕ ਪੋਸਟ ਵਿਚ, ਟਰੰਪ ਨੇ ਕਿਹਾ ਕਿ 1 ਅਗਸਤ ਤੋਂ ਅਮਰੀਕਾ ਵਿਚ ਆਉਣ ਵਾਲੀਆਂ ਸਾਰੀਆਂ ਜੈਨਰਿਕ ਦਵਾਈਆਂ ਦੋ ਸਾਲਾਂ ਲਈ ਜ਼ੀਰੋ ਟੈਰਿਫ ਦੇ ਅਧੀਨ ਹੋਣਗੀਆਂ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ, ਇਸਨੂੰ ਇੱਕ ਸਾਲ ਲਈ 100 ਪ੍ਰਤੀਸ਼ਤ ਅਤੇ ਫਿਰ 200 ਪ੍ਰਤੀਸ਼ਤ ਤੱਕ ਵਧਾ ਦਿੱਤਾ ਜਾਵੇਗਾ। ਟਰੰਪ ਨੇ ਕਿਹਾ, "1 ਅਗਸਤ, 2026 ਤੋਂ ਪ੍ਰਭਾਵੀ। ਅਮਰੀਕਾ ਵਿਚ ਆਉਣ ਵਾਲੀਆਂ ਸਾਰੀਆਂ ਜੈਨਰਿਕ ਦਵਾਈਆਂ ਦੋ ਸਾਲਾਂ ਲਈ ਜ਼ੀਰੋ ਟੈਰਿਫ ਦੇ ਅਧੀਨ ਹੋਣਗੀਆਂ।" ਇਸ ਤੋਂ ਬਾਅਦ, ਡਿਊਟੀ ਇੱਕ ਸਾਲ ਲਈ 100 ਪ੍ਰਤੀਸ਼ਤ ਅਤੇ ਉਸ ਤੋਂ ਬਾਅਦ 200 ਪ੍ਰਤੀਸ਼ਤ ਤੱਕ ਵਧਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ, "ਇਸ ਕਦਮ ਦਾ ਉਦੇਸ਼ ਅਮਰੀਕਾ ਵਿਚ ਹੀ ਦਵਾਈਆਂ ਦਾ ਉਤਪਾਦਨ ਕਰਨਾ ਹੈ। ਜਿਹੜੀਆਂ ਕੰਪਨੀਆਂ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪਲਾਂਟ ਅਤੇ ਉਪਕਰਣ ਸਥਾਪਤ ਨਹੀਂ ਕਰਦੀਆਂ, ਉਨ੍ਹਾਂ 'ਤੇ ਜੁਰਮਾਨਾ ਲਗਾਇਆ ਜਾਵੇਗਾ।" ਰਾਸ਼ਟਰਪਤੀ ਨੇ ਕਿਹਾ ਕਿ ਇਸ ਨੀਤੀ ਦਾ ਉਦੇਸ਼ ਅਮਰੀਕੀ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਹੈ। ਉਨ੍ਹਾਂ ਕਿਹਾ, "ਪੇਟੈਂਟ, ਬ੍ਰਾਂਡੇਡ ਜਾਂ ਨਵੀਨਤਾਕਾਰੀ ਦਵਾਈਆਂ ਬਾਰੇ ਨੀਤੀ ਉਹੀ ਰਹੇਗੀ।"

ਭਾਰਤ ਨੂੰ ਅਕਸਰ "ਦੁਨੀਆ ਦੀ ਫਾਰਮੇਸੀ" ਕਿਹਾ ਜਾਂਦਾ ਹੈ ਕਿਉਂਕਿ ਇਹ ਦੁਨੀਆਂ ਭਰ ਦੇ ਦੇਸ਼ਾਂ ਨੂੰ ਜੈਨਰਿਕ ਦਵਾਈਆਂ ਦੀ ਸਪਲਾਈ ਕਰਦਾ ਹੈ। 'ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ' ਦੀ ਇੱਕ ਰਿਪੋਰਟ ਅਨੁਸਾਰ, 2025 ਵਿਚ, ਭਾਰਤ ਨੇ ਅਮਰੀਕਾ ਨੂੰ 9.7 ਬਿਲੀਅਨ ਡਾਲਰ ਦੀਆਂ ਦਵਾਈਆਂ ਨਿਰਯਾਤ ਕੀਤੀਆਂ। ਇਹ ਭਾਰਤ ਦੇ ਕੁੱਲ 25.8 ਬਿਲੀਅਨ ਡਾਲਰ ਦੇ ਗਲੋਬਲ ਦਵਾਈ ਨਿਰਯਾਤ ਦਾ 38 ਪ੍ਰਤੀਸ਼ਤ ਸੀ।

# ਗੁਯਾਨਾ ਵਿਚ ਯਾਤਰੀ ਫੈਰੀ ਡੁੱਬੀ; ਦਰਜਨਾਂ ਲੋਕ ਅਜੇ ਵੀ ਲਾਪਤਾ

**ਜਾਰਜਟਾਊਨ, (ਪੰਜਾਬ ਮੇਲ)-** ਦੱਖਣੀ ਅਮਰੀਕੀ ਦੇਸ਼ ਗੁਯਾਨਾ ਦੇ ਸਮੁੰਦਰੀ ਤਟ ਨੇੜੇ ਐਮਵੀ ਬਰੀਮਾ ਨਾਮਕ ਸਰਕਾਰੀ ਯਾਤਰੀ ਫੈਰੀ ਪਲਟ ਕੇ ਡੁੱਬ ਗਈ। ਅਧਿਕਾਰੀਆਂ ਮੁਤਾਬਕ ਫੈਰੀ ਵਿਚ 116 ਯਾਤਰੀਆਂ ਸਮੇਤ ਕੁੱਲ 133 ਲੋਕ ਸਵਾਰ ਸਨ, ਜਿਨ੍ਹਾਂ ਵਿਚੋਂ ਹੁਣ ਤੱਕ 67 ਲੋਕਾਂ ਨੂੰ ਜ਼ਿੰਦਾ ਬਚਾਇਆ ਗਿਆ ਹੈ, ਜਦਕਿ ਦਰਜਨਾਂ ਲੋਕ ਅਜੇ ਵੀ ਲਾਪਤਾ ਹਨ। ਬਚਾਏ ਗਏ ਲੋਕਾਂ ਵਿਚ 15 ਬੱਚੇ ਵੀ ਸ਼ਾਮਲ ਹਨ।

ਫੈਰੀ ਸ਼ਨੀਵਾਰ ਦੁਪਹਿਰ ਰਾਜਧਾਨੀ ਜਾਰਜਟਾਊਨ ਤੋਂ ਪੋਰਟ ਕੈਟੂਮਾ ਲਈ ਰਵਾਨਾ ਹੋਈ ਸੀ ਅਤੇ ਰਾਤ ਕਰੀਬ 11 ਵਜੇ ਇਸ ਵੱਲੋਂ ਸੰਕਟ ਸੰਦੇਸ਼ ਭੇਜਿਆ ਗਿਆ। ਘਟਨਾ ਤੋਂ ਬਾਅਦ ਕੋਸਟ ਗਾਰਡ, ਫੌਜੀ ਹੈਲੀਕਾਪਟਰਾਂ, ਜਹਾਜ਼ਾਂ, ਮੱਛੀ ਫੜਨ ਵਾਲੀਆਂ ਕਿਸ਼ਤੀਆਂ ਅਤੇ ਸਥਾਨਕ ਵਲੰਟੀਅਰਾਂ ਦੀ ਮਦਦ ਨਾਲ ਵੱਡੇ ਪੱਧਰ 'ਤੇ ਖੋਜ ਅਤੇ ਬਚਾਅ ਮੁਹਿੰਮ ਚਲਾਈ ਜਾ ਰਹੀ ਹੈ।

ਮੁੱਢਲੀ ਜਾਣਕਾਰੀ ਅਨੁਸਾਰ ਫੈਰੀ ਸਮਰੱਥਾ ਤੋਂ ਵੱਧ ਭਰੀ ਹੋਈ ਨਹੀਂ ਸੀ। ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਹਾਦਸਾ ਤੇਜ਼ ਜਾਂ ਬਦਲਦੇ ਜਵਾਰ ਕਾਰਨ ਹੋ ਸਕਦਾ ਹੈ, ਹਾਲਾਂਕਿ ਅਸਲ ਕਾਰਨ ਦੀ ਜਾਂਚ ਅਜੇ ਜਾਰੀ ਹੈ।

# ਫਰਾਂਸ 'ਚ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ

**ਪੈਰਿਸ, (ਪੰਜਾਬ ਮੇਲ)-** ਫਰਾਂਸ ਦੇ ਸੰਸਦ ਮੈਂਬਰਾਂ ਨੇ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਦੀ ਵਰਤੋਂ ਕਰਨ 'ਤੇ ਰੋਕ ਲਗਾਉਣ ਵਾਲਾ ਇੱਕ ਬਿੱਲ ਪਾਸ ਕਰ ਦਿੱਤਾ ਹੈ। ਬੱਚਿਆਂ 'ਤੇ ਡਿਜ਼ੀਟਲ ਸਮੱਗਰੀ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਵਿਸ਼ਵ ਭਰ ਵਿਚ ਵਧ ਰਹੀਆਂ ਚਿੰਤਾਵਾਂ ਦਰਮਿਆਨ ਫਰਾਂਸ ਅਜਿਹੇ ਪਲੇਟਫਾਰਮਾਂ 'ਤੇ ਪੂਰਨ ਪਾਬੰਦੀ ਲਗਾਉਣ ਵਾਲਾ ਯੂਰਪੀਅਨ ਯੂਨੀਅਨ ਦਾ ਪਹਿਲਾ ਦੇਸ਼ ਬਣ ਗਿਆ ਹੈ। ਸੰਸਦ ਦੇ ਦੋਵਾਂ ਸਦਨਾਂ ਨੇ ਇਸ ਕਦਮ ਦੇ ਹੱਕ ਵਿਚ ਵੋਟ ਪਾਈ, ਜੋ ਕਿ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਦੇ ਦੂਜੇ ਕਾਰਜਕਾਲ ਦਾ ਇੱਕ ਮੁੱਖ ਪਹਿਲਕਦਮੀ ਵਾਲਾ ਪ੍ਰੋਗਰਾਮ ਹੈ।

ਬੱਚਿਆਂ ਦੀ ਮਾਨਸਿਕ ਸਿਹਤ ਅਤੇ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਲਈ ਲਿਆਂਦੇ ਗਏ ਇਸ ਨਵੇਂ ਕਾਨੂੰਨ ਤਹਿਤ ਹਾਈ ਸਕੂਲਾਂ ਵਿਚ ਮੋਬਾਈਲ ਫੋਨਾਂ ਦੀ ਵਰਤੋਂ 'ਤੇ ਵੀ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਕਦਮ ਨਾਲ ਸਕੂਲਾਂ ਵਿਚ ਬੱਚਿਆਂ ਦਾ ਧਿਆਨ ਨਹੀਂ ਭਟਕੇਗਾ ਅਤੇ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਤੋਂ ਨਵੀਂ ਪੀੜ੍ਹੀ ਨੂੰ ਸੁਰੱਖਿਅਤ ਰੱਖਣ ਵਿਚ ਮਦਦ ਮਿਲੇਗੀ। ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਦੁਨੀਆਂ ਦਾ ਪਹਿਲਾ ਅਜਿਹਾ ਦੇਸ਼ ਬਣਿਆ ਸੀ, ਜਿਸ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ (ਜਿਵੇਂ ਇੰਸਟਾਗ੍ਰਾਮ, ਫੇਸਬੁੱਕ, ਟਿਕਟੌਕ, ਯੂਟਿਊਬ ਆਦਿ) ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਸੀ।

ਏਸ਼ਿਆਈ ਦੇਸ਼ਾਂ 'ਚ ਇੰਡੋਨੇਸ਼ੀਆ ਅਤੇ ਮਲੇਸ਼ੀਆ ਨੇ ਵੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਅਕਾਊਂਟ ਬਣਾਉਣ ਜਾਂ ਵਰਤਣ 'ਤੇ ਕਾਨੂੰਨੀ ਰੋਕ ਲਗਾਈ ਗਈ ਹੈ।

ਚੀਨ ਵਿਚ ਬੱਚਿਆਂ ਲਈ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਵਰਤਣ ਦੇ ਸਮੇਂ 'ਤੇ ਸਖ਼ਤ ਸੀਮਾ (ਕੁਝ ਘੰਟਿਆਂ ਦੀ ਛੋਟ) ਅਤੇ ਰਾਤ ਦੇ ਸਮੇਂ ਵਰਤੋਂ 'ਤੇ ਪਾਬੰਦੀ ਲਾਗੂ ਹੈ।

ਬ੍ਰਾਜ਼ੀਲ 'ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਪੂਰਨ ਪਾਬੰਦੀ ਤਾਂ ਨਹੀਂ ਪਰ ਉਨ੍ਹਾਂ ਦੇ ਅਕਾਊਂਟ ਮਾਪਿਆਂ ਦੇ ਅਕਾਊਂਟ ਨਾਲ ਜੋੜਨਾ (ਲਿੰਕ ਕਰਨਾ) ਅਤੇ ਉਮਰ ਦੀ ਪੁਸ਼ਟੀ ਕਰਨਾ ਲਾਜ਼ਮੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਯੂਨਾਈਟਿਡ ਕਿੰਗਡਮ (ਯੂ.ਕੇ.) ਅਤੇ ਕੈਨੇਡਾ ਵਿਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਰੋਕ ਲਗਾਉਣ ਲਈ ਬਿੱਲ ਅਤੇ ਨਿਯਮ ਤਿਆਰ ਕੀਤੇ ਜਾ ਰਹੇ ਹਨ।

ਯੂਰਪੀਅਨ ਦੇਸ਼ (ਗਰੀਸ, ਆਸਟਰੀਆ, ਡੈਨਮਾਰਕ) ਵਿਚ ਵੀ 14 ਤੋਂ 15 ਸਾਲ ਤੱਕ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣ ਦੀਆਂ ਯੋਜਨਾਵਾਂ 'ਤੇ ਕੰਮ ਚੱਲ ਰਿਹਾ ਹੈ।



# ਅਮਰੀਕਾ 'ਚ ਨਵੀਂ ਵੀਜ਼ਾ ਸੀਮਾ 'ਤੇ ਰੋਕ ਲਗਾਉਣ ਦੀ ਮੰਗ!




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ ਹੈ। ਭਾਰਤੀ ਮੂਲ ਦੇ ਲੋਕਾਂ ਦੇ ਹਿੱਤਾਂ ਦੀ ਵਕਾਲਤ ਕਰਨ ਵਾਲੇ ਇੱਕ ਸੰਗਠਨ ਨੇ ਅਮਰੀਕੀ ਕਾਂਗਰਸ ਅਤੇ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੂੰ ਵਿਦੇਸ਼ੀ ਵਿਦਿਆਰਥੀਆਂ ਅਤੇ ਵਿਦਿਅਕ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਪ੍ਰੋਗਰਾਮਾਂ ਤਹਿਤ ਅਮਰੀਕਾ ਆਉਣ ਵਾਲਿਆਂ ਲਈ ਨਵੀਂ 4 ਸਾਲਾਂ ਦੀ ਵੀਜ਼ਾ ਸੀਮਾ ਲਾਗੂ ਕਰਨ ਨੂੰ ਰੋਕਣ ਦੀ ਅਪੀਲ ਕੀਤੀ। ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (ਐੱਫ.ਆਈ.ਆਈ.ਡੀ.ਐੱਸ.) ਦੇ ਨੀਤੀ ਅਤੇ ਰਣਨੀਤੀ ਮੁਖੀ ਖੰਡੇਰਾਓ ਕੰਦ ਨੇ ਕਿਹਾ, "ਇਹ ਇੱਕ ਅਜਿਹਾ ਕਦਮ ਹੈ, ਜੋ ਅਮਰੀਕਾ ਦੀ ਮੁਕਾਬਲੇਬਾਜ਼ੀ ਨੂੰ ਕਮਜ਼ੋਰ ਕਰੇਗਾ।"

ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਅਮਰੀਕਾ ਨੇ ਹਾਲ ਹੀ ਵਿਚ ਵਿਦੇਸ਼ੀ ਵਿਦਿਆਰਥੀਆਂ, ਐਕਸਚੇਂਜ ਵਿਜ਼ਟਰਾਂ ਅਤੇ ਪੱਤਰਕਾਰਾਂ ਲਈ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ। ਇਸ ਦੇ ਤਹਿਤ ਉਸ ਪਿਛਲੀ ਪ੍ਰਣਾਲੀ ਨੂੰ ਖਤਮ ਕਰ ਦਿੱਤਾ ਗਿਆ ਹੈ, ਜਿਸ ਵਿਚ ਲੋਕਾਂ ਨੂੰ ਸਰਕਾਰੀ ਨਿਗਰਾਨੀ ਤੋਂ ਬਿਨਾਂ ਅਣਮਿੱਥੇ ਸਮੇਂ ਲਈ ਅਮਰੀਕਾ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ। ਕੰਦ ਨੇ ਕਿਹਾ, "ਚਾਰ ਸਾਲਾਂ ਦੀ ਸੀਮਾ ਅੱਜ ਦੀ ਉੱਚ ਸਿੱਖਿਆ ਪ੍ਰਣਾਲੀ ਦੇ ਅਨੁਕੂਲ ਨਹੀਂ ਹੈ।" ਬੈਚਲਰ ਡਿਗਰੀ ਪੂਰੀ ਕਰਨ ਲਈ ਔਸਤਨ 52 ਮਹੀਨੇ ਅਤੇ ਪੀ.ਐੱਚ.ਡੀ. ਪੂਰੀ ਕਰਨ ਲਈ ਪੰਜ ਸਾਲ ਤੋਂ ਵੱਧ ਸਮਾਂ ਲੱਗਦਾ ਹੈ। ਦੂਜੇ ਪਾਸੇ ਯੂ.ਐੱਸ.ਸੀ.ਆਈ.ਐੱਸ. ਕੋਲ ਪਹਿਲਾਂ ਹੀ 1.1 ਕਰੋੜ ਤੋਂ ਵੱਧ ਅਰਜ਼ੀਆਂ ਦਾ ਬੈਕਲਾਗ ਹੈ, ਜਿਸਦੀ ਪ੍ਰਕਿਰਿਆ ਵਿਚ ਲਗਭਗ ਇੱਕ ਸਾਲ ਲੱਗ ਰਿਹਾ ਹੈ। ਨਤੀਜੇ ਵਜੋਂ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਜਾਂ ਖੋਜ ਨੂੰ ਵਿਚਕਾਰ ਛੱਡਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਖੋਜ ਪ੍ਰਯੋਗਸ਼ਾਲਾਵਾਂ ਮਹੱਤਵਪੂਰਨ ਪ੍ਰਤਿਭਾ ਗੁਆ ਦੇਣਗੀਆਂ ਅਤੇ ਅਮਰੀਕਾ ਆਪਣੀਆਂ ਨਵੀਨਤਾ ਸਮਰੱਥਾਵਾਂ ਨੂੰ ਮੁਕਾਬਲੇ ਵਾਲੇ ਦੇਸ਼ਾਂ ਨੂੰ ਸੌਂਪ ਦੇਵੇਗਾ।

ਸੰਗਠਨ ਨੇ ਅਮਰੀਕੀ ਪ੍ਰਸ਼ਾਸਨ ਨੂੰ ਇਸ ਨਵੀਂ ਪ੍ਰਣਾਲੀ ਨੂੰ ਲਾਗੂ ਕਰਨ ਨੂੰ ਰੋਕਣ, ਵਿਦੇਸ਼ੀ ਵਿਦਿਆਰਥੀਆਂ ਦੇ ਹਿੱਤਾਂ ਦੀ ਰੱਖਿਆ ਕਰਨ ਅਤੇ ਅਮਰੀਕਾ ਦੇ ਖੋਜ ਅਤੇ ਨਵੀਨਤਾ ਵਾਤਾਵਰਣ ਪ੍ਰਣਾਲੀ ਦੀ ਰੱਖਿਆ ਕਰਨ ਦੀ ਅਪੀਲ ਕੀਤੀ। ਐੱਫ.ਆਈ.ਆਈ.ਡੀ.ਐੱਸ. ਅਨੁਸਾਰ 2025 ਦੇ ਪਤਝੜ ਦਾਖਲਾ ਸੈਸ਼ਨ ਵਿਚ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲਿਆਂ ਵਿਚ 17 ਪ੍ਰਤੀਸ਼ਤ ਦੀ ਗਿਰਾਵਟ ਆਈ, ਜੋ ਕਿ ਕੋਵਿਡ-19 ਮਹਾਂਮਾਰੀ ਤੋਂ ਬਾਅਦ ਸਭ ਤੋਂ ਵੱਡੀ ਗਿਰਾਵਟ ਹੈ। ਸੰਗਠਨ ਨੇ ਰਿਪੋਰਟ ਦਿੱਤੀ ਕਿ 96 ਪ੍ਰਤੀਸ਼ਤ ਵਿਦਿਅਕ ਸੰਸਥਾਵਾਂ ਨੇ ਇਸ ਗਿਰਾਵਟ ਦਾ ਕਾਰਨ ਵੀਜ਼ਾ-ਸਬੰਧਤ ਚਿੰਤਾਵਾਂ ਨੂੰ ਦੱਸਿਆ। ਸੰਗਠਨ ਦੇ ਅਨੁਸਾਰ ਲਗਭਗ 12 ਲੱਖ ਅੰਤਰਰਾਸ਼ਟਰੀ ਵਿਦਿਆਰਥੀ ਇਸ ਸਮੇਂ ਸੰਯੁਕਤ ਰਾਜ ਵਿਚ ਪੜ੍ਹ ਰਹੇ ਹਨ, ਜੋ ਹਰ ਸਾਲ ਅਮਰੀਕੀ ਅਰਥਵਿਵਸਥਾ ਵਿਚ ਲਗਭਗ 55 ਬਿਲੀਅਨ ਡਾਲਰ ਦਾ ਯੋਗਦਾਨ ਪਾਉਂਦੇ ਹਨ।

## ਟਰੰਪ ਵੱਲੋਂ ਕੁਝ ਨੈਚੁਰਲਾਈਜ਼ਡ ਅਮਰੀਕੀ ਨਾਗਰਿਕਾਂ ਦੀ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਤੇਜ਼ ਕਰਨ ਦਾ ਸੰਕੇਤ!

ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਨੇ ਕੁਝ ਨੈਚੁਰਲਾਈਜ਼ਡ ਅਮਰੀਕੀ ਨਾਗਰਿਕਾਂ ਦੀ ਨਾਗਰਿਕਤਾ ਰੱਦ (ਡੀਨੈਚੁਰਲਾਈਜ਼ਡ) ਕਰਨ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕਰਨ ਦਾ ਸੰਕੇਤ ਦਿੱਤਾ ਹੈ। ਨਿਆਂ ਵਿਭਾਗ (ਡੀ.ਓ.ਜੇ.) ਉਨ੍ਹਾਂ ਮਾਮਲਿਆਂ ਨੂੰ ਤਰਜੀਹ ਦੇ ਰਿਹਾ ਹੈ, ਜਿੱਥੇ ਦੋਸ਼ ਹੈ ਕਿ ਨਾਗਰਿਕਤਾ ਧੋਖਾਧੜੀ, ਝੂਠੀ ਜਾਣਕਾਰੀ ਜਾਂ ਮਹੱਤਵਪੂਰਨ ਤੱਥ ਲੁਕਾ ਕੇ ਹਾਸਲ ਕੀਤੀ ਗਈ ਸੀ।

ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਾਰਵਾਈ ਸਿਰਫ਼ ਉਨ੍ਹਾਂ ਲੋਕਾਂ ਵਿਰੁੱਧ ਕੀਤੀ ਜਾਵੇਗੀ, ਜਿਨ੍ਹਾਂ ਨੇ ਨਾਗਰਿਕਤਾ ਪ੍ਰਾਪਤ ਕਰਨ ਸਮੇਂ ਕਾਨੂੰਨ ਦੀ ਉਲੰਘਣਾ ਕੀਤੀ ਹੋਵੇ ਜਾਂ ਗੰਭੀਰ ਅਪਰਾਧਾਂ ਨਾਲ ਸਬੰਧਿਤ ਜਾਣਕਾਰੀ ਲੁਕਾਈ ਹੋਵੇ। ਆਮ ਨੈਚੁਰਲਾਈਜ਼ਡ ਅਮਰੀਕੀ ਨਾਗਰਿਕ ਇਸ ਨੀਤੀ ਦੇ ਨਿਸ਼ਾਨੇ 'ਤੇ ਨਹੀਂ ਹਨ। ਕਿਸੇ ਵੀ ਵਿਅਕਤੀ ਦੀ ਨਾਗਰਿਕਤਾ ਆਪਣੇ ਆਪ ਰੱਦ ਨਹੀਂ ਹੋ ਸਕਦੀ। ਇਸ ਲਈ ਸੰਘੀ ਅਦਾਲਤ ਵਿਚ ਕਾਨੂੰਨੀ ਕਾਰਵਾਈ ਹੁੰਦੀ ਹੈ ਅਤੇ ਸਰਕਾਰ ਨੂੰ ਸਬੂਤ ਪੇਸ਼ ਕਰਨੇ ਪੈਂਦੇ ਹਨ। ਅਦਾਲਤ ਦਾ ਫ਼ੈਸਲਾ ਆਉਣ ਤੋਂ ਬਾਅਦ ਹੀ ਨਾਗਰਿਕਤਾ ਰੱਦ ਕੀਤੀ ਜਾ ਸਕਦੀ ਹੈ।

# ਸੀ.ਬੀ.ਪੀ. ਵਨ ਰਾਹੀਂ ਦਾਖਲ ਹੋਏ ਪ੍ਰਵਾਸੀਆਂ ਦੇ ਦਰਜੇ ਬਾਰੇ ਅਦਾਲਤੀ ਲੜਾਈ ਜਾਰੀ

ਵਾਸ਼ਿੰਗਟਨ, (ਪੰਜਾਬ ਮੇਲ)- ਬਾਇਡਨ ਪ੍ਰਸ਼ਾਸਨ ਦੌਰਾਨ ਸੀ.ਬੀ.ਪੀ. ਵਨ ਐਪ ਰਾਹੀਂ ਅਮਰੀਕਾ ਵਿਚ ਦਾਖਲ ਹੋਏ ਲਗਭਗ 9 ਲੱਖ ਪ੍ਰਵਾਸੀਆਂ ਦੇ ਪੈਰੋਲ ਦਰਜੇ ਨੂੰ ਰੱਦ ਕਰਨ ਦੇ ਟਰੰਪ ਪ੍ਰਸ਼ਾਸਨ ਦੇ ਫੈਸਲੇ ਨੂੰ ਲੈ ਕੇ ਫੈਡਰਲ ਅਦਾਲਤ ਵਿਚ ਸੁਣਵਾਈ ਜਾਰੀ ਹੈ। ਹਾਲ ਹੀ ਵਿਚ ਇੱਕ ਫੈਡਰਲ ਜੱਜ ਨੇ ਸਰਕਾਰ ਨੂੰ ਪ੍ਰਭਾਵਿਤ ਪ੍ਰਵਾਸੀਆਂ ਨੂੰ ਨਵੇਂ ਪੈਰੋਲ-ਟਰਮੀਨੇਸ਼ਨ ਨੋਟਿਸ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਹੈ, ਪਰ ਨਾਲ ਹੀ ਇਹ ਵੀ ਕਿਹਾ ਕਿ ਸਰਕਾਰ ਨੂੰ ਕਾਨੂੰਨੀ ਪ੍ਰਕਿਰਿਆ ਦੀ ਪੂਰੀ ਪਾਲਣਾ ਕਰਨੀ ਪਵੇਗੀ।

ਇਹ ਮਾਮਲਾ ਬੋਸਟਨ ਦੀ ਫੈਡਰਲ ਜੱਜ ਐਲਿਸਨ ਬਰੋਜ਼ ਦੀ ਅਦਾਲਤ ਵਿਚ ਚੱਲ ਰਿਹਾ ਹੈ। ਬਾਇਡਨ ਦੌਰ ਦੀ ਨੀਤੀ ਅਧੀਨ ਪ੍ਰਵਾਸੀ ਸੀ.ਬੀ.ਪੀ. ਵਨ ਐਪ ਰਾਹੀਂ ਅਮਰੀਕਾ-ਮੈਕਸੀਕੋ ਸਰਹੱਦ 'ਤੇ ਪੇਸ਼ ਹੋਣ ਲਈ ਸਮਾਂ ਲੈਂਦੇ ਸਨ। ਜਾਂਚ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੂੰ ਆਮ ਤੌਰ 'ਤੇ ਦੋ ਸਾਲ ਤੱਕ ਅਮਰੀਕਾ ਵਿਚ ਰਹਿਣ ਦੀ ਅਸਥਾਈ ਮਨਜ਼ੂਰੀ ਅਤੇ ਕੰਮ ਕਰਨ ਦੀ ਯੋਗਤਾ ਮਿਲੀ ਸੀ। ਇਹ ਗ੍ਰੀਨ ਕਾਰਡ ਜਾਂ ਸਥਾਈ ਕਾਨੂੰਨੀ ਦਰਜਾ ਨਹੀਂ ਸੀ, ਸਗੋਂ ਸਰਕਾਰ ਵੱਲੋਂ ਦਿੱਤੀ ਗਈ ਆਰਜ਼ੀ ਪੈਰੋਲ ਸੀ।

ਇਸ ਤੋਂ ਪਹਿਲਾਂ ਅਦਾਲਤ ਨੇ ਸਰਕਾਰ ਵੱਲੋਂ ਸਮੂਹਕ ਤੌਰ 'ਤੇ ਪੈਰੋਲ ਰੱਦ ਕਰਨ ਦੀ ਕਾਰਵਾਈ 'ਤੇ ਸਵਾਲ ਉਠਾਏ ਸਨ ਅਤੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਦਿੱਤੀ ਸੀ। ਨਵੇਂ ਹੁਕਮ ਤੋਂ ਬਾਅਦ ਸਰਕਾਰ ਦੁਬਾਰਾ ਨੋਟਿਸ ਜਾਰੀ ਕਰ ਸਕੇਗੀ, ਪਰ ਕੇਸ ਦਾ ਅੰਤਿਮ ਫੈਸਲਾ ਅਜੇ ਨਹੀਂ ਹੋਇਆ। ਇਸ ਕਾਰਨ ਹਜ਼ਾਰਾਂ ਪ੍ਰਵਾਸੀਆਂ ਦਾ ਭਵਿੱਖ ਅਜੇ ਵੀ ਅਦਾਲਤੀ ਫੈਸਲੇ 'ਤੇ ਨਿਰਭਰ ਹੈ।

ਇਹ ਕੇਸ ਡੋ ਬਨਾਮ ਡੀ.ਐੱਚ.ਐੱਸ. ਦੇ ਨਾਂ ਹੇਠ ਕਲਾਸ ਐਕਸ਼ਨ ਵਜੋਂ ਚੱਲ ਰਿਹਾ ਹੈ ਅਤੇ ਇਸ ਦਾ ਅਸਰ ਸੀ.ਬੀ.ਪੀ. ਵਨ ਰਾਹੀਂ ਦਾਖਲ ਹੋਏ 9 ਲੱਖ ਤੋਂ ਵੱਧ ਲੋਕਾਂ 'ਤੇ ਪੈ ਸਕਦਾ ਹੈ। ਅਦਾਲਤੀ ਕਾਰਵਾਈ ਜਾਰੀ ਹੋਣ ਕਾਰਨ ਹਰ ਪ੍ਰਵਾਸੀ ਦੀ ਸਥਿਤੀ ਉਸਦੇ ਨੋਟਿਸ, ਪੈਰੋਲ ਦੀ ਮਿਆਦ, ਅਸਾਇਲਮ ਅਰਜ਼ੀ, ਵਰਕ ਪਰਮਿਟ ਅਤੇ ਹੋਰ ਲੰਬਿਤ ਕੇਸਾਂ ਦੇ ਆਧਾਰ 'ਤੇ ਵੱਖਰੀ ਹੋ ਸਕਦੀ ਹੈ।

ਇਮੀਗ੍ਰੇਸ਼ਨ ਮਾਹਿਰਾਂ ਨੇ ਪ੍ਰਭਾਵਿਤ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਡੀ.ਐੱਚ.ਐੱਸ. ਜਾਂ ਆਈਸ ਵੱਲੋਂ ਮਿਲੇ ਕਿਸੇ ਵੀ ਨਵੇਂ ਨੋਟਿਸ ਨੂੰ ਨਜ਼ਰਅੰਦਾਜ਼ ਨਾ ਕਰਨ, ਆਪਣੇ ਆਨਲਾਈਨ ਇਮੀਗ੍ਰੇਸ਼ਨ ਖਾਤੇ ਅਤੇ ਈਮੇਲ ਦੀ ਜਾਂਚ ਕਰਦੇ ਰਹਿਣ ਅਤੇ ਕੋਈ ਕਦਮ ਚੁੱਕਣ ਤੋਂ ਪਹਿਲਾਂ ਯੋਗ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰਨ। ਨਵਾਂ ਨੋਟਿਸ ਆਉਣ ਦਾ ਇਹ ਅਰਥ ਨਹੀਂ ਕਿ ਹਰ ਵਿਅਕਤੀ ਨੂੰ ਤੁਰੰਤ ਦੇਸ਼ ਛੱਡਣਾ ਹੀ ਪਵੇਗਾ, ਕਿਉਂਕਿ ਕਈ ਲੋਕਾਂ ਕੋਲ ਅਸਾਇਲਮ, ਪਰਿਵਾਰਕ ਪਟੀਸ਼ਨ ਜਾਂ ਹੋਰ ਵੱਖਰੀ ਕਾਨੂੰਨੀ ਰਾਹਤ ਦਾ ਕੇਸ ਵੀ ਹੋ ਸਕਦਾ ਹੈ।




# ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ ਊਸ਼ਾ ਵੈਂਸ ਦੇ ਘਰ ਚੌਥੇ ਬੱਚੇ ਦਾ ਜਨਮ

## ▮ 150 ਸਾਲ ਤੋਂ ਵੱਧ ਸਮੇਂ ਬਾਅਦ ਬਣਿਆ ਇਤਿਹਾਸ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ ਉਨ੍ਹਾਂ ਦੀ ਪਤਨੀ, ਸੈਕਿੰਡ ਲੇਡੀ ਊਸ਼ਾ ਵੈਂਸ ਨੇ ਐਤਵਾਰ ਨੂੰ ਆਪਣੇ ਚੌਥੇ ਬੱਚੇ ਦੇ ਜਨਮ ਦਾ ਐਲਾਨ ਕੀਤਾ। ਬੱਚੇ ਦਾ ਨਾਮ ਐਲੈਕ ਨੀਲ ਵੈਂਸ ਰੱਖਿਆ ਗਿਆ ਹੈ। ਇਹ 150 ਸਾਲ ਤੋਂ ਵੱਧ ਸਮੇਂ ਵਿਚ ਪਹਿਲਾ ਮੌਕਾ ਹੈ, ਜਦੋਂ ਅਹੁਦੇ ਉੱਤੇ ਰਹਿੰਦੇ ਕਿਸੇ ਅਮਰੀਕੀ ਉਪ ਰਾਸ਼ਟਰਪਤੀ ਦੇ ਘਰ ਬੱਚੇ ਦਾ ਜਨਮ ਹੋਇਆ ਹੈ। ਇਸ ਤੋਂ ਪਹਿਲਾਂ ਅਜਿਹਾ ਮਾਮਲਾ ਸਾਲ 1870 ਵਿਚ ਸਾਹਮਣੇ ਆਇਆ ਸੀ।

ਜੇਡੀ ਵੈਂਸ ਅਤੇ ਊਸ਼ਾ ਵੈਂਸ ਨੇ ਸੋਸ਼ਲ ਮੀਡੀਆ ਉੱਤੇ ਜਾਰੀ ਸਾਂਝੇ ਬਿਆਨ ਵਿਚ ਕਿਹਾ ਕਿ ਉਨ੍ਹਾਂ ਦਾ ਪੁੱਤਰ ਐਤਵਾਰ ਸਵੇਰੇ ਪੈਦਾ ਹੋਇਆ ਅਤੇ ਮਾਂ ਤੇ ਬੱਚਾ ਦੋਵੇਂ ਤੰਦਰੁਸਤ ਹਨ। ਉਨ੍ਹਾਂ ਦੱਸਿਆ ਕਿ ਪਰਿਵਾਰ ਦੇ ਤਿੰਨ ਵੱਡੇ ਬੱਚੇ—ਈਵਨ, ਵਿਵੇਕ ਅਤੇ ਮਿਰਾਬੇਲ—ਆਪਣੇ ਛੋਟੇ ਭਰਾ ਦੇ ਆਉਣ ਨਾਲ ਬਹੁਤ ਖੁਸ਼ ਹਨ।

ਵੈਂਸ ਪਰਿਵਾਰ ਨੇ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਦੇ ਡਾਕਟਰਾਂ, ਨਰਸਾਂ ਅਤੇ ਵ੍ਹਾਈਟ ਹਾਊਸ ਦੀ ਮੈਡੀਕਲ ਟੀਮ ਦਾ



ਧੰਨਵਾਦ ਵੀ ਕੀਤਾ। ਐਲੈਕ ਨੀਲ ਵੈਂਸ ਹੁਣ ਨੌਂ ਸਾਲਾ ਈਵਨ, ਛੇ ਸਾਲਾ ਵਿਵੇਕ ਅਤੇ ਚਾਰ ਸਾਲਾ ਮਿਰਾਬੇਲ ਦਾ ਛੋਟਾ ਭਰਾ ਹੈ।

ਭਾਰਤੀ ਪ੍ਰਵਾਸੀ ਪਰਿਵਾਰ ਨਾਲ ਸਬੰਧਤ ਊਸ਼ਾ ਵੈਂਸ ਦੀ ਗਰਭਾਵਸਥਾ ਦਾ ਐਲਾਨ ਇਸ ਸਾਲ ਜਨਵਰੀ ਵਿਚ ਕੀਤਾ ਗਿਆ ਸੀ। ਅਹੁਦੇ ਉੱਤੇ ਰਹਿੰਦੇ ਉਪ ਰਾਸ਼ਟਰਪਤੀ ਦੇ ਪਰਿਵਾਰ ਵਿਚ ਬੱਚੇ ਦਾ ਜਨਮ ਬਹੁਤ ਹੀ ਦੁਰਲੱਭ ਘਟਨਾ ਹੈ, ਜਿਸ ਕਰਕੇ ਇਸ ਖ਼ਬਰ ਨੇ ਅਮਰੀਕੀ ਮੀਡੀਆ ਅਤੇ ਜਨਤਾ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ।

41 ਸਾਲਾ ਜੇਡੀ ਵੈਂਸ ਅਮਰੀਕੀ ਮਰੀਨ ਕੋਰ ਦੇ ਸਾਬਕਾ ਸੈਨਿਕ ਹਨ ਅਤੇ ਲੰਬੇ ਸਮੇਂ ਤੋਂ ਅਮਰੀਕਾ ਵਿਚ ਘਟ ਰਹੀ ਜਨਮ ਦਰ ਬਾਰੇ ਚਿੰਤਾ ਪ੍ਰਗਟ ਕਰਦੇ ਆ ਰਹੇ ਹਨ। ਉਨ੍ਹਾਂ ਨੇ ਕਈ ਜਨਤਕ ਮੰਚਾਂ ਉੱਤੇ ਅਮਰੀਕੀ ਪਰਿਵਾਰਾਂ ਨੂੰ ਵੱਧ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਵਾਲੀਆਂ ਸਰਕਾਰੀ ਨੀਤੀਆਂ ਦੀ ਹਮਾਇਤ ਕੀਤੀ ਹੈ।

40 ਸਾਲਾ ਊਸ਼ਾ ਵੈਂਸ ਭਾਰਤੀ ਮੂਲ ਦੇ ਮਾਪਿਆਂ ਦੀ ਧੀ ਹਨ। ਉਹ ਆਪਣੇ ਪਤੀ ਅਤੇ ਬੱਚਿਆਂ ਨਾਲ ਕਈ ਸਰਕਾਰੀ ਅਤੇ ਵਿਦੇਸ਼ੀ ਦੌਰਿਆਂ ਦੌਰਾਨ ਵੀ ਨਜ਼ਰ ਆ ਚੁੱਕੇ ਹਨ। ਐਲੈਕ ਨੀਲ ਵੈਂਸ ਦੇ ਜਨਮ ਨਾਲ ਵੈਂਸ ਪਰਿਵਾਰ ਵਿਚ ਹੁਣ ਚਾਰ ਬੱਚੇ ਹੋ ਗਏ ਹਨ ਅਤੇ ਇਹ ਜਨਮ ਅਮਰੀਕੀ ਉਪ ਰਾਸ਼ਟਰਪਤੀ ਦੇ ਅਹੁਦੇ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਵਜੋਂ ਦਰਜ ਹੋ ਗਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਟਰੰਪ ਪ੍ਰਸ਼ਾਸਨ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬੈਂਕਿੰਗ ਸੇਵਾਵਾਂ ਤੋਂ ਵਾਂਝਾ ਕਰਨ ਦੀ ਤਿਆਰੀ 'ਚ : ਸਟੀਫਨ ਮਿਲਰ

**ਵਾਸ਼ਿੰਗਟਨ, (ਪੰਜਾਬ ਮੇਲ)-** ਵ੍ਹਾਈਟ ਹਾਊਸ ਦੇ ਡਿਪਟੀ ਚੀਫ਼ ਆਫ਼ ਸਟਾਫ਼ ਸਟੀਫਨ ਮਿਲਰ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਲਈ ਬੈਂਕਿੰਗ ਸੇਵਾਵਾਂ ਤੱਕ ਪਹੁੰਚ ਨੂੰ ਸੀਮਤ ਕਰਨ ਦੀ ਦਿਸ਼ਾ ਵਿਚ ਕਦਮ ਚੁੱਕ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਨੀਤੀ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਖੁਦ ਅਮਰੀਕਾ ਛੱਡਣ ਲਈ ਪ੍ਰੇਰਿਤ ਕਰਨ ਦਾ ਇੱਕ ਮਹੱਤਵਪੂਰਨ ਸਾਧਨ ਬਣ ਸਕਦੀ ਹੈ। ਮਿਲਰ ਨੇ ਇੱਕ ਰੇਡੀਓ ਇੰਟਰਵਿਊ ਦੌਰਾਨ ਕਿਹਾ ਕਿ ਜੇ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਬੈਂਕ ਖਾਤੇ ਖੋਲ੍ਹਣਾ ਜਾਂ ਵਿੱਤੀ ਸੇਵਾਵਾਂ ਲੈਣਾ ਔਖਾ ਹੋ ਜਾਂਦਾ ਹੈ, ਤਾਂ ਉਨ੍ਹਾਂ ਲਈ ਅਮਰੀਕਾ ਵਿਚ ਰਹਿਣਾ ਵੀ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਨੇ ਇਸ ਨੂੰ "ਸੈਲਫ਼-ਡੀਪੋਰਟੇਸ਼ਨ" ਨੂੰ ਉਤਸ਼ਾਹਿਤ ਕਰਨ ਵਾਲਾ ਕਦਮ ਕਰਾਰ ਦਿੱਤਾ। ਹਾਲਾਂਕਿ, ਇਹ ਅਜੇ ਇੱਕ ਨੀਤੀਗਤ ਇਰਾਦਾ ਹੈ। ਪ੍ਰਸ਼ਾਸਨ ਨੇ ਅਜੇ ਤੱਕ ਇਸ ਸਬੰਧੀ ਕੋਈ ਅੰਤਿਮ ਨਿਯਮ ਦੀ ਵਿਸਥਾਰਪੂਰਵਕ ਯੋਜਨਾ ਜਾਰੀ ਨਹੀਂ ਕੀਤੀ ਹੈ। ਇਹ ਵੀ ਸਪੱਸ਼ਟ ਨਹੀਂ ਕੀਤਾ ਗਿਆ ਕਿ ਇਹ ਕਦਮ ਕਿਵੇਂ ਲਾਗੂ ਕੀਤਾ ਜਾਵੇਗਾ ਜਾਂ ਕਿਹੜੀਆਂ ਵਿੱਤੀ ਸੰਸਥਾਵਾਂ 'ਤੇ ਇਸ ਦਾ ਕੀ ਅਸਰ ਪਵੇਗਾ। ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਪਹਿਲਾਂ ਹੀ ਸਖ਼ਤ ਰੁਖ਼ ਅਪਣਾ ਰਿਹਾ ਹੈ। ਇਹ ਨਵਾਂ ਬਿਆਨ ਵੀ ਉਸੇ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ, ਜਿਸ ਦਾ ਮਕਸਦ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣਾ ਅਤੇ ਦੇਸ਼ ਵਿਚ ਰਹਿ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਘਟਾਉਣਾ ਹੈ।

# ਗ੍ਰੀਨ ਕਾਰਡ ਬਿਨੈਕਾਰਾਂ ਲਈ 1 ਲੱਖ ਡਾਲਰ ਬਾਂਡ 'ਤੇ ਵਿਚਾਰ ਕਰ ਰਿਹਾ ਟਰੰਪ ਪ੍ਰਸ਼ਾਸਨ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਗ੍ਰੀਨ ਕਾਰਡ (ਕਾਨੂੰਨੀ ਸਥਾਈ ਨਿਵਾਸ) ਲਈ ਅਰਜ਼ੀ ਦੇਣ ਵਾਲੇ ਕੁਝ ਬਿਨੈਕਾਰਾਂ ਤੋਂ 1 ਲੱਖ ਡਾਲਰ ਦਾ ਬਾਂਡ ਲੈਣ ਦੀ ਸੰਭਾਵਨਾ 'ਤੇ ਵਿਚਾਰ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਇਸ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਅਮਰੀਕਾ ਆਉਣ ਵਾਲੇ ਪ੍ਰਵਾਸੀ ਆਰਥਿਕ ਤੌਰ 'ਤੇ ਖੁਦਮੁਖਤਿਆਰ ਹੋਣ ਅਤੇ ਸਰਕਾਰੀ ਭਲਾਈ ਯੋਜਨਾਵਾਂ 'ਤੇ ਬੋਝ ਨਾ ਬਣਨ।

ਸਟੇਟ ਡਿਪਾਰਟਮੈਂਟ ਦੇ ਬੁਲਾਰੇ ਟੌਮੀ ਪਿਗਾਟ ਨੇ ਕਿਹਾ ਕਿ ਵਿਭਾਗ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਨਾਲ ਮਿਲ ਕੇ ਅਜਿਹੀ ਪ੍ਰਣਾਲੀ 'ਤੇ ਕੰਮ ਕਰ ਰਿਹਾ ਹੈ, ਜਿਸ ਤਹਿਤ ਉਨ੍ਹਾਂ ਬਿਨੈਕਾਰਾਂ ਤੋਂ ਬਾਂਡ ਮੰਗਿਆ ਜਾ ਸਕੇ, ਜਿਨ੍ਹਾਂ ਦੇ "ਪਬਲਿਕ ਚਾਰਜ" ਬਣਨ ਦੀ ਸੰਭਾਵਨਾ ਹੋਵੇ। ਅਰਥਾਤ, ਜਿਨ੍ਹਾਂ ਬਾਰੇ ਸਰਕਾਰ ਨੂੰ ਲੱਗੇ ਕਿ ਉਹ ਭਵਿੱਖ ਵਿਚ ਸਰਕਾਰੀ ਸਹਾਇਤਾ 'ਤੇ ਨਿਰਭਰ ਹੋ ਸਕਦੇ ਹਨ।

ਇਹ ਪ੍ਰਸਤਾਵ ਅਜੇ ਵਿਚਾਰ ਅਧੀਨ ਹੈ ਅਤੇ ਇਸ ਨੂੰ ਲਾਗੂ ਕਰਨ ਬਾਰੇ ਕੋਈ ਅੰਤਿਮ ਫ਼ੈਸਲਾ ਨਹੀਂ ਹੋਇਆ। ਜੇ ਇਹ ਨੀਤੀ ਲਾਗੂ ਹੁੰਦੀ ਹੈ, ਤਾਂ ਇਹ ਹਰ ਗ੍ਰੀਨ ਕਾਰਡ ਬਿਨੈਕਾਰ 'ਤੇ ਆਪਣੇ ਆਪ ਲਾਗੂ ਨਹੀਂ ਹੋਵੇਗੀ, ਸਗੋਂ ਮੁੱਖ ਤੌਰ 'ਤੇ ਉਨ੍ਹਾਂ ਮਾਮਲਿਆਂ 'ਤੇ ਲਾਗੂ ਹੋ ਸਕਦੀ ਹੈ, ਜਿੱਥੇ ਸਰਕਾਰ ਨੂੰ ਆਰਥਿਕ ਸਵੈ-ਨਿਰਭਰਤਾ ਬਾਰੇ ਸ਼ੱਕ ਹੋਵੇ।

## ▮ 'ਪਬਲਿਕ ਚਾਰਜ' ਨਿਯਮ ਹੋ ਸਕਦਾ ਹੈ ਹੋਰ ਸਖ਼ਤ

ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਬਾਂਡ ਬਿਨੈਕਾਰ ਜਾਂ ਅਮਰੀਕਾ ਵਿਚ ਰਹਿ ਰਹੇ ਉਸ ਦੇ ਪਰਿਵਾਰਕ ਮੈਂਬਰ ਵੱਲੋਂ ਜਮ੍ਹਾਂ ਕਰਵਾਇਆ ਜਾ ਸਕਦਾ ਹੈ। ਜੇ ਬਿਨੈਕਾਰ ਵੀਜ਼ਾ ਦੀਆਂ ਸ਼ਰਤਾਂ ਦੀ ਪਾਲਣਾ ਕਰਦਾ ਹੈ ਅਤੇ ਸਰਕਾਰੀ ਨਿਯਮਾਂ ਦੀ ਉਲੰਘਣਾ ਨਹੀਂ ਕਰਦਾ, ਤਾਂ ਇਹ ਰਕਮ ਬਾਅਦ ਵਿਚ ਵਾਪਸ ਕੀਤੀ ਜਾ ਸਕਦੀ ਹੈ। ਇਸ ਵੇਲੇ ਗ੍ਰੀਨ ਕਾਰਡ ਲਈ ਆਮ ਸਰਕਾਰੀ ਫੀਸ ਇਸ ਤੋਂ ਕਾਫ਼ੀ ਘੱਟ ਹੈ। ਅਮਰੀਕਾ ਦੇ ਅੰਦਰ ਫਾਰਮ ਆਈ-485 ਦਾਇਰ ਕਰਨ ਦੀ ਫੀਸ 1,440 ਡਾਲਰ ਹੈ, ਜਦਕਿ ਵਿਦੇਸ਼ ਤੋਂ ਅਰਜ਼ੀ ਦੇਣ ਵਾਲਿਆਂ ਲਈ ਡੀ.ਐੱਸ.-260 ਦੀ ਫੀਸ 325 ਡਾਲਰ ਅਤੇ ਵੀਜ਼ਾ ਮਨਜ਼ੂਰ ਹੋਣ ਤੋਂ ਬਾਅਦ ਯੂ.ਐੱਸ.ਸੀ.ਆਈ.ਐੱਸ. ਇਮੀਗ੍ਰੈਂਟ ਫੀਸ 235 ਡਾਲਰ ਹੈ। ਇਸ ਲਈ 1 ਲੱਖ ਡਾਲਰ ਦਾ ਬਾਂਡ ਮੌਜੂਦਾ ਪ੍ਰਣਾਲੀ ਦੇ ਮੁਕਾਬਲੇ ਬਹੁਤ ਵੱਡਾ ਬਦਲਾਅ ਮੰਨਿਆ ਜਾ ਰਿਹਾ ਹੈ।

ਟਰੰਪ ਪ੍ਰਸ਼ਾਸਨ ਇਸ ਤੋਂ ਪਹਿਲਾਂ ਵੀ ਐੱਚ-1ਬੀ ਵੀਜ਼ਾ 'ਤੇ 1 ਲੱਖ ਡਾਲਰ ਦੀ ਫੀਸ ਲਗਾਉਣ ਦੀ ਕੋਸ਼ਿਸ਼ ਕਰ ਚੁੱਕਾ ਹੈ, ਪਰ ਇੱਕ ਸੰਘੀ ਅਦਾਲਤ ਨੇ ਇਹ ਕਹਿੰਦੇ ਹੋਏ ਉਸ ਨੂੰ ਰੱਦ ਕਰ ਦਿੱਤਾ ਸੀ ਕਿ ਪ੍ਰਸ਼ਾਸਨ ਨੇ ਆਪਣੇ ਅਧਿਕਾਰਾਂ ਤੋਂ ਵੱਧ ਕਦਮ ਚੁੱਕਿਆ ਹੈ।




# ਕੇਂਦਰ ਸਰਕਾਰ ਵੱਲੋਂ ਹਰਜੀਤ ਸਿੰਘ ਗਰੇਵਾਲ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਨਵੇਂ ਚੇਅਰਮੈਨ ਨਿਯੁਕਤ

**ਨਵੀਂ ਦਿੱਲੀ, (ਪੰਜਾਬ ਮੇਲ)-** ਕੇਂਦਰ ਸਰਕਾਰ ਨੇ ਹਰਜੀਤ ਸਿੰਘ ਗਰੇਵਾਲ ਨੂੰ ਤਿੰਨ ਸਾਲਾਂ ਦੀ ਮਿਆਦ ਲਈ ਕੌਮੀ ਘੱਟ ਗਿਣਤੀ ਕਮਿਸ਼ਨ (ਐੱਨ.ਸੀ.ਐੱਮ.) ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਗਰੇਵਾਲ, ਇਕਬਾਲ ਸਿੰਘ ਲਾਲਪੁਰਾ ਦੀ ਥਾਂ ਲੈਣਗੇ, ਜੋ ਪਹਿਲਾਂ ਇਸ ਕਮਿਸ਼ਨ ਦੇ ਚੇਅਰਪਰਸਨ ਵਜੋਂ ਸੇਵਾ ਨਿਭਾ ਚੁੱਕੇ ਹਨ।

ਗਰੇਵਾਲ ਨੂੰ ਪਹਿਲਾਂ ਪੰਜਾਬ ਵਿਚ ਭਾਜਪਾ ਦਾ ਪ੍ਰਮੁੱਖ ਸਿੱਖ ਚਿਹਰਾ ਮੰਨਿਆ ਜਾਂਦਾ ਸੀ। ਖ਼ਾਸ ਕਰਕੇ ਭਾਜਪਾ ਦੇ ਕਿਸਾਨ ਵਿੰਗ ਲਈ ਉਨ੍ਹਾਂ ਨੇ ਕਾਫ਼ੀ ਕੰਮ ਕੀਤਾ ਸੀ। ਹਾਲਾਂਕਿ, ਪੰਜਾਬ ਵਿਚ ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਭਾਜਪਾ ਵਿਚ ਸ਼ਾਮਲ ਹੋਣ ਦੌਰਾਨ ਗਰੇਵਾਲ ਹੌਲੀ-ਹੌਲੀ ਪਿੱਛੇ ਪੈਂਦੇ ਗਏ। ਹੁਣ ਇਹ ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਇਹ ਵਕਾਰੀ ਅਹੁਦਾ ਦੇ ਕੇ ਸਿਆਸੀ ਤੌਰ 'ਤੇ 'ਅਡਜਸਟ' ਕੀਤਾ ਗਿਆ ਹੈ।

ਕੇਂਦਰ ਸਰਕਾਰ ਨੇ ਐੱਸ. ਮੁਨਵਰੀ ਬੇਗਮ ਨੂੰ ਮੁਸਲਿਮ ਨੁਮਾਇੰਦੇ ਵਜੋਂ ਕੌਮੀ ਘੱਟ ਗਿਣਤੀ ਕਮਿਸ਼ਨ ਦੀ ਉਪ-ਚੇਅਰਪਰਸਨ ਨਿਯੁਕਤ ਕੀਤਾ ਹੈ, ਜਦੋਂ ਕਿ ਗਲੇਨ ਈ. ਸੂਜ਼ਾ ਟਿੱਕਲੋ ਨੂੰ ਈਸਾਈ ਭਾਈਚਾਰੇ ਦੇ ਨੁਮਾਇੰਦੇ ਵਜੋਂ ਕਮਿਸ਼ਨ ਦਾ ਮੈਂਬਰ ਨਾਮਜ਼ਦ



**ਮੁਨਵਰੀ ਬੇਗਮ ਉਪ-ਚੇਅਰਪਰਸਨ ਅਤੇ ਗਲੇਨ ਟਿੱਕਲੋ ਮੈਂਬਰ ਨਾਮਜ਼ਦ**

ਕੀਤਾ ਗਿਆ ਹੈ। ਇਹ ਨਿਯੁਕਤੀਆਂ ਕੇਂਦਰ ਸਰਕਾਰ ਵੱਲੋਂ ਇਸ ਸੰਵਿਧਾਨਕ ਸੰਸਥਾ ਦੇ ਕੰਮਕਾਜ ਨੂੰ ਮਜ਼ਬੂਤ ਕਰਨ ਲਈ ਕੀਤੀਆਂ ਗਈਆਂ ਹਨ, ਜੋ ਦੇਸ਼ ਵਿਚ ਘੱਟ ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਅਤੇ ਹਿੱਤਾਂ ਦੀ ਰਾਖੀ ਲਈ ਜ਼ਿੰਮੇਵਾਰ ਹੈ। ਕੌਮੀ ਘੱਟ ਗਿਣਤੀ ਕਮਿਸ਼ਨ ਨੋਟੀਫਾਈਡ (ਸੂਚਿਤ) ਘੱਟ ਗਿਣਤੀ ਭਾਈਚਾਰਿਆਂ ਲਈ ਸੰਵਿਧਾਨਕ ਅਤੇ ਕਾਨੂੰਨੀ ਸੁਰੱਖਿਆ ਦੇ ਲਾਗੂਕਰਨ ਦੀ ਨਿਗਰਾਨੀ ਕਰਨ ਲਈ ਕੰਮ ਕਰਦਾ ਹੈ ਅਤੇ ਉਨ੍ਹਾਂ ਦੀ ਭਲਾਈ ਅਤੇ ਵਿਕਾਸ ਨਾਲ ਸਬੰਧਤ ਮੁੱਦਿਆਂ 'ਤੇ ਸਰਕਾਰ ਨੂੰ ਸਲਾਹ ਦਿੰਦਾ ਹੈ।

ਹਰਜੀਤ ਸਿੰਘ ਗਰੇਵਾਲ ਨੇ ਇਸ ਵੱਡੀ ਜ਼ਿੰਮੇਵਾਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਦਾ ਧੰਨਵਾਦ ਵੀ ਕੀਤਾ ਹੈ। ਜ਼ਿਕਰਯੋਗ ਹੈ ਕਿ ਜਦੋਂ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨ ਅੰਦੋਲਨ ਚੱਲ ਰਿਹਾ ਸੀ, ਤਾਂ ਉਸ ਵਕਤ ਖੇਤੀ ਕਾਨੂੰਨਾਂ ਦੀ ਹਮਾਇਤ 'ਚ ਗਰੇਵਾਲ ਡੱਟ ਗਏ ਸਨ। ਉਹ ਕੌਮੀ ਪੱਧਰ ਦੀਆਂ ਮੀਡੀਆ ਬਹਿਸਾਂ ਵਿਚ ਵੀ ਲਗਾਤਾਰ ਹਿੱਸਾ ਲੈਂਦੇ ਰਹੇ ਸਨ। ਇਸ ਕਾਰਨ ਕਿਸਾਨ ਜਥੇਬੰਦੀਆਂ ਵੱਲੋਂ ਉਨ੍ਹਾਂ ਦਾ ਤਿੱਖਾ ਵਿਰੋਧ ਕੀਤਾ ਗਿਆ ਸੀ ਅਤੇ ਕਿਸਾਨ ਆਗੂਆਂ ਨੇ ਉਨ੍ਹਾਂ ਦੇ ਜੱਦੀ ਘਰ ਅੱਗੇ ਪ੍ਰਦਰਸ਼ਨ ਵੀ ਕੀਤਾ ਸੀ।

ਹਰਜੀਤ ਸਿੰਘ ਗਰੇਵਾਲ ਪੰਜਾਬ ਭਾਜਪਾ ਦੇ ਪ੍ਰਮੁੱਖ ਬੁਲਾਰੇ ਵੀ ਰਹੇ ਹਨ ਅਤੇ ਸੂਬਾ ਉਪ-ਪ੍ਰਧਾਨ ਦੀ ਜ਼ਿੰਮੇਵਾਰੀ ਵੀ ਨਿਭਾ ਚੁੱਕੇ ਹਨ। ਇਸ ਤੋਂ ਇਲਾਵਾ, ਉਹ ਪਹਿਲਾਂ ਪੰਜਾਬ ਇਨਫੋਟੈੱਕ ਦੇ ਚੇਅਰਮੈਨ ਵਜੋਂ ਵੀ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਸਾਬਕਾ ਮੰਤਰੀ ਲਾਲਜੀਤ ਭੁੱਲਰ ਦੀ ਜ਼ਮਾਨਤ ਅਰਜ਼ੀ ਖਾਰਜ

**ਅੰਮ੍ਰਿਤਸਰ, (ਪੰਜਾਬ ਮੇਲ)-** ਇੱਕ ਸਥਾਨਕ ਅਦਾਲਤ ਨੇ ਪੰਜਾਬ ਦੇ ਸਾਬਕਾ ਮੰਤਰੀ ਲਾਲਜੀਤ ਭੁੱਲਰ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ। ਉਨ੍ਹਾਂ 'ਤੇ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਡਾਕਟਰ ਗਗਨਦੀਪ ਸਿੰਘ ਰੰਧਾਵਾ ਨੂੰ ਖ਼ੁਦਕੁਸ਼ੀ ਲਈ ਉਕਸਾਉਣ ਦਾ ਦੋਸ਼ ਹੈ।



6 ਜੁਲਾਈ ਨੂੰ ਦਾਇਰ ਕੀਤੀ ਗਈ ਜ਼ਮਾਨਤ ਪਟੀਸ਼ਨ ਨੂੰ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਸੰਜੀਵ ਕੁੰਡੀ ਦੀ ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਰੱਦ ਕਰ ਦਿੱਤਾ। ਸੁਣਵਾਈ ਦੌਰਾਨ ਰੰਧਾਵਾ ਦੇ ਪਰਿਵਾਰ ਵੱਲੋਂ ਪੇਸ਼ ਹੋਏ ਵਕੀਲ ਨੇ ਦਲੀਲ ਦਿੱਤੀ ਕਿ ਭੁੱਲਰ ਕਾਫੀ ਸਿਆਸੀ ਰਸੂਖ ਰੱਖਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਜ਼ਮਾਨਤ ਦਿੱਤੀ ਗਈ, ਤਾਂ ਉਹ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਜਾਂ ਮੁਕੱਦਮੇ ਵਿਚ ਦਖ਼ਲਅੰਦਾਜ਼ੀ ਕਰ ਸਕਦੇ ਹਨ। ਸ਼ਿਕਾਇਤਕਰਤਾ ਦੇ ਪਰਿਵਾਰ ਵੱਲੋਂ ਪੇਸ਼ ਹੋਏ ਐਡਵੋਕੇਟ ਸਤਨਾਮ ਸਿੰਘ ਨੇ ਦਾਅਵਾ ਕੀਤਾ ਕਿ ਭੁੱਲਰ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਕਥਿਤ ਤੌਰ 'ਤੇ ਵੀ.ਆਈ.ਪੀ. ਟਰੀਟਮੈਂਟ (ਖ਼ਾਸ ਸਹੂਲਤਾਂ) ਮਿਲਿਆ ਸੀ ਅਤੇ ਉਨ੍ਹਾਂ ਨੇ ਹਿਰਾਸਤ ਵਿਚ ਲਏ ਜਾਣ ਤੋਂ ਪਹਿਲਾਂ ਅਹਿਮ ਸਬੂਤ ਨਸ਼ਟ ਕਰ ਦਿੱਤੇ ਸਨ। ਉਨ੍ਹਾਂ ਦਲੀਲ ਦਿੱਤੀ ਕਿ ਪੁਲਿਸ ਸਾਬਕਾ ਮੰਤਰੀ ਕੋਲੋਂ ਕੋਈ ਵੀ ਇਤਰਾਜ਼ਯੋਗ ਸਮੱਗਰੀ ਬਰਾਮਦ ਕਰਨ ਵਿਚ ਅਸਫ਼ਲ ਰਹੀ ਹੈ ਅਤੇ ਇਸ ਮਾਮਲੇ ਦੇ ਦੋ ਹੋਰ ਮੁਲਜ਼ਮਾਂ—ਭੁੱਲਰ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਸਾਬਕਾ ਨਿੱਜੀ ਸਹਾਇਕ (ਪੀ.ਏ.) ਦਿਲਬਾਗ ਸਿੰਘ ਨੂੰ ਅਜੇ ਤੱਕ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ।

## ਬੀ.ਸੀ.ਸੀ.ਆਈ. ਦੇ ਲੋਕਪਾਲ ਵੱਲੋਂ ਗੀਤਿੰਦਰ ਸਿੰਘ ਸੋਢੀ ਨੂੰ ਕਾਰਨ ਦੱਸੋ ਨੋਟਿਸ ਜਾਰੀ

**ਮੁਹਾਲੀ, (ਪੰਜਾਬ ਮੇਲ)-** ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੇ ਲੋਕਪਾਲ-ਕਮ-ਐਥਿਕਸ ਅਫ਼ਸਰ ਨੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੀ ਕ੍ਰਿਕਟ ਸਲਾਹਕਾਰ ਕਮੇਟੀ ਦੇ ਚੇਅਰਮੈਨ ਗੀਤਿੰਦਰ ਸਿੰਘ ਸੋਢੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਮਿਹਨਤਾਨੇ ਦੇ ਭੁਗਤਾਨ ਦੇ ਸਬੰਧ ਵਿਚ ਬੀ.ਸੀ.ਸੀ.ਆਈ. ਦੇ 'ਹਿੱਤਾਂ ਦੇ ਟਕਰਾਅ' ਦੇ ਨਿਯਮਾਂ ਦੀ ਕਥਿਤ ਉਲੰਘਣਾ ਕਰਨ ਅਤੇ ਜਾਣਕਾਰੀ ਦੇਣ ਤੇ ਪਾਰਦਰਸ਼ਤਾ ਨਾਲ ਜੁੜੇ ਨਿਯਮਾਂ ਦਾ ਪਾਲਣ ਨਾ ਕਰਨ ਦੇ ਦੋਸ਼ਾਂ ਕਾਰਨ ਜਾਰੀ ਕੀਤਾ ਗਿਆ ਹੈ।

ਬੀ.ਸੀ.ਸੀ.ਆਈ. ਦੇ ਲੋਕਪਾਲ-ਕਮ-ਐਥਿਕਸ ਅਫ਼ਸਰ, ਜਸਟਿਸ (ਸੇਵਾਮੁਕਤ) ਅਰੁਣ ਮਿਸ਼ਰਾ ਨੇ 8 ਜੂਨ 2026 ਦੇ ਨੋਟਿਸ ਰਾਹੀਂ, ਨੋਟਿਸ ਮਿਲਣ ਦੀ ਤਾਰੀਖ਼ ਤੋਂ ਚਾਰ ਹਫ਼ਤਿਆਂ ਦੇ ਅੰਦਰ-ਅੰਦਰ ਸਾਰੇ ਜ਼ਰੂਰੀ ਦਸਤਾਵੇਜ਼ਾਂ ਸਮੇਤ ਲਿਖਤੀ ਜਵਾਬ ਮੰਗਿਆ ਹੈ।

ਸ਼ਿਕਾਇਤਕਰਤਾ ਰਾਕੇਸ਼ ਹਾਂਡਾ ਨੇ 23 ਮਈ 2026 ਨੂੰ ਸ਼ਿਕਾਇਤ ਦਰਜ ਕਰਵਾਈ ਸੀ। ਉਨ੍ਹਾਂ ਨੇ ਦੋਸ਼ ਲਗਾਇਆ ਸੀ ਕਿ ਸਾਬਕਾ ਭਾਰਤੀ ਖਿਡਾਰੀ ਸੋਢੀ ਇੱਕੋ ਸਮੇਂ ਕਈ ਅਹੁਦਿਆਂ 'ਤੇ ਤਾਇਨਾਤ ਹਨ, ਜਿਨ੍ਹਾਂ ਵਿਚ ਮੈਚ ਅਧਿਕਾਰੀ, ਕ੍ਰਿਕਟ ਸਲਾਹਕਾਰ ਕਮੇਟੀ (ਪੀ.ਸੀ.ਏ.) ਦੇ ਚੇਅਰਮੈਨ, ਕ੍ਰਿਕਟ ਅਕੈਡਮੀ ਦੇ ਮਾਲਕ ਅਤੇ

**4 ਹਫ਼ਤਿਆਂ 'ਚ ਮੰਗਿਆ ਲਿਖਤੀ ਜਵਾਬ**




ਕਮੈਂਟੇਟਰ/ਬ੍ਰੌਡਕਾਸਟਰ ਦੇ ਅਹੁਦੇ ਸ਼ਾਮਲ ਹਨ।

ਸ਼ਿਕਾਇਤਕਰਤਾ ਦੀ ਦਲੀਲ ਸੀ ਕਿ "ਇਸ ਤਰ੍ਹਾਂ ਇੱਕੋ ਸਮੇਂ ਕਈ ਭੂਮਿਕਾਵਾਂ ਨਿਭਾਉਣਾ ਬੀ.ਸੀ.ਸੀ.ਆਈ. ਅਤੇ ਪੀ.ਸੀ.ਏ. ਦੇ ਸੰਵਿਧਾਨ ਦੇ ਲਾਗੂ ਨਿਯਮਾਂ ਤਹਿਤ ਹਿੱਤਾਂ ਦਾ ਇੱਕ ਅਸਲ ਜਾਂ ਗੰਭੀਰ ਟਕਰਾਅ ਹੈ।"

ਪੀ.ਸੀ.ਏ. ਦੇ ਲਾਈਫ ਮੈਂਬਰ (ਲਾਈਫ਼ ਮੈਂਬਰ) ਹਾਂਡਾ ਨੇ ਇਹ ਵੀ ਦੋਸ਼ ਲਗਾਇਆ ਸੀ ਕਿ ਸੋਢੀ ਨੇ ਹਿੱਤਾਂ ਦੇ ਟਕਰਾਅ ਦੀ ਜਾਣਕਾਰੀ ਨਹੀਂ ਦਿੱਤੀ ਅਤੇ ਉਨ੍ਹਾਂ ਨੇ ਇਸ ਸਬੰਧੀ ਯੋਗ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਸੀ।

ਪਟਿਆਲਾ ਦੇ ਆਲਰਾਊਂਡਰ ਸੋਢੀ ਨੇ ਸਾਲ 2000 ਵਿਚ ਜ਼ਿੰਬਾਬਵੇ ਖ਼ਿਲਾਫ਼ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ 18 ਵਨਡੇ ਮੈਚ ਖੇਡੇ ਸਨ। 45 ਸਾਲਾ ਇਸ ਖਿਡਾਰੀ ਨੇ ਆਪਣਾ ਆਖਰੀ ਮੈਚ 2002 ਵਿਚ ਵੈਸਟਇੰਡੀਜ਼ ਖ਼ਿਲਾਫ਼ ਖੇਡਿਆ ਸੀ।





SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਨਿੱਝਰ ਮਾਮਲੇ 'ਚ ਕੈਨੇਡਾ ਨੂੰ ਭਾਰਤ ਤੋਂ ਮੰਗਣੀ ਚਾਹੀਦੀ ਹੈ ਮਾਫੀ : ਸਾਬਕਾ ਭਾਰਤੀ ਹਾਈ ਕਮਿਸ਼ਨਰ ਸੰਜੇ ਵਰਮਾ



ਨਵੀਂ ਦਿੱਲੀ, (ਪੰਜਾਬ ਮੇਲ)- ਕੈਨੇਡਾ ਵਿਚ 2023 'ਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿਚ ਅਮਰੀਕੀ ਅਧਿਕਾਰੀਆਂ ਵੱਲੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਇਲਜ਼ਾਮਨਾਮਾ ਦਾਇਰ ਹੋਣ ਤੋਂ ਬਾਅਦ ਸਾਬਕਾ ਭਾਰਤੀ ਹਾਈ ਕਮਿਸ਼ਨਰ ਸੰਜੇ ਵਰਮਾ ਨੇ ਕਿਹਾ ਹੈ ਕਿ ਹੁਣ ਕੈਨੇਡਾ ਨੂੰ ਭਾਰਤ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਤਤਕਾਲੀਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਭਾਰਤੀ ਅਧਿਕਾਰੀਆਂ ਉੱਤੇ ਉਂਗਲ ਚੁੱਕ ਕੇ ਗਲਤੀ ਕੀਤੀ ਸੀ।

ਸੰਜੇ ਵਰਮਾ, ਜਿਨ੍ਹਾਂ ਨੂੰ ਉਸ ਵੇਲੇ ਕੈਨੇਡਾ ਨੇ "ਪਰਸਨ ਆਫ ਇੰਟਰੈਸਟ" ਦੱਸਦਿਆਂ ਦੇਸ਼ ਛੱਡਣ ਲਈ ਕਿਹਾ ਸੀ, ਨੇ ਕਿਹਾ ਕਿ ਇੱਕ ਜ਼ਿੰਮੇਵਾਰ ਨੇਤਾ ਨੂੰ ਜਾਂਚ ਦੇ ਨਤੀਜੇ ਆਉਣ ਦੀ ਉਡੀਕ ਕਰਨੀ ਚਾਹੀਦੀ ਸੀ। ਉਨ੍ਹਾਂ ਦੇ ਅਨੁਸਾਰ, ਬਿਨਾਂ ਪੱਕੇ ਸਬੂਤਾਂ ਦੇ ਭਾਰਤ ਵਿਰੁੱਧ ਲਗਾਏ ਗਏ ਦੋਸ਼ਾਂ ਨੇ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਅਤੇ ਭਾਰਤੀ ਰਾਜਨਾਇਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਾਖ਼ ਨੂੰ ਵੀ ਠੇਸ ਪਹੁੰਚਾਈ।

ਵਰਮਾ ਨੇ ਕਿਹਾ ਕਿ ਅਮਰੀਕੀ ਇਲਜ਼ਾਮਨਾਮੇ ਵਿਚ ਨਿੱਝਰ ਦੀ ਹੱਤਿਆ ਲਈ ਲਾਰੈਂਸ ਬਿਸ਼ਨੋਈ ਗਿਰੋਹ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ, ਪਰ ਇਸ ਵਿਚ ਭਾਰਤ ਸਰਕਾਰ, ਭਾਰਤੀ ਅਧਿਕਾਰੀਆਂ ਜਾਂ ਰਾਜਨਾਇਕਾਂ ਦਾ ਕੋਈ ਨਾਮ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਭਾਰਤ ਦੀ ਉਹ ਸਥਿਤੀ ਮਜ਼ਬੂਤ ਹੁੰਦੀ ਹੈ ਕਿ ਇਸ ਘਟਨਾ ਵਿਚ ਸਰਕਾਰ ਦੀ ਕੋਈ ਭੂਮਿਕਾ ਨਹੀਂ ਸੀ।

ਉੱਧਰ, ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਵੀ ਕਿਹਾ ਹੈ ਕਿ ਸੰਗਠਿਤ ਅਪਰਾਧ ਨਾਲ ਸੰਬੰਧਿਤ ਇਸ ਜਾਂਚ ਵਿਚ ਅਜਿਹਾ ਕੋਈ ਸਬੂਤ ਨਹੀਂ ਮਿਲਿਆ, ਜਿਸ ਨਾਲ ਭਾਰਤ ਸਰਕਾਰ ਜਾਂ ਉਸ ਦੇ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਜਾ ਸਕੇ। ਹਾਲਾਂਕਿ ਆਰ.ਸੀ.ਐੱਮ.ਪੀ. ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਨਿੱਝਰ ਦੀ ਹੱਤਿਆ ਦੀ ਮੁੱਖ ਹੱਤਿਆ ਜਾਂਚ ਵੱਖਰੇ ਤੌਰ 'ਤੇ ਅਜੇ ਵੀ ਜਾਰੀ ਹੈ ਅਤੇ ਉਸ 'ਤੇ ਹੋਰ ਟਿੱਪਣੀ ਨਹੀਂ ਕੀਤੀ ਜਾ ਸਕਦੀ।

ਇਸ ਮਾਮਲੇ ਵਿਚ ਪਹਿਲਾਂ ਹੀ ਚਾਰ ਭਾਰਤੀ ਮੂਲ ਦੇ ਵਿਅਕਤੀਆਂ 'ਤੇ ਪਹਿਲੀ ਡਿਗਰੀ ਕਤਲ ਅਤੇ ਸਾਜ਼ਿਸ਼ ਦੇ ਦੋਸ਼ ਲੱਗ ਚੁੱਕੇ ਹਨ ਅਤੇ ਉਨ੍ਹਾਂ ਖ਼ਿਲਾਫ਼ ਬ੍ਰਿਟਿਸ਼ ਕੋਲੰਬੀਆ ਦੀ ਅਦਾਲਤ ਵਿਚ ਕਾਰਵਾਈ ਜਾਰੀ ਹੈ। ਇਸਦੇ ਨਾਲ ਹੀ ਅਮਰੀਕਾ ਵੱਲੋਂ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਸਮੇਤ ਹੋਰ ਗੈਂਗ ਮੈਂਬਰਾਂ ਖ਼ਿਲਾਫ਼ ਵੱਖਰਾ ਸੰਘੀ ਕੇਸ ਵੀ ਚਲਾਇਆ ਜਾ ਰਿਹਾ ਹੈ।

ਸੰਜੇ ਵਰਮਾ ਨੇ ਕਿਹਾ ਕਿ ਉਹ ਪਹਿਲੇ ਦਿਨ ਤੋਂ ਇਹੀ ਕਹਿੰਦੇ ਆਏ ਹਨ ਕਿ ਭਾਰਤ ਦੀ ਨੀਤੀ ਕਿਸੇ ਹੋਰ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ ਦੀ ਨਹੀਂ ਹੈ। ਉਨ੍ਹਾਂ ਅਨੁਸਾਰ, ਤਾਜ਼ਾ ਇਲਜ਼ਾਮਨਾਮੇ ਅਤੇ ਜਾਂਚ ਵਿਚ ਸਾਹਮਣੇ ਆਈਆਂ ਗੱਲਾਂ ਤੋਂ ਬਾਅਦ ਹੁਣ ਦੋਵਾਂ ਦੇਸ਼ਾਂ ਨੂੰ ਤੱਥਾਂ ਦੇ ਆਧਾਰ 'ਤੇ ਅੱਗੇ ਵਧਣਾ ਚਾਹੀਦਾ ਹੈ ਅਤੇ ਨਿਆਂ ਪ੍ਰਕਿਰਿਆ ਨੂੰ ਆਪਣਾ ਕੰਮ ਕਰਨ ਦੇਣਾ ਚਾਹੀਦਾ ਹੈ।

## ਯੂ.ਏ.ਈ. ਹੋਰਮੁਜ਼ ਦਾ ਨਵਾਂ ਬਦਲ ਕਰੇਗਾ ਵਿਕਸਿਤ

ਯੂ.ਏ.ਈ., (ਪੰਜਾਬ ਮੇਲ)- ਦੁਨੀਆਂ ਦੇ ਕਰੀਬ 20 ਫ਼ੀਸਦੀ ਸਮੁੰਦਰੀ ਤੇਲ ਵਪਾਰ ਦਾ ਮੁੱਖ ਰਸਤਾ 'ਹੋਰਮੁਜ਼ ਸਟ੍ਰੇਟ' ਹੈ, ਜਿਸ 'ਤੇ ਈਰਾਨ ਦਾ ਮਹੱਤਵਪੂਰਨ ਰਣਨੀਤਕ ਪ੍ਰਭਾਵ ਮੰਨਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਅਮਰੀਕਾ-ਈਰਾਨ ਤਣਾਅ ਦੌਰਾਨ ਇਸ ਰਸਤੇ 'ਤੇ ਪੈਦਾ ਹੋਈ ਬੇਭਰੋਸਗੀ ਨੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੂੰ ਇਕ ਬਦਲਵੀਂ ਸਮੁੰਦਰੀ ਵਿਵਸਥਾ ਵਿਕਸਿਤ ਕਰਨ ਲਈ ਪ੍ਰੇਰਿਤ ਕੀਤਾ।

ਇਸੇ ਰਣਨੀਤੀ ਤਹਿਤ ਯੂ.ਏ.ਈ. ਫੁਜੈਰਾ ਬੰਦਰਗਾਹ ਨੂੰ ਇਕ ਅਤਿ-ਆਧੁਨਿਕ ਮੈਗਾ ਲਾਜਿਸਟਿਕਸ ਅਤੇ ਕੰਟੇਨਰ ਹੱਬ ਵਜੋਂ ਵਿਕਸਿਤ ਕਰ ਰਿਹਾ ਹੈ। ਹਿੰਦ ਮਹਾਸਾਗਰ ਦੇ ਤੱਟ 'ਤੇ ਸਥਿਤ ਹੋਣ ਕਾਰਨ ਇੱਥੇ ਪਹੁੰਚਣ ਲਈ ਜਹਾਜ਼ਾਂ ਨੂੰ ਹੋਰਮੁਜ਼ ਸਟ੍ਰੇਟ 'ਚੋਂ ਨਹੀਂ ਲੰਘਣਾ ਪੈਂਦਾ, ਜਿਸ ਨਾਲ ਸੰਕਟ ਦੀ ਸਥਿਤੀ 'ਚ ਵੀ ਵਪਾਰ ਅਤੇ ਊਰਜਾ ਦੀ ਸਪਲਾਈ ਜਾਰੀ ਰੱਖੀ ਜਾ ਸਕੇਗੀ। ਇਸ ਪ੍ਰਾਜੈਕਟ ਤਹਿਤ ਨਵੀਂ ਬਹੁ-ਮੰਤਵੀ ਬੰਦਰਗਾਹ, ਆਧੁਨਿਕ ਕੰਟੇਨਰ ਟਰਮੀਨਲ ਅਤੇ ਵਿਸ਼ਾਲ ਤੇਲ ਭੰਡਾਰਨ ਸਹੂਲਤਾਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ।

# ਭਾਰਤੀਆਂ ਦੀਆਂ ਮੁਸ਼ਕਿਲਾਂ ਘੱਟ ਕਰਨ ਲਈ ਅਮਰੀਕੀ ਪ੍ਰਸ਼ਾਸਨ ਨਾਲ ਗੱਲਬਾਤ ਜਾਰੀ: ਭਾਰਤ

**ਵੀਜ਼ਾ ਨਿਯਮਾਂ 'ਚ ਸਖ਼ਤੀ ਤੋਂ ਬਾਅਦ ਭਾਰਤ ਨੇ ਅਮਰੀਕਾ ਦੇ ਅਧਿਕਾਰੀਆਂ ਨਾਲ ਬਣਾਇਆ ਰਾਬਤਾ**

ਨਵੀਂ ਦਿੱਲੀ, (ਪੰਜਾਬ ਮੇਲ)- ਅਮਰੀਕਾ ਵੱਲੋਂ ਵੀਜ਼ਾ ਨਿਯਮਾਂ ਨੂੰ ਸਖ਼ਤ ਕੀਤੇ ਜਾਣ ਤੋਂ ਬਾਅਦ ਹੁਣ ਵਿਦੇਸ਼ੀ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ ਤਹਿਤ ਅਮਰੀਕਾ ਜਾਣ ਵਾਲੇ ਲੰਬੇ ਸਮੇਂ ਤੱਕ ਉੱਥੇ ਨਹੀਂ ਰਹਿ ਸਕਣਗੇ।

ਭਾਰਤ ਨੇ ਕਿਹਾ ਕਿ ਉਹ ਇਸ ਫ਼ੈਸਲੇ ਕਾਰਨ ਭਾਰਤੀ ਨਾਗਰਿਕਾਂ ਨੂੰ ਹੋਣ ਵਾਲੀਆਂ ਮੁਸ਼ਕਿਲਾਂ ਨੂੰ ਘੱਟ ਕਰਨ ਲਈ ਅਮਰੀਕੀ ਅਧਿਕਾਰੀਆਂ ਨਾਲ ਲਗਾਤਾਰ ਰਾਬਤਾ ਕਾਇਮ ਕਰ ਰਿਹਾ ਹੈ।

ਇਨ੍ਹਾਂ ਨਵੇਂ ਨਿਯਮਾਂ ਦਾ ਸਭ ਤੋਂ ਵੱਡਾ ਅਸਰ ਅਮਰੀਕਾ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਅਤੇ ਉੱਥੇ ਗਏ ਐਕਸਚੇਂਜ ਵਿਜ਼ਿਟਰਾਂ 'ਤੇ ਪੈਣ ਦੀ ਸੰਭਾਵਨਾ ਹੈ। ਅਮਰੀਕੀ ਹੋਮਲੈਂਡ ਸੁਰੱਖਿਆ ਵਿਭਾਗ ਵੱਲੋਂ ਵੀਜ਼ਾ ਨਿਯਮਾਂ ਵਿਚ ਕੀਤੇ ਬਦਲਾਅ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, 'ਅਸੀਂ ਵੀਜ਼ਾ ਨਿਯਮਾਂ ਨਾਲ ਸਬੰਧਤ ਰਿਪੋਰਟਾਂ ਦੇਖੀਆਂ ਹਨ। ਵੀਜ਼ਾ ਨਿਯਮ, ਵੀਜ਼ਾ ਪ੍ਰਕਿਰਿਆਵਾਂ ਅਤੇ ਇਮੀਗ੍ਰੇਸ਼ਨ ਦੇ ਮਾਮਲੇ ਕਿਸੇ ਵੀ ਦੇਸ਼ ਦੇ ਪ੍ਰਭੂਸੱਤਾ ਦੇ ਅਧਿਕਾਰ ਹੁੰਦੇ ਹਨ।'

ਰਣਧੀਰ ਜੈਸਵਾਲ ਨੇ ਕਿਹਾ, 'ਇਹ ਸਭ ਹੋਣ ਦੇ ਬਾਵਜੂਦ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਵੀ ਅਮਰੀਕਾ ਜਾਣ ਦੇ ਚਾਹਵਾਨ ਭਾਰਤੀਆਂ, ਵਿਦਿਆਰਥੀਆਂ ਜਾਂ ਹੋਰਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਦੇ ਮਾਮਲੇ ਸਾਡੇ ਧਿਆਨ ਵਿਚ ਆਉਂਦੇ ਹਨ, ਤਾਂ ਅਸੀਂ ਉਨ੍ਹਾਂ ਮੁੱਦਿਆਂ ਨੂੰ ਅਮਰੀਕੀ ਅਧਿਕਾਰੀਆਂ ਕੋਲ ਉਠਾਉਂਦੇ ਹਾਂ, ਤਾਂ ਕਿ ਸਾਡੇ ਲੋਕਾਂ ਨੂੰ ਘੱਟ ਤੋਂ ਘੱਟ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇ।'

ਅਮਰੀਕਾ ਦੇ ਇਨ੍ਹਾਂ ਨਵੇਂ ਵੀਜ਼ਾ ਨਿਯਮਾਂ ਨੇ ਉਸ ਦਹਾਕਿਆਂ ਪੁਰਾਣੀ ਨੀਤੀ ਨੂੰ ਖ਼ਤਮ ਕਰ ਦਿੱਤਾ ਹੈ, ਜਿਸ ਤਹਿਤ ਵਿਦੇਸ਼ੀ ਵਿਦਿਆਰਥੀਆਂ, ਐਕਸਚੇਂਜ ਵਿਜ਼ਿਟਰਾਂ ਅਤੇ ਪੱਤਰਕਾਰਾਂ ਨੂੰ ਸਰਕਾਰੀ ਨਿਗਰਾਨੀ ਤੋਂ ਬਿਨਾਂ ਅਣਮਿੱਥੇ ਸਮੇਂ ਲਈ ਦੇਸ਼ ਵਿਚ ਰਹਿਣ ਦੀ ਇਜਾਜ਼ਤ ਮਿਲਦੀ ਸੀ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਵੱਲੋਂ ਜਾਰੀ ਕੀਤੇ ਬਿਆਨ ਅਨੁਸਾਰ, ਨਵੇਂ ਨਿਯਮਾਂ ਤਹਿਤ ਹੁਣ ਐੱਫ, ਜੇ, ਅਤੇ ਆਈ ਸ਼੍ਰੇਣੀ ਦੇ ਵੀਜ਼ਾ ਧਾਰਕਾਂ ਲਈ ਅਮਰੀਕਾ ਵਿਚ ਰਹਿਣ ਦੀ ਇੱਕ ਨਿਸ਼ਚਿਤ ਮਿਆਦ ਤੈਅ ਕਰ ਦਿੱਤੀ ਗਈ ਹੈ।

ਅਮਰੀਕੀ ਵੀਜ਼ਾ ਪ੍ਰਣਾਲੀ ਦੇ ਨਵੇਂ ਨਿਯਮਾਂ ਮੁਤਾਬਕ, ਐੱਫ ਸ਼੍ਰੇਣੀ ਦੇ ਵੀਜ਼ੇ ਖਾਸ ਤੌਰ 'ਤੇ ਵਿਦਿਆਰਥੀਆਂ ਲਈ ਹੁੰਦੇ ਹਨ, ਜੇ. ਸ਼੍ਰੇਣੀ ਦੇ ਵੀਜ਼ੇ ਐਕਸਚੇਂਜ ਵਿਜ਼ਿਟਰਾਂ ਲਈ ਅਤੇ ਆਈ ਸ਼੍ਰੇਣੀ ਦੇ ਵੀਜ਼ੇ ਪੱਤਰਕਾਰਾਂ ਨੂੰ ਜਾਰੀ ਕੀਤੇ ਜਾਂਦੇ ਹਨ। ਇਸ ਨਵੇਂ ਬਦਲਾਅ ਵਿਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਐੱਫ ਵੀਜ਼ਾ ਧਾਰਕ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ (ਗਰੈਜੂਏਸ਼ਨ) ਪੂਰੀ ਕਰਨ ਤੋਂ ਬਾਅਦ ਦੇਸ਼ ਛੱਡਣ, ਦੂਜੇ ਸਕੂਲ ਵਿਚ ਟਰਾਂਸਫਰ ਲੈਣ ਜਾਂ ਆਪਣਾ ਸਟੇਟਸ ਬਦਲਣ ਲਈ ਪਹਿਲਾਂ 60 ਦਿਨਾਂ ਦਾ ਸਮਾਂ ਮਿਲਦਾ ਸੀ, ਜਿਸ ਨੂੰ ਹੁਣ ਘਟਾ ਕੇ ਸਿਰਫ਼ 30 ਦਿਨ ਕਰ ਦਿੱਤਾ ਗਿਆ ਹੈ। ਇਸ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਹੁਣ ਪੜ੍ਹਾਈ ਖ਼ਤਮ ਹੁੰਦਿਆਂ ਹੀ ਬਹੁਤ ਘੱਟ ਸਮੇਂ ਅੰਦਰ ਅਗਲੇ ਸਾਰੇ ਪ੍ਰਬੰਧ ਕਰਨੇ ਪੈਣਗੇ, ਜਿਸ ਨੂੰ ਲੈ ਕੇ ਭਾਰਤ ਸਰਕਾਰ ਅਮਰੀਕਾ ਨਾਲ ਗੱਲਬਾਤ ਰਾਹੀਂ ਰਾਹਤ ਦਿਵਾਉਣ ਦੇ ਯਤਨ ਕਰ ਰਹੀ ਹੈ।

# ਕੰਗਨਾ ਰਣੌਤ ਮਾਣਹਾਨੀ ਮਾਮਲਾ: ਹੁਣ ਅਗਲੀ ਸੁਣਵਾਈ 3 ਅਗਸਤ ਨੂੰ!



ਬਠਿੰਡਾ, (ਪੰਜਾਬ ਮੇਲ)- ਬਾਲੀਵੁੱਡ ਅਦਾਕਾਰਾ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਖ਼ਿਲਾਫ਼ ਚੱਲ ਰਹੇ ਚਰਚਿਤ ਮਾਣਹਾਨੀ ਮਾਮਲੇ ਦੀ ਸੁਣਵਾਈ ਸਥਾਨਕ ਅਦਾਲਤ ਵਿਚ ਨਹੀਂ ਹੋ ਸਕੀ। ਵਕੀਲਾਂ ਦੀ ਹੜਤਾਲ ਕਾਰਨ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 3 ਅਗਸਤ ਲਈ ਨਿਰਧਾਰਤ ਕਰ ਦਿੱਤੀ ਹੈ। ਹੁਣ ਅਗਲੀ ਤਾਰੀਖ 'ਤੇ ਗਵਾਹਾਂ ਦੇ ਬਿਆਨ ਦਰਜ ਕੀਤੇ ਜਾਣ ਦੇ ਨਾਲ-ਨਾਲ ਕੰਗਨਾ ਰਣੌਤ ਦਾ ਪਾਸਪੋਰਟ ਜ਼ਬਤ ਕਰਨ ਸਬੰਧੀ ਦਾਇਰ ਅਰਜ਼ੀ 'ਤੇ ਵੀ ਸੁਣਵਾਈ ਹੋਣ ਦੀ ਸੰਭਾਵਨਾ ਹੈ।

ਬੇਬੇ ਮਹਿੰਦਰ ਕੌਰ ਵੱਲੋਂ ਪੇਸ਼ ਹੋ ਰਹੇ ਵਕੀਲ ਰਘੁਬੀਰ ਸਿੰਘ ਬਹਨੀਵਾਲ ਨੇ ਦੱਸਿਆ ਕਿ ਸ਼ਨੀਵਾਰ ਨੂੰ ਅਦਾਲਤ ਨੇ ਬੇਬੇ ਮਹਿੰਦਰ ਕੌਰ ਅਤੇ ਉਨ੍ਹਾਂ ਦੇ ਪੋਤੇ ਗੁਰਪ੍ਰੀਤ ਸਿੰਘ ਨੂੰ ਗਵਾਹੀ ਲਈ ਬੁਲਾਇਆ ਸੀ ਪਰ ਵਕੀਲਾਂ ਦੀ ਹੜਤਾਲ ਕਾਰਨ ਅਦਾਲਤੀ ਕਾਰਵਾਈ ਪ੍ਰਭਾਵਿਤ ਰਹੀ। ਇਸ ਕਾਰਨ ਗਵਾਹਾਂ ਦੀ ਪੇਸ਼ੀ ਨਹੀਂ ਹੋ ਸਕੀ ਅਤੇ ਅਦਾਲਤ ਨੇ ਅਗਲੀ ਸੁਣਵਾਈ 3 ਅਗਸਤ ਲਈ ਮੁਕੱਰਰ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਅਗਲੀ ਤਾਰੀਖ 'ਤੇ ਗਵਾਹਾਂ ਦੇ ਬਿਆਨ ਦਰਜ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਦੇ ਨਾਲ ਹੀ ਕੰਗਨਾ ਰਣੌਤ ਦਾ ਪਾਸਪੋਰਟ ਜ਼ਬਤ ਕਰਨ ਸਬੰਧੀ ਦਾਇਰ ਅਰਜ਼ੀ 'ਤੇ ਵੀ ਬਹਿਸ ਹੋਵੇਗੀ। ਅਦਾਲਤ ਦੇ ਹੁਕਮ ਤੋਂ ਬਾਅਦ ਹੀ ਅਗਲੀ ਕਾਨੂੰਨੀ ਕਾਰਵਾਈ ਸਪੱਸ਼ਟ ਹੋਵੇਗੀ।

ਇਹ ਮਾਮਲਾ ਦਿੱਲੀ ਵਿਚ ਖੇਤੀਬਾੜੀ ਕਾਨੂੰਨਾਂ ਦੇ ਵਿਰੋਧ ਵਿਚ ਚੱਲੇ ਕਿਸਾਨ ਅੰਦੋਲਨ ਦੌਰਾਨ ਸਾਹਮਣੇ ਆਇਆ ਸੀ। ਬਠਿੰਡਾ ਜ਼ਿਲ੍ਹੇ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਰਹਿਣ ਵਾਲੀ ਬੇਬੇ ਮਹਿੰਦਰ ਕੌਰ ਨੇ ਕੰਗਨਾ ਰਣੌਤ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਬੇਬੇ ਮਹਿੰਦਰ ਕੌਰ ਦਾ ਦੋਸ਼ ਹੈ ਕਿ ਕੰਗਨਾ ਰਣੌਤ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਪੋਸਟ ਸਾਂਝੀ ਕਰਦੇ ਹੋਏ ਕਿਸਾਨ ਅੰਦੋਲਨ ਵਿਚ ਸ਼ਾਮਲ ਬਜ਼ੁਰਗ ਮਹਿਲਾਵਾਂ ਬਾਰੇ ਟਿੱਪਣੀ ਕੀਤੀ ਸੀ ਕਿ ਉਹ "100-100 ਰੁਪਏ ਲੈ ਕੇ ਧਰਨੇ 'ਤੇ ਆਉਂਦੀਆਂ ਹਨ।" ਬੇਬੇ ਮਹਿੰਦਰ ਕੌਰ ਦਾ ਕਹਿਣਾ ਹੈ ਕਿ ਇਸ ਟਿੱਪਣੀ ਨਾਲ ਉਨ੍ਹਾਂ ਦੀ ਇੱਜ਼ਤ ਅਤੇ ਸਾਖ ਨੂੰ ਠੇਸ ਪਹੁੰਚੀ, ਜਿਸ ਕਾਰਨ ਉਨ੍ਹਾਂ ਨੇ ਅਦਾਲਤ ਦਾ ਰੁਖ ਕੀਤਾ। ਮਾਮਲੇ ਨੂੰ ਖ਼ਤਮ ਕਰਵਾਉਣ ਲਈ ਕੰਗਨਾ ਰਣੌਤ ਨੇ ਸੁਪਰੀਮ ਕੋਰਟ ਵਿਚ ਵੀ ਪਟੀਸ਼ਨ ਦਾਇਰ ਕੀਤੀ ਸੀ, ਪਰ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਮਨਜ਼ੂਰ ਨਹੀਂ ਕੀਤੀ। ਇਸ ਤੋਂ ਬਾਅਦ ਇਹ ਮਾਮਲਾ ਸਥਾਨਕ ਅਦਾਲਤ ਵਿਚ ਵਿਚਾਰ ਅਧੀਨ ਹੈ, ਜਿੱਥੇ ਹੁਣ ਇਸ ਦੀ ਅਗਲੀ ਸੁਣਵਾਈ 3 ਅਗਸਤ ਨੂੰ ਹੋਵੇਗੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਪੰਜਾਬ ਭਾਜਪਾ ਵਲੋਂ ਨਵੇਂ ਜ਼ਿਲ੍ਹਾ ਪ੍ਰਧਾਨਾਂ ਦਾ ਐਲਾਨ

ਚੰਡੀਗੜ੍ਹ, (ਪੰਜਾਬ ਮੇਲ)- ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਨੇ ਸੂਬੇ ਦੇ ਵੱਖ-ਵੱਖ ਸੰਗਠਨਾਤਮਕ ਜ਼ਿਲ੍ਹਿਆਂ ਲਈ ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਵਲੋਂ ਇਨ੍ਹਾਂ ਨਿਯੁਕਤੀਆਂ ਦਾ ਐਲਾਨ ਕੀਤਾ ਗਿਆ ਹੈ। ਇਹ ਨਿਯੁਕਤੀਆਂ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਦੀ ਸਹਿਮਤੀ ਨਾਲ ਕੀਤੀਆਂ ਗਈਆਂ ਹਨ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਭਾਜਪਾ ਬੂਥ ਪੱਧਰ ਤੋਂ ਲੈ ਕੇ ਹਰ ਖੇਤਰ ਤੱਕ ਪਾਰਟੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪੰਜਾਬ ਵਿਚ ਆਪਣੇ ਸੰਗਠਨਾਤਮਕ ਢਾਂਚੇ ਨੂੰ ਲਗਾਤਾਰ ਮਜ਼ਬੂਤ ਕਰ ਰਹੀ ਹੈ।

ਨਵੇਂ ਨਿਯੁਕਤ ਕੀਤੇ ਗਏ ਜ਼ਿਲ੍ਹਾ ਪ੍ਰਧਾਨਾਂ ਵਿਚ ਸ. ਕੰਵਰਬੀਰ ਸਿੰਘ ਮੰਜਿਲ ਨੂੰ ਅੰਮ੍ਰਿਤਸਰ ਦਿਹਾਤੀ-2 (ਮਜੀਠਾ), ਸ. ਸਲੀਲ ਕਪੂਰ ਨੂੰ ਅੰਮ੍ਰਿਤਸਰ ਸ਼ਹਿਰੀ, ਸ਼੍ਰੀ ਨਰਿੰਦਰ ਗਰਗ ਨੀਟਾ ਨੂੰ ਬਰਨਾਲਾ, ਸ਼੍ਰੀ ਗੌਰਵ ਕੱਕੜ ਨੂੰ ਫਰੀਦਕੋਟ, ਸ. ਸੁਖਵਿੰਦਰ ਸਿੰਘ ਕਾਕਾ ਕੰਬੋਜ ਨੂੰ ਫਾਜ਼ਿਲਕਾ, ਸ਼੍ਰੀ ਯੋਗੇਸ਼ ਸਪਰਾ ਨੂੰ ਹੁਸ਼ਿਆਰਪੁਰ ਦਿਹਾਤੀ, ਸ਼੍ਰੀ ਸਤੀਸ਼ ਠਾਕੁਰ ਬਾਵਾ ਨੂੰ ਹੁਸ਼ਿਆਰਪੁਰ ਸ਼ਹਿਰੀ, ਸ਼੍ਰੀ ਅਸ਼ੋਕ ਸ਼ਰੀਨ ਹਿੱਕੀ ਨੂੰ ਜਲੰਧਰ ਸ਼ਹਿਰੀ, ਸ. ਮਨਮੀਤ ਸਿੰਘ ਵਿੱਕੀ ਨੂੰ ਜਲੰਧਰ ਦਿਹਾਤੀ ਨੌਰਥ, ਸ. ਜਗਬੀਰ ਸਿੰਘ ਬਰਾੜ ਨੂੰ ਜਲੰਧਰ ਦਿਹਾਤੀ ਸਾਊਥ, ਸ਼੍ਰੀ ਚੇਤੰਨ ਸੂਰੀ ਨੂੰ ਕਪੂਰਥਲਾ, ਸ਼੍ਰੀ ਸੁਨੀਲ ਮੈਦਗਿੱਲ ਨੂੰ ਲੁਧਿਆਣਾ ਸ਼ਹਿਰੀ, ਸ਼੍ਰੀ ਸਤੀਸ਼ ਅਸੀਜਾ ਨੂੰ ਮੁਕਤਸਰ, ਸ. ਅਜੈਵੀਰ ਸਿੰਘ ਲਾਲਪੁਰਾ ਨੂੰ ਰੋਪੜ, ਸ. ਮਤਿੰਦਰ ਸਿੰਘ ਨੂੰ ਸੰਗਰੂਰ-1 ਅਤੇ ਸ. ਸਤਨਾਮ ਸਿੰਘ ਭੁੱਲਰ ਨੂੰ ਤਰਨਤਾਰਨ ਸ਼ਾਮਲ ਹਨ।

# ਬਹਿਬਲ ਕਲਾਂ ਗੋਲੀਕਾਂਡ: ਵਿਸ਼ੇਸ਼ ਜਾਂਚ ਟੀਮ ਵੱਲੋਂ ਸੁਖਬੀਰ ਸਿੰਘ ਬਾਦਲ ਤੋਂ 2 ਘੰਟੇ ਪੁੱਛ-ਪੜਤਾਲ



ਚੰਡੀਗੜ੍ਹ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਬਹਿਬਲ ਕਲਾਂ ਗੋਲੀਕਾਂਡ ਮਾਮਲੇ 'ਚ ਚੰਡੀਗੜ੍ਹ ਦੇ ਸੈਕਟਰ 32 ਸਥਿਤ ਪੰਜਾਬ ਪੁਲਿਸ ਅਫਸਰ ਇੰਸਟੀਚਿਊਟ ਵਿਖੇ ਵਿਸ਼ੇਸ਼ ਜਾਂਚ ਟੀਮ (ਸਿਟ) ਅੱਗੇ ਪੇਸ਼ ਹੋਏ। ਵਿਸ਼ੇਸ਼ ਜਾਂਚ ਟੀਮ ਨੇ 11 ਸਾਲ ਪਹਿਲਾਂ 2015 ਵਿਚ ਵਾਪਰੇ ਬਹਿਬਲ ਕਲਾਂ ਗੋਲੀਕਾਂਡ ਬਾਰੇ ਸੁਖਬੀਰ ਸਿੰਘ ਬਾਦਲ ਤੋਂ ਦੋ ਘੰਟੇ ਦੇ ਕਰੀਬ ਪੁੱਛ-ਪੜਤਾਲ ਕੀਤੀ। ਸਿਟ ਅੱਗੇ ਪੇਸ਼ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਚੌਥੀ ਵਾਰ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੋਏ ਹਨ ਅਤੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ-ਜਦੋਂ ਵਿਸ਼ੇਸ਼ ਜਾਂਚ ਟੀਮ ਸੱਦੇਗੀ, ਉਹ ਪੇਸ਼ ਹੋਣਗੇ। ਉਨ੍ਹਾਂ ਕਿਹਾ, "ਮੈਨੂੰ ਪੁੱਛੇ ਗਏ ਸਾਰੇ ਸਵਾਲ ਅਤੇ ਜਵਾਬ ਪਹਿਲਾਂ ਹੀ ਪਿਛਲੀਆਂ ਵਿਸ਼ੇਸ਼ ਜਾਂਚ ਟੀਮਾਂ ਵੱਲੋਂ ਕੈਮਰੇ 'ਚ ਰਿਕਾਰਡ ਹਨ ਅਤੇ ਦਸਤਾਵੇਜ਼ੀ ਤੌਰ 'ਤੇ ਉਪਲਬਧ ਹਨ। ਜੋ ਸਵਾਲ ਪੁੱਛੇ ਗਏ, ਉਹ ਸਾਰੇ ਸਿਆਸਤ ਤੋਂ ਪ੍ਰੇਰਿਤ ਸਨ ਤੇ ਦਿੱਲੀ ਦੀ 'ਆਪ' ਟੀਮ ਨੇ ਤਿਆਰ ਕੀਤੇ ਸਨ, ਤਾਂ ਜੋ ਇਸ ਮੰਦਭਾਗੀ ਘਟਨਾ ਤੋਂ ਸਿਆਸੀ ਲਾਹਾ ਲਿਆ ਜਾ ਸਕੇ।"

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਫ਼ਰਮਾਨ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਸਿਆਸੀ ਡਰਾਮਾ ਰਚਿਆ ਜਾ ਰਿਹਾ ਹੈ ਪਰ ਅਕਾਲੀ ਦਲ ਨਾ ਕਦੇ ਦੱਬੇਗਾ ਅਤੇ ਨਾ ਹੀ ਝੁਕੇਗਾ।

# ਚੰਡੀਗੜ੍ਹ ਦੀ ਡਰਾਫਟ ਵੋਟਰ ਸੂਚੀ 'ਚੋਂ 66000 ਨਾਮ ਕੱਟੇ ਗਏ

ਨਵੀਂ ਦਿੱਲੀ, (ਪੰਜਾਬ ਮੇਲ)- ਚੰਡੀਗੜ੍ਹ ਕੇਂਦਰ ਸ਼ਾਸਤ ਪ੍ਰਦੇਸ਼ ਦੀਆਂ ਮੰਗਲਵਾਰ ਨੂੰ ਜਾਰੀ ਕੀਤੀਆਂ ਗਈਆਂ ਡਰਾਫਟ ਚੋਣ ਸੂਚੀਆਂ ਵਿਚੋਂ ਕੁੱਲ 66,147 ਵੋਟਰਾਂ ਦੇ ਨਾਮ ਹਟਾ ਦਿੱਤੇ ਗਏ ਹਨ, ਹਾਲਾਂਕਿ ਵੋਟਰਾਂ ਨੂੰ ਆਪਣੇ ਦਾਅਵੇ ਅਤੇ ਇਤਰਾਜ਼ ਦਾਖ਼ਲ ਕਰਨ ਲਈ 21 ਜੁਲਾਈ ਤੋਂ 20 ਅਗਸਤ ਤੱਕ ਇੱਕ ਮਹੀਨੇ ਦਾ ਸਮਾਂ ਮਿਲੇਗਾ।

ਭਾਰਤ ਦੇ ਚੋਣ ਕਮਿਸ਼ਨ ਵੱਲੋਂ ਚੰਡੀਗੜ੍ਹ ਲਈ ਜਾਰੀ ਕੀਤੀਆਂ ਗਈਆਂ ਡਰਾਫਟ ਚੋਣ ਸੂਚੀਆਂ ਦੇ ਅਨੁਸਾਰ 5,16,427 ਵੋਟਰਾਂ ਵਿਚੋਂ ਜੋ ਕਿ ਸਰਵੇਖਣ ਪ੍ਰਕਿਰਿਆ ਤੋਂ ਪਹਿਲਾਂ ਸਨ, 4,50,427 ਵੋਟਰਾਂ ਦੇ ਸਰਵੇਖਣ ਫਾਰਮ ਇਕੱਠੇ ਕੀਤੇ ਗਏ ਅਤੇ ਡਿਜੀਟਾਈਜ਼ ਕੀਤੇ ਗਏ। ਇੱਥੇ 15 ਜੂਨ ਤੋਂ 14 ਜੁਲਾਈ ਦੇ ਵਿਚਕਾਰ ਘਰ-ਘਰ ਜਾ ਕੇ ਸਰਵੇਖਣ (ਐਨੂਮਰੇਸ਼ਨ) ਕੀਤਾ ਗਿਆ ਸੀ।

ਈ.ਸੀ.ਆਈ. ਸੂਤਰਾਂ ਨੇ ਦੱਸਿਆ ਕਿ 66,147 ਵੋਟਰਾਂ ਦੇ ਫਾਰਮ ਇਕੱਠੇ ਨਹੀਂ ਹੋ ਸਕੇ। ਉਨ੍ਹਾਂ ਅੱਗੇ ਜੋੜਿਆ ਕਿ ਅਣਇਕੱਠੇ ਕੀਤੇ ਗਏ ਫਾਰਮ ਉਨ੍ਹਾਂ ਵੋਟਰਾਂ ਨਾਲ ਸਬੰਧਤ ਹਨ ਜਿਨ੍ਹਾਂ ਬਾਰੇ ਸਰਵੇਖਣ ਮੁਹਿੰਮ ਦੌਰਾਨ ਪੱਕੇ ਤੌਰ 'ਤੇ ਸ਼ਿਫਟ ਹੋਣ, ਗੈਰ-ਹਾਜ਼ਰ ਹੋਣ, ਮ੍ਰਿਤਕ ਹੋਣ, ਡੁਪਲੀਕੇਟ ਜਾਂ ਕਿਸੇ ਹੋਰ ਤਰ੍ਹਾਂ ਅਤਾ-ਪਤਾ ਨਾ ਹੋਣ ਦੀ ਰਿਪੋਰਟ ਕੀਤੀ ਗਈ ਸੀ।

ਇਨ੍ਹਾਂ ਵੋਟਰਾਂ ਦੀ ਅੰਤਿਮ ਸਥਿਤੀ ਸਬੰਧਤ ਚੋਣ ਰਜਿਸਟ੍ਰੇਸ਼ਨ ਅਫਸਰਾਂ (ਈ.ਆਰ.ਓਜ਼) ਅਤੇ ਸਹਾਇਕ ਈ.ਆਰ.ਓਜ਼ ਦੁਆਰਾ ਪੜਤਾਲ ਤੋਂ ਬਾਅਦ ਤੈਅ ਕੀਤੀ ਜਾਵੇਗੀ ਅਤੇ "ਉਨ੍ਹਾਂ ਵਿਚੋਂ ਅਸਲ ਵੋਟਰਾਂ ਨੂੰ ਦਾਅਵੇ ਅਤੇ ਇਤਰਾਜ਼ ਦੀ ਮਿਆਦ ਦੇ ਦੌਰਾਨ, ਜੋ ਕਿ 21 ਜੁਲਾਈ ਤੋਂ 20 ਅਗਸਤ ਤੱਕ ਚੱਲੇਗੀ, ਵੋਟਰ ਸੂਚੀ ਵਿਚ ਵਾਪਸ ਜੋੜਿਆ ਜਾ ਸਕਦਾ ਹੈ।"

66,147 ਵੋਟਰਾਂ ਵਿਚੋਂ ਜਿਨ੍ਹਾਂ ਦੇ ਨਾਮ ਡਰਾਫਟ ਸੂਚੀਆਂ ਵਿਚੋਂ ਹਟਾ ਦਿੱਤੇ ਗਏ ਹਨ, 43,725 ਵੋਟਰ ਪੱਕੇ ਤੌਰ 'ਤੇ ਸ਼ਿਫਟ ਹੋ ਚੁੱਕੇ ਦੱਸੇ ਗਏ ਹਨ, 12,568 ਵੋਟਰ ਗੈਰ-ਹਾਜ਼ਰ ਪਾਏ ਗਏ, 3,535 ਦੀ ਮੌਤ ਹੋ ਚੁੱਕੀ ਦਰਜ ਕੀਤੀ ਗਈ, ਅਤੇ 2,590 ਡੁਪਲੀਕੇਟ ਪਾਏ ਗਏ। ਕੁੱਲ 3,729 ਵੋਟਰਾਂ ਦਾ ਹੋਰ ਕਿਸੇ ਤਰ੍ਹਾਂ ਅਤਾ-ਪਤਾ ਨਹੀਂ ਲੱਗ ਸਕਿਆ।

# ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਕੰਪਿਊਟਰ ਕੋਰਸ ਪੂਰਾ ਹੋਣ ਉਪਰੰਤ ਦਿੱਤੇ ਸਰਟੀਫਿਕੇਟ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਵੱਡੀ ਪੱਧਰ 'ਤੇ ਮੁਫ਼ਤ ਸਿਖਲਾਈ ਸੈਂਟਰ (ਬਿਊਟੀ ਪਾਰਲਰ, ਕੰਪਿਊਟਰ, ਸਿਲਾਈ) ਖੋਲ੍ਹੇ ਜਾ ਰਹੇ ਹਨ, ਤਾਂ ਜੋ ਇਹ ਲੋੜਵੰਦ ਲੜਕੇ ਲੜਕੀਆਂ ਮੁਫ਼ਤ ਤਕਨੀਕੀ ਸਿੱਖਿਆ ਲੈ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਨੇ ਦੱਸਿਆ ਕਿ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ (ਮਲੋਟ, ਮੁਕਤਸਰ, ਗਿਦੜਬਾਹਾ) ਵਿਖੇ ਸਿਖਲਾਈ ਸੈਂਟਰ ਚੱਲ ਰਹੇ ਹਨ। ਸਿਖਲਾਈ ਦੇ ਇਸ 6 ਮਹੀਨਿਆਂ ਦੇ ਕੋਰਸਾਂ ਦੌਰਾਨ ਸਿਖਿਆਰਥੀਆਂ ਤੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ ਅਤੇ ਕੋਰਸਾਂ ਦੇ ਪੂਰੇ ਹੋਣ ਉਪਰੰਤ ਆਈ.ਐੱਸ.ਓ. ਸਰਟੀਫਿਕੇਟ ਦਿੱਤੇ ਜਾਂਦੇ ਹਨ।



*ਡਾ. ਐੱਸ.ਪੀ. ਸਿੰਘ ਓਬਰਾਏ।*

ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਹਜ਼ਾਰਾਂ ਦੀ ਗਿਣਤੀ 'ਚ ਲੜਕੇ ਲੜਕੀਆਂ ਇਨ੍ਹਾਂ ਸੈਂਟਰਾਂ ਤੋਂ ਤਕਨੀਕੀ ਸਿੱਖਿਆ ਲੈ ਕੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ-ਪੋਸ਼ਣ ਕਰ ਰਹੇ ਹਨ।

ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਕੰਪਿਊਟਰ ਕੋਰਸ ਪੂਰਾ ਹੋਣ ਉਪਰੰਤ 30 ਸਿਖਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਇਸ ਮੌਕੇ ਮਹੰਤ ਕਸ਼ਮੀਰ ਸਿੰਘ ਨੇ ਸਿਖਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਡਾ. ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ਼ੁਰੂ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਨਾਲ ਬੇਰੁਜ਼ਗਾਰੀ ਨੂੰ ਵੱਡੀ ਪੱਧਰ 'ਤੇ ਠੱਲ ਪਵੇਗੀ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਸੁਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਸੋਹਣ ਲਾਲ ਗੁੰਬਰ ਮਲੋਟ, ਸ੍ਰੀ ਮੁਕਤਸਰ ਸਾਹਿਬ ਦੀ ਕੰਪਿਊਟਰ ਅਧਿਆਪਕਾਂ ਨੀਲਮ ਰਾਣੀ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 110 ਲੋੜਵੰਦ ਪਰਿਵਾਰਾਂ ਨੂੰ ਇੱਕ ਲੱਖ ਤੀਹ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਸਾਦਾ ਸਮਾਗਮ ਕਰਵਾਇਆ ਗਿਆ, ਜਿਸ ਵਿਚ ਮਹੰਤ ਕਸ਼ਮੀਰ ਸਿੰਘ, ਮਹੰਤ ਸੰਦੀਪ ਸਿੰਘ, ਜਸਪਾਲ ਸਿੰਘ ਮੋਗਾ ਰਿਟਾ. ਜ਼ਿਲ੍ਹਾ ਸਿੱਖਿਆ ਅਫ਼ਸਰ, ਅਨੇਕ ਸਿੰਘ ਮਧੀਰ ਸਮਾਜ ਸੇਵੀ, ਰੁਪਿੰਦਰ ਸਿੰਘ ਡੋਹਕ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ ਆਦਿ ਸ਼ਾਮਲ ਹੋਏ ਅਤੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਦੁਨੀਆਂ ਭਰ ਵਿਚ ਕੀਤੇ ਜਾ ਰਹੇ ਬਿਨਾਂ ਕਿਸੇ ਤੋਂ ਪੈਸਾ ਲਿਆ ਸਮਾਜ ਭਲਾਈ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਲੋੜਵੰਦਾਂ ਨੂੰ ਆਪਣੇ ਕਰ-ਕਮਲਾਂ ਨਾਲ ਸਹਾਇਤਾ ਰਾਸ਼ੀ ਦੇ ਚੈੱਕ ਵੀ ਤਕਸੀਮ ਕੀਤੇ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਜਸਪਾਲ ਸਿੰਘ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਰਨੇਕ ਸਿੰਘ ਰਿਟਾ. ਲੈਕਚਰਾਰ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਗੁਰਜੀਤ ਸਿੰਘ ਜੀਤਾ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਸੋਮ ਨਾਥ ਅੰਮ੍ਰਿਤ ਪਾਲ ਸਿੰਘ, ਜਸਕਰਨ ਸਿੰਘ ਬੂੜਾ ਗੁੱਜਰ ਕਿਸਾਨ ਯੂਨੀਅਨ, ਹੈਪੀ ਬਰਾੜ ਕਿਸਾਨ ਯੂਨੀਅਨ ਆਦਿ ਹਾਜ਼ਰ ਸਨ।

# ਅੰਮ੍ਰਿਤਸਰ ਸਥਿਤ ਗੁਰੂ ਰਾਮਦਾਸ ਹਵਾਈ ਅੱਡੇ ਨੇੜੇ 16 ਸਤੰਬਰ ਤੱਕ ਲੱਗੀ ਪਾਬੰਦੀ!

**ਅੰਮ੍ਰਿਤਸਰ, (ਪੰਜਾਬ ਮੇਲ)-** ਵਧੀਕ ਜ਼ਿਲਾ ਮੈਜਿਸਟ੍ਰੇਟ ਅੰਮ੍ਰਿਤਸਰ ਪੱਲਵੀ ਮਿਸ਼ਰਾ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐੱਨ.ਐੱਸ.ਐੱਸ.), 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਰਾਜਾਸਾਂਸੀ ਦੇ ਆਲੇ-ਦੁਆਲੇ 10 ਕਿਲੋਮੀਟਰ ਦੇ ਘੇਰੇ 'ਚ ਬਿਨਾਂ ਸਮਰੱਥ ਅਥਾਰਟੀ ਦੀ ਮਨਜ਼ੂਰੀ ਡਰੋਨ ਉਡਾਉਣ ਅਤੇ ਲੇਜ਼ਰ ਲਾਈਟਾਂ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਾ ਦਿੱਤੀ ਹੈ। ਇਹ ਹੁਕਮ ਮੈਰਿਜ ਪੈਲੇਸਾਂ, ਹੋਟਲਾਂ, ਰੈਸਟੋਰੈਂਟਾਂ ਅਤੇ ਹੋਰ ਜਨਤਕ ਸਮਾਗਮਾਂ 'ਤੇ ਵੀ ਲਾਗੂ ਹੋਣਗੇ।

ਜ਼ਿਲ੍ਹੇ ਦੇ ਸਾਰੇ ਜਨਤਕ, ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਮਾਗਮਾਂ 'ਚ ਰਾਤ 10 ਤੋਂ ਸਵੇਰੇ 6 ਵਜੇ ਤੱਕ ਲਾਊਡ ਸਪੀਕਰ, ਡੀ.ਜੇ., ਪਬਲਿਕ ਐਡਰੈੱਸ ਸਿਸਟਮ, ਸਾਊਂਡ ਐਂਪਲੀਫਾਇਰ ਅਤੇ ਹੋਰ ਸ਼ੋਰ ਪੈਦਾ ਕਰਨ ਵਾਲੇ ਯੰਤਰਾਂ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ ਮੈਰਿਜ ਪੈਲੇਸਾਂ, ਬੈਂਕੁਇਟ ਹਾਲਾਂ, ਹੋਟਲਾਂ, ਰਿਜ਼ੋਰਟਾਂ ਅਤੇ ਹੋਰ ਜਨਤਕ ਸਮਾਗਮਾਂ 'ਤੇ ਵੀ ਲਾਗੂ ਹੋਣਗੇ। ਇਹ ਹੁਕਮ 16 ਸਤੰਬਰ 2026 ਤੱਕ ਲਾਗੂ ਰਹਿਣਗੇ।

# ਸੁਖਜਿੰਦਰ ਰੰਧਾਵਾ ਨੇ ਪ੍ਰਧਾਨ ਰਾਜਾ ਵੜਿੰਗ ਅਤੇ ਪ੍ਰਤਾਪ ਬਾਜਵਾ ਖਿਲਾਫ ਖੋਲ੍ਹਿਆ ਮੋਰਚਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕਾਂਗਰਸ ਦੇ ਅੰਦਰ ਚੱਲ ਰਿਹਾ ਅੰਦਰੂਨੀ ਕਲੇਸ਼ ਹੁਣ ਪੂਰੀ ਤਰ੍ਹਾਂ ਖੁੱਲ੍ਹ ਕੇ ਸਾਹਮਣੇ ਆ ਚੁੱਕਿਆ ਹੈ। ਸਾਬਕਾ ਉੱਪ ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਮੌਜੂਦਾ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੀ ਹੀ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਖ਼ਿਲਾਫ਼ ਸਿੱਧੇ ਮੋਰਚਾ ਖੋਲ੍ਹ ਦਿੱਤਾ ਹੈ।

ਇਕ ਨਿੱਜੀ ਚੈਨਲ ਨੂੰ ਦਿੱਤੀ ਗਈ ਇੰਟਰਵਿਊ 'ਚ ਰੰਧਾਵਾ ਨੇ ਰਾਜਾ ਵੜਿੰਗ 'ਤੇ ਸੀਨੀਅਰ ਆਗੂਆਂ ਨੂੰ ਨਜ਼ਰਅੰਦਾਜ਼ ਕਰਨ ਅਤੇ ਉਨ੍ਹਾਂ ਨੂੰ ਜਨਤਕ ਤੌਰ 'ਤੇ ਅਪਮਾਨਤ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ, "ਮੈਂ ਵੜਿੰਗ ਨੂੰ ਆਪਣਾ ਛੋਟਾ ਭਰਾ ਅਤੇ ਨੇਤਾ ਮੰਨਦਾ ਹਾਂ ਪਰ ਉਹ ਜਨਤਕ ਪਲੇਟਫਾਰਮਾਂ 'ਤੇ ਮੈਨੂੰ ਅਪਮਾਨਤ ਕਰ ਦਿੰਦੇ ਹਨ।"

ਇਸ ਤੋਂ ਇਲਾਵਾ ਉਨ੍ਹਾਂ ਨੇ ਕਾਦੀਆਂ 'ਚ ਪ੍ਰਤਾਪ ਸਿੰਘ ਬਾਜਵਾ ਨਾਲ ਪੁਲਿਸ ਦੇ ਦੁਰਵਿਵਹਾਰ ਨੂੰ ਬਾਜਵਾ ਦੇ ਹੰਕਾਰ ਅਤੇ ਗਲਤਫਹਿਮੀ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ, "ਜੇਕਰ ਬਾਜਵਾ ਸਾਨੂੰ ਵੀ ਨਾਲ ਲੈ ਜਾਂਦੇ, ਤਾਂ ਪੁਲਿਸ ਵਾਲੇ ਅੱਗੇ-ਅੱਗੇ ਦੌੜਦੇ। ਬਦਸਲੂਕੀ ਕਰਨ ਦੀ ਹਿੰਮਤ ਹੀ ਨਾ ਹੁੰਦੀ।" ਪਾਰਟੀ ਅੰਦਰ ਚੱਲ ਰਹੇ ਕਲੇਸ਼ ਬਾਰੇ ਰੰਧਾਵਾ ਨੇ ਕਿਹਾ ਕਿ ਕਾਂਗਰਸ ਵਿਚ ਕੋਈ ਵੰਡ ਨਹੀਂ ਸਿਰਫ਼ ਵਿਚਾਰਧਾਰਕ ਮਤਭੇਦ ਹਨ। ਹਾਲਾਂਕਿ ਉਨ੍ਹਾਂ ਨੇ ਸੂਬਾ ਪ੍ਰਧਾਨ ਰਾਜਾ ਵੜਿੰਗ ਦੀ ਕਾਰਜਸ਼ੈਲੀ 'ਤੇ ਸਵਾਲ ਚੁੱਕੇ। ਰੰਧਾਵਾ ਨੇ ਖੁਲਾਸਾ ਕੀਤਾ ਕਿ ਜਦੋਂ ਵੜਿੰਗ ਪ੍ਰਧਾਨ ਬਣੇ, ਮੈਂ ਉਨ੍ਹਾਂ ਨੂੰ ਦਿੱਲੀ ਤੋਂ ਵਧਾਈ ਸੰਦੇਸ਼ ਭੇਜਿਆ, ਪਰ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ। ਉਹ ਮੇਰੇ ਛੋਟੇ ਭਰਾ ਵਾਂਗ ਹਨ ਅਤੇ ਮੈਂ ਹਮੇਸ਼ਾ ਉਨ੍ਹਾਂ ਨੂੰ ਆਪਣਾ ਨੇਤਾ ਮੰਨਿਆ ਹੈ ਪਰ ਕਈ ਵਾਰ ਉਹ ਸਟੇਜ 'ਤੇ ਅਜਿਹੇ ਮਜ਼ਾਕ ਕਰਦੇ ਹਨ ਕਿ ਮੈਨੂੰ ਬਹੁਤ ਅਪਮਾਨ ਮਹਿਸੂਸ ਹੁੰਦਾ ਹੈ।

ਰੰਧਾਵਾ ਨੇ ਕਿਹਾ ਕਿ ਗਿਆਨੀ ਜ਼ੈਲ ਸਿੰਘ ਜਾਂ ਸਰਦਾਰ ਦਰਬਾਰਾ ਸਿੰਘ ਵਰਗੀ ਤਾਨਾਸ਼ਾਹੀ ਰਾਜਨੀਤੀ ਮੌਜੂਦਾ ਯੁੱਗ 'ਚ ਕੰਮ ਨਹੀਂ ਕਰ ਸਕਦੀ। ਪਾਰਟੀ ਨੂੰ ਬਚਾਉਣ ਲਈ ਲੀਡਰਸ਼ਿਪ ਨੂੰ ਆਪਣਾ ਹੰਕਾਰ ਛੱਡਣਾ ਪਵੇਗਾ। ਉਨ੍ਹਾਂ ਨੇ ਉਦਾਹਰਣ ਦਿੱਤੀ ਕਿ ਕਿਵੇਂ ਪਾਰਟੀ ਦੇ ਹਿੱਤਾਂ ਦੀ ਖ਼ਾਤਰ ਉਹ ਖ਼ੁਦ ਆਪਣੀ ਪੁਰਾਣੀ ਦੁਸ਼ਮਣੀ ਨੂੰ ਭੁੱਲ ਕੇ ਸੀਨੀਅਰ ਆਗੂ ਰਾਣਾ ਗੁਰਜੀਤ ਸਿੰਘ ਦੇ ਘਰ ਗਏ, ਕਿਉਂਕਿ ਇਸ ਸਮੇਂ ਵਿਜੀਲੈਂਸ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਕਾਂਗਰਸੀਆਂ ਦੇ ਪਿੱਛੇ ਪਈ ਹੋਈ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਿਖਿਆ ਪੱਤਰ



# ਅਕਾਲੀ ਦਲ ਪੁਨਰ ਸੁਰਜੀਤ ਦੇ 15 ਤੋਂ ਵੱਧ ਸੀਨੀਅਰ ਆਗੂਆਂ ਵੱਲੋਂ ਬਗਾਵਤ!

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀ ਸਿਆਸਤ 'ਚ ਅੱਜ ਉਸ ਵੇਲੇ ਵੱਡਾ ਸਿਆਸੀ ਘਟਨਾਕ੍ਰਮ ਦੇਖਣ ਨੂੰ ਮਿਲਿਆ, ਜਦੋਂ ਅਕਾਲੀ ਦਲ ਪੁਨਰ ਸੁਰਜੀਤ ਦੇ 15 ਤੋਂ ਵੱਧ ਸੀਨੀਅਰ ਆਗੂਆਂ ਨੇ ਪਾਰਟੀ ਲੀਡਰਸ਼ਿਪ ਤੋਂ ਬਗਾਵਤ ਕਰਦਿਆਂ ਨਵਾਂ ਰਾਹ ਅਪਣਾਉਣ ਦਾ ਐਲਾਨ ਕਰ ਦਿੱਤਾ। ਸਾਬਕਾ ਰਾਜ ਸਭਾ ਮੈਂਬਰ ਇਕਬਾਲ ਸਿੰਘ ਝੂੰਦਾ ਦੀ ਅਗਵਾਈ ਹੇਠ ਹੋਈ ਪ੍ਰੈੱਸ ਕਾਨਫਰੰਸ 'ਚ ਸੰਕੇਤ ਦਿੱਤੇ ਗਏ ਕਿ ਇਹ ਧੜਾ ਪੰਥਕ ਏਕਤਾ ਦੇ ਮਕਸਦ ਨਾਲ 'ਅਕਾਲੀ ਦਲ ਵਾਰਿਸ ਪੰਜਾਬ ਦੇ' ਨਾਲ ਮਿਲ ਕੇ ਅੱਗੇ ਵਧੇਗਾ। ਇਸ ਨਾਲ ਅਕਾਲੀ ਦਲ ਪੁਨਰ ਸੁਰਜੀਤ ਨੂੰ ਵੱਡਾ ਸਿਆਸੀ ਝਟਕਾ ਲੱਗਿਆ ਹੈ ਅਤੇ ਪਾਰਟੀ 'ਚ ਵੱਧ ਰਹੀ ਟੁੱਟ ਇੱਕ ਵਾਰ ਫਿਰ ਸਾਹਮਣੇ ਆ ਗਈ ਹੈ। ਪ੍ਰੈੱਸ ਕਾਨਫਰੰਸ 'ਚ ਇਕਬਾਲ ਸਿੰਘ ਝੂੰਦਾ ਸਮੇਤ ਕਈ ਪ੍ਰਮੁੱਖ ਆਗੂ ਇਕੱਠੇ ਨਜ਼ਰ ਆਏ। ਕੁੱਝ ਹੀ ਦੇਰ ਬਾਅਦ ਦਾਖਾ ਤੋਂ ਵਿਧਾਇਕ ਅਤੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੇ ਪ੍ਰਮੁੱਖ ਆਗੂ ਮਨਪ੍ਰੀਤ ਸਿੰਘ ਇਆਲੀ ਵੀ ਮੌਕੇ 'ਤੇ ਪਹੁੰਚੇ, ਜਿਸ ਨਾਲ ਇਹ ਚਰਚਾ ਹੋਰ ਤੇਜ਼ ਹੋ ਗਈ ਕਿ ਦੋਵਾਂ ਧਿਰਾਂ ਵਿਚਕਾਰ ਰਾਜਨੀਤਿਕ ਸਮਝੌਤਾ ਲਗਭਗ ਤੈਅ ਹੋ ਚੁੱਕਾ ਹੈ। ਇਹ ਘਟਨਾਕ੍ਰਮ ਉਸ ਵੇਲੇ ਸਾਹਮਣੇ ਆਇਆ ਹੈ, ਜਦੋਂ ਪਿਛਲੇ ਕੁੱਝ ਮਹੀਨਿਆਂ ਤੋਂ ਅਕਾਲੀ ਦਲ ਪੁਨਰ ਸੁਰਜੀਤ ਨੂੰ ਲਗਾਤਾਰ ਝਟਕੇ ਲੱਗ ਰਹੇ ਹਨ। ਪਹਿਲਾਂ ਮਨਪ੍ਰੀਤ ਸਿੰਘ ਇਆਲੀ ਪਾਰਟੀ ਤੋਂ ਵੱਖ ਹੋਏ, ਉਸ ਤੋਂ ਬਾਅਦ ਸੁਰਜੀਤ ਸਿੰਘ ਰੱਖੜਾ, ਚਰਨਜੀਤ ਸਿੰਘ ਬਰਾੜ, ਪਰਮਜੀਤ ਕੌਰ ਲਾਂਡਰਾਂ ਅਤੇ ਹੋਰ ਕਈ ਆਗੂ ਵੀ ਪਾਰਟੀ ਛੱਡ ਚੁੱਕੇ ਹਨ। ਕੁੱਝ ਆਗੂ ਮੁੜ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਚ ਵਾਪਸ ਗਏ, ਕੁੱਝ ਭਾਜਪਾ 'ਚ ਸ਼ਾਮਲ ਹੋਏ, ਜਦੋਂ ਕਿ ਹੁਣ ਵੱਡਾ ਹਿੱਸਾ 'ਵਾਰਿਸ ਪੰਜਾਬ ਦੇ' ਨਾਲ ਖੜ੍ਹਾ ਨਜ਼ਰ ਆ ਰਿਹਾ ਹੈ। ਇਕਬਾਲ ਸਿੰਘ ਝੂੰਦਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਉਨ੍ਹਾਂ ਦਾ ਮਕਸਦ ਕਿਸੇ ਵਿਅਕਤੀ ਜਾਂ ਪਾਰਟੀ ਦਾ ਵਿਰੋਧ ਕਰਨਾ ਨਹੀਂ, ਸਗੋਂ ਪੰਥ ਅਤੇ ਪੰਜਾਬ ਦੀ ਭਲਾਈ ਲਈ ਇੱਕ ਸਾਂਝਾ ਮੰਚ ਤਿਆਰ ਕਰਨਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਏਕਤਾ ਲਈ ਜੋ ਸੰਦੇਸ਼ ਦਿੱਤਾ ਗਿਆ ਸੀ, ਉਸ ਨੂੰ ਸਾਕਾਰ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੱਕਾਂ, ਚੰਡੀਗੜ੍ਹ, ਦਰਿਆਈ ਪਾਣੀਆਂ, ਪੰਜਾਬੀ ਬੋਲਦੇ ਇਲਾਕਿਆਂ, ਸਿੱਖ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਨਾਲ ਜੁੜੇ ਮਸਲੇ ਅੱਜ ਵੀ ਹੱਲ ਦੀ ਉਡੀਕ ਕਰ ਰਹੇ ਹਨ।

ਉਨ੍ਹਾਂ ਦਾ ਦੋਸ਼ ਸੀ ਕਿ ਪੰਜਾਬ ਦੇ ਅਸਲ ਮੁੱਦੇ ਪਿੱਛੇ ਧੱਕ ਦਿੱਤੇ ਗਏ ਹਨ ਅਤੇ ਜਦੋਂ ਇਨ੍ਹਾਂ ਮੁੱਦਿਆਂ ਨੂੰ ਉਠਾਇਆ ਜਾਂਦਾ ਹੈ, ਤਾਂ ਉਸ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਝੂੰਦਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸਿੱਖਾਂ ਅਤੇ ਪੰਜਾਬ ਨਾਲ ਜੁੜੇ ਲੰਬੇ ਸਮੇਂ ਤੋਂ ਲਟਕਦੇ ਮਸਲਿਆਂ ਨੂੰ ਹਮਦਰਦੀ ਨਾਲ ਸੁਣ ਕੇ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਨੇ ਦੇਸ਼ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਹਨ ਅਤੇ ਉਸ ਦੇ ਹੱਕਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।

ਝੂੰਦਾ ਨੇ ਕਿਹਾ ਕਿ ਨਵਾਂ ਗਠਜੋੜ ਸਿੱਖ ਕੌਮ ਦੀ ਵਿਰਾਸਤ ਅਤੇ ਮਹਾਰਾਜਾ ਰਣਜੀਤ ਸਿੰਘ ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਧਰਮ ਨਿਰਪੱਖ ਸੋਚ ਨੂੰ ਅੱਗੇ ਲੈ ਕੇ ਚੱਲੇਗਾ। ਉਨ੍ਹਾਂ ਕਿਹਾ ਕਿ ਇਹ ਮੰਚ ਸਿਰਫ਼ ਸਿੱਖਾਂ ਦੀ ਨਹੀਂ, ਸਗੋਂ ਪੰਜਾਬ ਦੇ ਹਰ ਵਰਗ ਦੀ ਆਵਾਜ਼ ਬਣੇਗਾ ਅਤੇ ਕਿਸਾਨਾਂ, ਨੌਜਵਾਨਾਂ ਅਤੇ ਆਮ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰੇਗਾ। ਉਨ੍ਹਾਂ ਕਿਹਾ ਕਿ ਪਿਛਲੇ ਕਈ ਦਹਾਕਿਆਂ ਤੋਂ ਅਕਾਲੀ ਰਾਜਨੀਤੀ ਆਪਣੀ ਅਸਲ ਦਿਸ਼ਾ ਤੋਂ ਭਟਕ ਗਈ ਸੀ, ਜਿਸ ਕਾਰਨ ਪੰਜਾਬ ਦੇ ਲੋਕਾਂ 'ਚ ਨਿਰਾਸ਼ਾ ਵਧੀ।

### ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਇਕਬਾਲ ਸਿੰਘ ਝੂੰਦਾ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਖਾਰਜ

ਚੰਡੀਗੜ੍ਹ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ ਨੇ ਇਕ ਲਿਖ਼ਤੀ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਅਨੁਸ਼ਾਸਨੀ ਕਮੇਟੀ ਦੀ ਸਿਫਾਰਸ਼ 'ਤੇ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਇਕਬਾਲ ਸਿੰਘ ਝੂੰਦਾ ਨੂੰ ਜੱਥੇਬੰਦੀ ਦੀ ਮੁੱਢਲੀ ਮੈਂਬਰਸ਼ਿਪ ਤੋਂ 6 ਸਾਲਾਂ ਲਈ ਖਾਰਜ ਕਰ ਦਿੱਤਾ ਗਿਆ ਹੈ। ਵਡਾਲਾ ਨੇ ਦੱਸਿਆ ਕਿ ਪਾਰਟੀ ਅਨੁਸ਼ਾਸਨ ਦੇ ਵਿਰੁੱਧ ਜਾਂਦਿਆਂ ਪਹਿਲਾਂ ਵੀ ਝੂੰਦਾ ਨੇ ਆਪਣੇ ਤੌਰ 'ਤੇ ਦੋ ਮੀਟਿੰਗਾਂ ਕੀਤੀਆਂ ਸਨ, 'ਚ ਹੋਰਨਾਂ ਆਗੂਆਂ ਅਤੇ ਵਰਕਰਾਂ ਨੂੰ ਗੁੰਮਰਾਹ ਕਰਕੇ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਹੁਣ ਵੀ ਉਨ੍ਹਾਂ ਨੇ ਪ੍ਰੈੱਸ ਕਾਨਫਰੰਸ ਕਰਕੇ ਦੂਜੀਆਂ ਪਾਰਟੀਆਂ ਨਾਲ ਮਿਲ ਕੇ ਚੱਲਣ ਦਾ ਐਲਾਨ ਕੀਤਾ ਹੈ, ਜਦੋਂਕਿ ਜੱਥੇਬੰਦੀ ਵੱਲੋਂ ਪਹਿਲਾਂ ਹੀ ਦੂਜੀਆਂ ਪੰਥਕ ਧਿਰਾਂ ਨਾਲ ਏਕਤਾ ਕਰਨ ਲਈ ਇਕ ਤਾਲਮੇਲ ਕਮੇਟੀ ਬਣਾਈ ਹੋਈ ਹੈ, ਜੋ ਆਪਣਾ ਕੰਮ ਬਹੁਤ ਸੁਚੱਜੇ ਢੰਗ ਨਾਲ ਕਰ ਰਹੀ ਹੈ। ਝੂੰਦਾ ਨੇ ਏਕਤਾ ਦਾ ਇਹ ਐਲਾਨ ਉਸ ਤਾਲਮੇਲ ਕਮੇਟੀ ਤੋਂ ਬਾਹਰੇ ਹੋ ਕੇ ਕੀਤਾ ਹੈ, ਜਿਸ ਨਾਲ ਜੱਥੇਬੰਦੀ ਦੇ ਅਨੁਸ਼ਾਸਨ ਅਤੇ ਪੰਥਕ ਏਕਤਾ ਦੇ ਯਤਨਾਂ ਨੂੰ ਵੱਡੀ ਢਾਹ ਲੱਗੀ ਹੈ।

# ਮਜੀਠੀਆ ਮਾਮਲਾ: ਗਜਪਤ ਗਰੇਵਾਲ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ 29 ਜੁਲਾਈ ਤੱਕ ਮੁਲਤਵੀ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਅਦਾਲਤੀ ਕਾਰਵਾਈ ਮੁਹਾਲੀ ਬਾਰ ਐਸੋਸੀਏਸ਼ਨ ਦੀ ਅਣਮਿੱਥੇ ਸਮੇਂ ਦੀ ਹੜਤਾਲ ਕਾਰਨ ਅੱਗੇ ਨਹੀਂ ਵਧ ਸਕੀ। ਇਸ ਦੌਰਾਨ ਮਸ਼ੋਬਰਾ ਸਥਿਤ ਫਾਰਮ ਹਾਊਸ ਦੀਆਂ ਚਾਬੀਆਂ, ਬਿਕਰਮ ਸਿੰਘ ਮਜੀਠੀਆ ਦਾ ਮੋਬਾਈਲ ਫੋਨ ਜੋ ਇਸ ਸਮੇਂ ਪੰਜਾਬ ਵਿਜੀਲੈਂਸ ਬਿਊਰੋ ਦੇ ਕਬਜ਼ੇ ਵਿਚ ਹੈ, ਅਤੇ ਮਜੀਠੀਆ ਦੇ ਕਰੀਬੀ ਰਿਸ਼ਤੇਦਾਰ ਗਜਪਤ ਸਿੰਘ ਗਰੇਵਾਲ ਦੀ ਜ਼ਮਾਨਤ ਅਰਜ਼ੀ ਸਬੰਧੀ ਸੁਣਵਾਈ 29 ਜੁਲਾਈ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਮਜੀਠੀਆ ਖ਼ਿਲਾਫ਼ ਜਾਂਚ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਉਨ੍ਹਾਂ ਦਾ ਮੋਬਾਈਲ ਫੋਨ ਆਪਣੇ ਕਬਜ਼ੇ ਵਿਚ ਲਿਆ ਗਿਆ ਹੈ। ਇਸ ਤੋਂ ਇਲਾਵਾ ਮਸ਼ੋਬਰਾ ਸਥਿਤ ਫਾਰਮ ਹਾਊਸ ਦੀਆਂ ਚਾਬੀਆਂ ਸੰਬੰਧੀ ਮਾਮਲਾ ਵੀ ਅਦਾਲਤ ਦੇ ਵਿਚਾਰ ਅਧੀਨ ਹੈ। ਉਧਰ, ਇਸੇ ਕੇਸ ਵਿਚ ਨਾਮਜ਼ਦ ਮਜੀਠੀਆ ਦੇ ਕਰੀਬੀ ਰਿਸ਼ਤੇਦਾਰ ਗਜਪਤ ਸਿੰਘ ਗਰੇਵਾਲ ਵਲੋਂ ਦਾਇਰ ਜ਼ਮਾਨਤ ਅਰਜ਼ੀ 'ਤੇ ਵੀ ਹੁਣ 29 ਜੁਲਾਈ ਨੂੰ ਹੀ ਸੁਣਵਾਈ ਹੋਵੇਗੀ।



# ਟਰੰਪ ਵੱਲੋਂ ਕੈਨੇਡਾ 'ਤੇ 50 ਫੀਸਦੀ ਵਾਧੂ ਟੈਰਿਫ ਲਗਾਉਣ ਦਾ ਐਲਾਨ!

**ਕੈਨੇਡਾ ਆਪਣੇ ਲੋਕਾਂ ਅਤੇ ਕਾਰੋਬਾਰਾਂ ਦਾ ਸਮਰਥਨ ਕਰਨਾ ਜਾਰੀ ਰੱਖੇਗਾ: ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ**





ਓਟਾਵਾ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਦੀਆਂ ਚੋਣਵੀਆਂ ਵਸਤੂਆਂ 'ਤੇ 50 ਫੀਸਦੀ ਵਾਧੂ ਟੈਰਿਫ (ਆਯਾਤ ਡਿਊਟੀ) ਲਗਾਉਣ ਦਾ ਐਲਾਨ ਕੀਤਾ ਹੈ। ਟਰੰਪ ਦੇ ਇਸ ਐਲਾਨ ਤੋਂ ਬਾਅਦ ਦੋਵਾਂ ਗੁਆਂਢੀ ਦੇਸ਼ਾਂ ਵਿਚਾਲੇ ਵਪਾਰਕ ਤਣਾਅ ਸਿਖਰ 'ਤੇ ਪਹੁੰਚ ਗਿਆ ਹੈ। ਅਮਰੀਕਾ ਵੱਲੋਂ ਇਹ ਟੈਰਿਫ ਮੁੱਖ ਤੌਰ 'ਤੇ ਡੇਅਰੀ ਉਤਪਾਦਾਂ, ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਅਤੇ ਮੋਟਰ ਵਾਹਨਾਂ ਦੇ ਖੇਤਰ 'ਤੇ ਲਗਾਏ ਗਏ ਹਨ, ਜੋ ਕਿ ਰਾਸ਼ਟਰਪਤੀ ਟਰੰਪ ਦੇ ਹਸਤਾਖਰਾਂ ਤੋਂ 30 ਦਿਨਾਂ ਬਾਅਦ ਲਾਗੂ ਹੋਣਗੇ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਕੈਨੇਡਾ ਆਪਣੇ ਲੋਕਾਂ ਅਤੇ ਕਾਰੋਬਾਰਾਂ ਦਾ ਸਮਰਥਨ ਕਰਨਾ ਜਾਰੀ ਰੱਖੇਗਾ। ਕਾਰਨੀ ਅਨੁਸਾਰ ਅਮਰੀਕਾ ਪਿਛਲੇ 18 ਮਹੀਨਿਆਂ ਤੋਂ ਆਪਣੇ ਸਾਰੇ ਵਪਾਰਕ ਸਬੰਧਾਂ ਨੂੰ ਬਦਲ ਰਿਹਾ ਹੈ ਅਤੇ ਇਹ ਤਾਜ਼ਾ ਕਾਰਵਾਈ ਉਸੇ ਲੜੀ ਦਾ ਹਿੱਸਾ ਹੈ। ਪ੍ਰਧਾਨ ਮੰਤਰੀ ਨੇ ਸਪੱਸ਼ਟ ਕੀਤਾ ਕਿ ਕੈਨੇਡਾ ਦੇ ਸਾਰੇ ਸੂਬਿਆਂ ਅਤੇ ਖੇਤਰਾਂ ਦੇ ਲੋਕ ਆਪਣੀ ਆਰਥਿਕਤਾ ਦੀ ਰੱਖਿਆ ਲਈ ਇਕਜੁੱਟ ਹਨ। ਉਨ੍ਹਾਂ ਕਿਹਾ, "ਕੈਨੇਡਾ ਆਪਣੇ ਕਰਮਚਾਰੀਆਂ, ਕਿਸਾਨਾਂ, ਕਾਰੋਬਾਰਾਂ ਅਤੇ ਪਰਿਵਾਰਾਂ ਦੀ ਮਦਦ ਲਈ ਹਰ ਜ਼ਰੂਰੀ ਕਦਮ ਚੁੱਕੇਗਾ"। ਕਾਰਨੀ ਨੇ ਕਿਹਾ ਕਿ ਕੈਨੇਡਾ ਮੁਕਤ ਅਤੇ ਨਿਰਪੱਖ ਵਪਾਰ ਦੇ ਫਾਇਦਿਆਂ ਵਿਚ ਵਿਸ਼ਵਾਸ ਰੱਖਦਾ ਹੈ, ਜਿਵੇਂ ਕਿ ਉਸ ਦੀ ਨਵੀਂ ਸਰਕਾਰ ਨੇ 20 ਤੋਂ ਵੱਧ ਨਵੀਆਂ ਆਰਥਿਕ ਅਤੇ ਸੁਰੱਖਿਆ ਭਾਈਵਾਲੀ 'ਤੇ ਦਸਤਖਤ ਕੀਤੇ ਹਨ। ਕਾਰਨੀ ਨੇ ਇਹ ਚੇਤਾਵਨੀ ਵੀ ਦਿੱਤੀ ਕਿ ਇਸ ਵਪਾਰਕ ਵਿਵਾਦ ਕਾਰਨ ਪਰਿਵਾਰਾਂ 'ਤੇ ਖਰਚਿਆਂ ਦਾ ਬੋਝ ਵਧਿਆ ਹੈ, ਖਾਸ ਕਰਕੇ ਖੁਦ ਅਮਰੀਕਾ ਵਿਚ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕਾ ਦੇ ਇਸ ਕਦਮ ਨੂੰ ਕੈਨੇਡਾ-ਅਮਰੀਕਾ-ਮੈਕਸੀਕੋ ਸਮਝੌਤੇ (ਸੀ.ਯੂ.ਐੱਸ.ਐੱਮ.ਏ.) ਦੀ ਸਿੱਧੀ ਉਲੰਘਣਾ ਕਰਾਰ ਦਿੱਤਾ ਹੈ। ਹਾਲਾਂਕਿ ਕੈਨੇਡਾ ਨੇ ਇਸ ਵਿਵਾਦ ਨੂੰ ਸੁਲਝਾਉਣ ਅਤੇ ਸੀ.ਯੂ.ਐੱਸ.ਐੱਮ.ਏ. ਸਮਝੌਤੇ ਨੂੰ ਆਧੁਨਿਕ ਬਣਾਉਣ ਲਈ ਕਈ ਵਿਸਤ੍ਰਿਤ ਪ੍ਰਸਤਾਵ ਪੇਸ਼ ਕੀਤੇ ਹਨ। ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਉਹ ਆਉਣ ਵਾਲੇ ਹਫ਼ਤਿਆਂ ਵਿਚ ਅਮਰੀਕਾ ਨਾਲ ਇਨ੍ਹਾਂ ਮੁੱਦਿਆਂ 'ਤੇ ਡੂੰਘਾਈ ਨਾਲ ਗੱਲਬਾਤ ਕਰਨ ਲਈ ਤਿਆਰ ਹਨ, ਤਾਂ ਜੋ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਦਾ ਫਾਇਦਾ ਹੋ ਸਕੇ। ਦੂਜੇ ਪਾਸੇ ਅਮਰੀਕਾ ਦਾ ਕਹਿਣਾ ਹੈ ਕਿ ਇਹ ਟੈਰਿਫ ਅਮਰੀਕੀ ਉਤਪਾਦਾਂ ਨਾਲ ਕੀਤੇ ਜਾ ਰਹੇ "ਪੱਖਪਾਤੀ ਵਿਵਹਾਰ" ਦੇ ਜਵਾਬ ਵਿਚ ਲਗਾਏ ਗਏ ਹਨ।

## ਐਂਡੀ ਬਰਨਹੈਮ ਨੇ ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਿਆ



**ਲੰਡਨ, (ਪੰਜਾਬ ਮੇਲ)-** ਲੇਬਰ ਪਾਰਟੀ ਦੇ ਨਵੇਂ ਚੁਣੇ ਗਏ ਨੇਤਾ ਐਂਡੀ ਬਰਨਹੈਮ ਨੇ ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ। 56 ਸਾਲਾ ਬਰਨਹੈਮ ਨੇ 10 ਡਾਊਨਿੰਗ ਸਟ੍ਰੀਟ ਤੋਂ ਆਪਣੇ ਪਹਿਲੇ ਸੰਬੋਧਨ ਵਿਚ ਕਿਹਾ ਕਿ ਉਨ੍ਹਾਂ ਦੀ ਸਰਕਾਰ ਰਾਜਨੀਤੀ ਨੂੰ ਸਮੱਸਿਆਵਾਂ ਦੇ ਹੱਲ 'ਤੇ ਕੇਂਦਰਿਤ ਕਰੇਗੀ ਅਤੇ ਦੇਸ਼ ਲਈ ਇਹ ਸਮਾਂ ਵੱਡੀ ਤਬਦੀਲੀ ਦਾ ਮੌਕਾ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਬ੍ਰਿਟੇਨ ਵਿਚ ਪਿਛਲੇ 40 ਸਾਲਾਂ ਦੀ ਸਭ ਤੋਂ ਵੱਡੀ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰਨਗੇ ਅਤੇ ਨਵਾਂ ਰਾਜਨੀਤਿਕ ਤੇ ਆਰਥਿਕ ਮਾਡਲ ਤਿਆਰ ਕਰਨਗੇ। ਉਨ੍ਹਾਂ ਨੇ ਪ੍ਰਧਾਨ ਮੰਤਰੀ ਵਜੋਂ ਸਭ ਤੋਂ ਪਹਿਲਾਂ ਦੇਸ਼ ਵਿਚ ਬੇਘਰ ਲੋਕਾਂ ਦੀ ਸਮੱਸਿਆ ਖਤਮ ਕਰਨ ਲਈ ਕੰਮ ਸ਼ੁਰੂ ਕਰਨ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੀ ਜ਼ਿੰਦਗੀ ਬਿਹਤਰ ਬਣਾਉਣ, ਹੋਰ ਘਰ ਬਣਾਉਣ ਅਤੇ ਅਜਿਹੀ ਪ੍ਰਣਾਲੀ ਬਣਾਉਣ ਲਈ ਕੰਮ ਕਰੇਗੀ, ਜੋ ਸਮੱਸਿਆਵਾਂ ਪੈਦਾ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਰੋਕ ਸਕੇ।

ਉਨ੍ਹਾਂ ਰਾਜਾ ਚਾਰਲਸ ਤੀਜੇ ਨਾਲ ਮੁਲਾਕਾਤ ਤੋਂ ਬਾਅਦ ਰਸਮੀ ਤੌਰ 'ਤੇ ਸਰਕਾਰ ਬਣਾਉਣ ਦੀ ਜ਼ਿੰਮੇਵਾਰੀ ਸੰਭਾਲੀ।

## ਪੱਕੇ ਵਸਨੀਕਾਂ ਲਈ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਪੱਕੇ ਤੌਰ 'ਤੇ ਕੈਨੇਡਾ ਬੁਲਾਉਣ ਦਾ ਰਾਹ ਬੰਦ

ਟੋਰਾਂਟੋ, (ਪੰਜਾਬ ਮੇਲ)- ਇਕ ਪਾਸੇ ਜਦੋਂ ਅਮਰੀਕਾ ਨੇ ਪ੍ਰਵਾਸੀਆਂ ਲਈ ਇਮੀਗ੍ਰੇਸ਼ਨ ਨੀਤੀਆਂ 'ਤੇ ਲਗਾਤਾਰ ਸਖ਼ਤੀ ਕੀਤੀ ਹੋਈ ਹੈ, ਇਸੇ ਦੌਰਾਨ ਕੈਨੇਡਾ ਤੋਂ ਇਕ ਅਜਿਹੀ ਖ਼ਬਰ ਆਈ ਹੈ, ਜਿਸ ਨੇ ਪੰਜਾਬੀਆਂ ਸਣੇ ਲੱਖਾਂ ਪ੍ਰਵਾਸੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਇਕ ਵੱਡਾ ਫ਼ੈਸਲਾ ਲੈਂਦੇ ਹੋਏ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਕੈਨੇਡੀਅਨ ਫੈਡਰਲ ਸਰਕਾਰ ਨੇ ਇਥੋਂ ਦੇ ਪੱਕੇ ਵਸਨੀਕਾਂ (ਪੀ.ਆਰ.) ਲਈ ਆਪਣੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਪੱਕੇ ਤੌਰ 'ਤੇ ਕੈਨੇਡਾ ਬੁਲਾਉਣ ਦਾ ਰਾਹ ਫਿਲਹਾਲ ਬੰਦ ਕਰ ਦਿੱਤਾ ਹੈ। ਇਸ ਫੈਸਲੇ ਅਨੁਸਾਰ ਕੈਨੇਡਾ ਸਰਕਾਰ ਨੇ 'ਪੇਰੈਂਟਸ ਐਂਡ ਗ੍ਰੈਂਡਪੇਰੈਂਟਸ ਪ੍ਰੋਗਰਾਮ' ਦੇ ਤਹਿਤ ਨਵੀਆਂ ਅਰਜ਼ੀਆਂ ਲੈਣ 'ਤੇ ਅਣਮਿੱਥੇ ਸਮੇਂ ਲਈ ਰੋਕ ਲਗਾ ਦਿੱਤੀ ਹੈ।

ਜਦੋਂ ਤੱਕ ਸਰਕਾਰ ਆਪਣੇ ਇਸ ਫੈਸਲੇ ਨੂੰ ਵਾਪਸ ਨਹੀਂ ਲੈਂਦੀ, ਉਦੋਂ ਤੱਕ ਕੈਨੇਡਾ ਵਿਚ ਰਹਿ ਰਹੇ ਲੋਕ ਆਪਣੇ ਪਰਿਵਾਰਕ ਮੈਂਬਰਾਂ ਨੂੰ ਹੁਣ ਸਪਾਂਸਰ ਨਹੀਂ ਕਰ ਸਕਣਗੇ। 15 ਜੁਲਾਈ 2026 ਨੂੰ ਸਰਕਾਰ ਵੱਲੋਂ ਜਾਰੀ ਕੀਤੇ ਗਏ ਇੱਕ ਅਧਿਕਾਰਤ ਬਿਆਨ ਵਿਚ ਇਸ ਵੱਡੀ ਅਤੇ ਅਚਾਨਕ ਕੀਤੀ ਗਈ ਤਬਦੀਲੀ ਦਾ ਐਲਾਨ ਕੀਤਾ ਗਿਆ ਹੈ।

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਅਗਲੇ ਨੋਟਿਸ ਤੱਕ ਨਵੇਂ ਸਪਾਂਸਰਸ਼ਿਪ ਫਾਰਮ ਸਵੀਕਾਰ ਨਹੀਂ ਕੀਤੇ ਜਾਣਗੇ ਅਤੇ ਨਾ ਹੀ ਸੰਭਾਵਿਤ ਸਪਾਂਸਰਾਂ ਨੂੰ ਅਰਜ਼ੀ ਦੇਣ ਲਈ ਕੋਈ ਸੱਦਾ ਪੱਤਰ ਭੇਜਿਆ ਜਾਵੇਗਾ। ਹਾਲਾਂਕਿ, ਵਿਭਾਗ ਨੇ ਇਹ ਵੀ ਭਰੋਸਾ ਦਿੱਤਾ ਹੈ ਕਿ ਜੋ ਅਰਜ਼ੀਆਂ ਪਹਿਲਾਂ ਹੀ ਪ੍ਰਾਪਤ ਹੋ ਚੁੱਕੀਆਂ ਹਨ, ਉਨ੍ਹਾਂ 'ਤੇ ਕਾਰਵਾਈ ਨਿਰੰਤਰ ਜਾਰੀ ਰਹੇਗੀ। ਸਰਕਾਰ ਦਾ ਮੁੱਖ ਟੀਚਾ ਸਾਲ 2026 ਦੌਰਾਨ ਪਹਿਲਾਂ ਤੋਂ ਪ੍ਰਾਪਤ ਹੋ ਚੁੱਕੀਆਂ ਐਪਲੀਕੇਸ਼ਨਾਂ 'ਚੋਂ 15,000 ਲੋਕਾਂ ਨੂੰ ਪੀ.ਆਰ. ਦੇਣਾ ਹੈ, ਤਾਂ ਜੋ ਪੁਰਾਣੇ ਕੇਸਾਂ ਦਾ ਨਿਪਟਾਰਾ ਕੀਤਾ ਜਾ ਸਕੇ।

ਇਮੀਗ੍ਰੇਸ਼ਨ ਵਿਭਾਗ ਦੀ ਵੈੱਬਸਾਈਟ ਦੇ ਅੰਕੜਿਆਂ ਅਨੁਸਾਰ, ਇਸ ਸਮੇਂ ਪੇਰੈਂਟਸ ਐਂਡ ਗ੍ਰੈਂਡਪੇਰੈਂਟਸ (ਪੀ.ਜੀ.ਪੀ.) ਸ਼੍ਰੇਣੀ ਦੇ ਤਹਿਤ ਲਗਭਗ 50,900 ਐਪਲੀਕੇਸ਼ਨਾਂ ਅੰਡਰ ਪ੍ਰੋਸੈੱਸ ਹਨ। ਜਿਨ੍ਹਾਂ ਬਿਨੈਕਾਰਾਂ ਨੇ ਜੁਲਾਈ 2025 'ਚ ਆਪਣੀਆਂ ਐਪਲੀਕੇਸ਼ਨਾਂ ਜਮ੍ਹਾਂ ਕਰਵਾਈਆਂ ਸਨ, ਉਨ੍ਹਾਂ ਲਈ ਪ੍ਰੋਸੈਸਿੰਗ ਦਾ ਬਾਕੀ ਬਚਿਆ ਸਮਾਂ ਵੱਖ-ਵੱਖ ਹੋਵੇਗਾ। ਕਿਊਬੈਕ ਸੂਬੇ ਤੋਂ ਬਾਹਰ ਰਹਿਣ ਵਾਲੇ ਪਰਿਵਾਰਾਂ ਲਈ ਇਹ ਵੇਟਿੰਗ ਪੀਰੀਅਡ ਲਗਭਗ 18 ਮਹੀਨੇ ਹੈ, ਜਦੋਂ ਕਿ ਕਿਊਬੈਕ ਸੂਬੇ ਵਿਚ ਵਸਣ ਦੀ ਇੱਛਾ ਰੱਖਣ ਵਾਲੇ ਬਿਨੈਕਾਰਾਂ ਲਈ ਉਡੀਕ ਦਾ ਇਹ ਸਮਾਂ 54 ਮਹੀਨੇ ਯਾਨੀ ਸਾਢੇ ਚਾਰ ਸਾਲ ਤੱਕ ਜਾ ਸਕਦਾ ਹੈ। ਸਰਕਾਰ ਦੇ ਇਸ ਫੈਸਲੇ ਨਾਲ ਉਨ੍ਹਾਂ ਹਜ਼ਾਰਾਂ ਪ੍ਰਵਾਸੀ ਪਰਿਵਾਰਾਂ ਨੂੰ ਵੱਡਾ ਝਟਕਾ ਲੱਗਾ ਹੈ, ਜੋ ਲੰਮੇ ਸਮੇਂ ਤੋਂ ਆਪਣੇ ਬਜ਼ੁਰਗ ਮਾਪਿਆਂ ਨੂੰ ਆਪਣੇ ਕੋਲ ਪੱਕੇ ਤੌਰ 'ਤੇ ਬੁਲਾਉਣ ਦੀ ਉਮੀਦ ਲਗਾਈ ਬੈਠੇ ਸਨ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
SA
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਫੀਫਾ ਵਰਲਡ ਕੱਪ: ਅਰਜਨਟੀਨਾ ਨੂੰ 1-0 ਨਾਲ ਹਰਾ ਕੇ ਸਪੇਨ ਬਣਿਆ ਵਿਸ਼ਵ ਚੈਂਪੀਅਨ

- 16 ਸਾਲ ਬਾਅਦ ਫੁੱਟਬਾਲ ਵਿਸ਼ਵ ਕੱਪ ਜਿੱਤਿਆ; ਵਾਧੂ ਸਮੇਂ ਵਿਚ ਹੋਇਆ ਮੈਚ ਦਾ ਇਕਲੌਤਾ ਗੋਲ
- ਹਾਲੀਵੁੱਡ ਸਿਤਾਰਿਆਂ, ਫੁੱਟਬਾਲ ਤੇ ਸਿਆਸੀ ਦਿੱਗਜਾਂ ਦੀ ਰਹੀ ਮੌਜੂਦਗੀ



**ਨਿਊ ਜਰਸੀ, (ਪੰਜਾਬ ਮੇਲ)-** ਸਪੇਨ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਫੀਫਾ ਵਰਲਡ ਕੱਪ 2026 ਜਿੱਤ ਲਿਆ ਹੈ। 19 ਜੁਲਾਈ (ਐਤਵਾਰ) ਨੂੰ ਨਿਊ ਜਰਸੀ ਦੇ ਮੈਟਲਾਈਫ ਸਟੇਡੀਅਮ ਵਿਚ ਖੇਡੇ ਗਏ ਫਾਈਨਲ ਵਿਚ ਸਪੇਨ ਨੇ ਮੌਜੂਦਾ ਚੈਂਪੀਅਨ ਅਰਜਨਟੀਨਾ ਨੂੰ 1-0 ਨਾਲ ਹਰਾ ਦਿੱਤਾ। ਨਿਰਧਾਰਤ ਸਮੇਂ ਤੱਕ ਸਕੋਰ 0-0 ਰਿਹਾ, ਜਿਸ ਨਾਲ ਮੈਚ ਵਾਧੂ ਸਮੇਂ ਵਿਚ ਚਲਾ ਗਿਆ, ਜਿੱਥੇ ਸਪੇਨ ਨੇ ਜਿੱਤ ਪ੍ਰਾਪਤ ਕੀਤੀ। ਬਦਲਵੇਂ ਖਿਡਾਰੀ ਫੇਰਾਨ ਟੋਰੇਸ ਨੇ 106ਵੇਂ ਮਿੰਟ ਵਿਚ ਗੋਲ ਕੀਤਾ। ਉਸਨੇ ਇੱਕ ਹੋਰ ਬਦਲਵੇਂ ਖਿਡਾਰੀ ਨਿਕੋ ਵਿਲੀਅਮਜ਼ ਤੋਂ ਪਾਸ ਪ੍ਰਾਪਤ ਕਰਨ ਤੋਂ ਬਾਅਦ ਗੋਲ ਕੀਤਾ।

ਸਪੇਨ ਨੇ ਦੂਜੀ ਵਾਰ ਫੀਫਾ ਵਿਸ਼ਵ ਕੱਪ ਜਿੱਤਿਆ ਹੈ। ਇਹ ਟੀਮ ਪਹਿਲਾਂ 2010 ਵਿਚ ਚੈਂਪੀਅਨ ਬਣੀ ਸੀ। ਇਸ ਦੌਰਾਨ ਅਰਜਨਟੀਨਾ ਚੌਥੀ ਵਾਰ ਵਿਸ਼ਵ ਕੱਪ ਦਾ ਖਿਤਾਬ ਹਾਸਲ ਕਰਨ ਵਿਚ ਅਸਫਲ ਰਹੀ। ਅਰਜਨਟੀਨਾ, ਇਟਲੀ ਅਤੇ ਬ੍ਰਾਜ਼ੀਲ ਦੁਆਰਾ ਪ੍ਰਾਪਤ ਕੀਤੀ ਗਈ ਉਪਲਬਧੀ ਨੂੰ ਦੁਹਰਾ ਨਹੀਂ ਸਕਿਆ, ਦੋਵਾਂ ਨੇ ਲਗਾਤਾਰ ਦੋ ਖਿਤਾਬ ਜਿੱਤੇ ਸਨ, 1934 ਅਤੇ 1938 ਵਿਚ ਇਟਲੀ ਅਤੇ 1958 ਅਤੇ 1962 ਵਿਚ ਬ੍ਰਾਜ਼ੀਲ। ਫਾਈਨਲ ਵਿਚ ਅਰਜਨਟੀਨਾ ਦੇ ਕਪਤਾਨ ਲਿਓਨਲ ਮੈਸੀ ਦਾ ਜਾਦੂ ਬਿਲਕੁਲ ਵੀ ਕੰਮ ਨਹੀਂ ਕਰ ਸਕਿਆ। ਖਿਤਾਬੀ ਮੈਚ ਤੱਕ ਦਾ ਸਫ਼ਰ ਕਿਸੇ ਵੀ ਟੀਮ ਲਈ ਆਸਾਨ ਨਹੀਂ ਸੀ। ਸਪੇਨ ਨੇ ਫਰਾਂਸ ਅਤੇ ਪੁਰਤਗਾਲ ਵਰਗੀਆਂ ਮਜ਼ਬੂਤ ਟੀਮਾਂ ਨੂੰ ਹਰਾਇਆ, ਜਦੋਂ ਕਿ ਅਰਜਨਟੀਨਾ ਵਾਧੂ ਸਮੇਂ ਵਿਚ ਗਏ ਲਗਾਤਾਰ ਤਿੰਨ ਰੋਮਾਂਚਕ ਨਾਕਆਊਟ ਮੈਚ ਜਿੱਤ ਕੇ ਫਾਈਨਲ 'ਚ ਪਹੁੰਚਿਆ ਸੀ।

ਪਹਿਲਾ ਹਾਫ ਬਹੁਤ ਹੀ ਮੁਕਾਬਲੇ ਵਾਲਾ ਰਿਹਾ, ਹਾਲਾਂਕਿ ਕੋਈ ਗੋਲ ਨਹੀਂ ਹੋਇਆ। ਸਪੈਨਿਸ਼ ਟੀਮ ਨੇ ਖੇਡ ਦੀ ਵਧੇਰੇ ਹਮਲਾਵਰ ਸ਼ੈਲੀ ਦਾ ਪ੍ਰਦਰਸ਼ਨ ਕੀਤਾ, ਦੋ ਸ਼ਾਟ ਟਾਰਗੇਟ 'ਤੇ ਚਲਾਏ, ਜਦੋਂਕਿ ਅਰਜਨਟੀਨਾ ਨੇ ਇੱਕ ਵੀ ਸ਼ਾਟ ਨਹੀਂ ਲਿਆ। ਸਪੇਨ ਨੇ ਵੀ 65% ਸਮੇਂ ਤੱਕ ਗੇਂਦ 'ਤੇ ਕਬਜ਼ਾ ਕੀਤਾ। ਕਪਤਾਨ ਲਿਓਨਲ ਮੈਸੀ ਨੂੰ ਸਪੈਨਿਸ਼ ਖਿਡਾਰੀਆਂ ਨੇ ਸਖ਼ਤੀ ਨਾਲ ਨਿਸ਼ਾਨਾ ਬਣਾਇਆ ਅਤੇ ਉਹ ਮਹੱਤਵਪੂਰਨ ਪ੍ਰਭਾਵ ਨਹੀਂ ਪਾ ਸਕੇ। ਇਸੇ ਤਰ੍ਹਾਂ ਲਾਮੀਨ ਯਾਮਲ ਕੋਈ ਜਾਦੂ ਨਹੀਂ ਕਰ ਸਕਿਆ। ਅਰਜਨਟੀਨਾ ਦੇ ਡਿਫੈਂਡਰ ਲਿਸਾਂਡਰੋ ਮਾਰਟੀਨੇਜ਼ ਨੂੰ ਪਹਿਲੇ ਹਾਫ ਵਿਚ ਪੀਲਾ ਕਾਰਡ ਮਿਲਿਆ ਪਰ ਬਾਅਦ ਵਿਚ ਸੱਟ ਲੱਗਣ ਤੋਂ ਬਾਅਦ ਉਸ ਨੂੰ ਬਦਲ ਦਿੱਤਾ ਗਿਆ। ਨਿਕੋਲਸ ਓਟਾਮੇਂਡੀ ਨੇ ਪਿੱਚ 'ਤੇ ਆਪਣੀ ਜਗ੍ਹਾ ਲੈ ਲਈ।

ਸਪੈਨਿਸ਼ ਟੀਮ ਨੇ ਦੂਜੇ ਹਾਫ ਵਿਚ ਪੂਰੀ ਤਰ੍ਹਾਂ ਦਬਦਬਾ ਬਣਾਈ ਰੱਖਿਆ ਅਤੇ 68% ਸਮੇਂ ਤੱਕ ਬਾਲ 'ਤੇ ਆਪਣਾ ਕਬਜ਼ਾ ਬਣਾਈ ਰੱਖਿਆ, ਹਾਲਾਂਕਿ ਉਹ ਗੋਲ ਕਰਨ ਵਿਚ ਅਸਫਲ ਰਹੇ। ਉਹ ਅੱਠ ਵਾਰ ਟਾਰਗੇਟ ਨੂੰ ਮਾਰਨ ਵਿਚ ਕਾਮਯਾਬ ਰਹੇ, ਪਰ ਗੋਲਕੀਪਰ ਐਮਿਲਿਆਨੋ ਮਾਰਟੀਨੇਜ਼ ਨੇ ਹਰ ਕੋਸ਼ਿਸ਼ ਨੂੰ ਸਫਲਤਾਪੂਰਵਕ ਬਚਾਇਆ। ਅਰਜਨਟੀਨਾ ਇੱਕ ਵਾਰ ਫਿਰ ਦੂਜੇ ਹਾਫ ਵਿਚ ਟਾਰਗੇਟ 'ਤੇ ਇੱਕ ਵੀ ਸ਼ਾਟ ਦਰਜ ਕਰਨ ਵਿਚ ਅਸਫਲ ਰਿਹਾ। ਉਨ੍ਹਾਂ ਨੂੰ ਸਟਾਪੇਜ ਟਾਈਮ ਦੌਰਾਨ ਇੱਕ ਵੱਡਾ ਝਟਕਾ ਲੱਗਾ, ਜਦੋਂ ਐਂਜ਼ੋ ਫਰਨਾਂਡੇਜ਼ ਨੂੰ ਮੈਚ ਦਾ ਦੂਜਾ ਪੀਲਾ ਕਾਰਡ ਮਿਲਣ ਤੋਂ ਬਾਅਦ ਮੈਦਾਨ 'ਤੇ ਭੇਜ ਦਿੱਤਾ ਗਿਆ। ਇੱਕ ਗੇਮ ਵਿਚ ਦੂਜਾ ਪੀਲਾ ਕਾਰਡ ਮਿਲਣ 'ਤੇ ਇੱਕ ਖਿਡਾਰੀ ਨੂੰ ਤੁਰੰਤ ਇੱਕ ਲਾਲ ਕਾਰਡ ਦਿਖਾਇਆ ਜਾਂਦਾ ਹੈ।

ਸਪੇਨ ਨੇ ਗਰੁੱਪ ਐੱਚ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ, 7 ਅੰਕਾਂ ਨਾਲ ਚੋਟੀ ਦਾ ਸਥਾਨ ਹਾਸਲ ਕੀਤਾ।


## MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895


# ਪੰਜਾਬ ਵਿਧਾਨ ਸਭਾ ਦਾ ਮੌਨਸੂਨ ਸੈਸ਼ਨ 3 ਅਗਸਤ ਤੋਂ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਦਾ ਮੌਨਸੂਨ ਸੈਸ਼ਨ ਤਿੰਨ ਅਗਸਤ ਤੋਂ ਸ਼ੁਰੂ ਹੋ ਕੇ 10 ਅਗਸਤ ਨੂੰ ਸਮਾਪਤ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਮੌਨਸੂਨ ਸੈਸ਼ਨ ਲਈ ਹਰੀ ਝੰਡੀ ਦੇ ਦਿੱਤੀ ਹੈ। 'ਆਪ' ਸਰਕਾਰ ਦੇ ਕਾਰਜਕਾਲ ਦਾ ਇਹ ਆਖ਼ਰੀ ਮੌਨਸੂਨ ਸੈਸ਼ਨ ਹੋਵੇਗਾ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਮੌਨਸੂਨ ਸੈਸ਼ਨ 'ਚ ਆਉਣ ਵਾਲੇ ਮੁੱਦਿਆਂ 'ਤੇ ਚਰਚਾ ਸ਼ੁਰੂ ਕਰ ਦਿੱਤੀ ਹੈ ਅਤੇ ਵੱਖ-ਵੱਖ ਵਿਭਾਗਾਂ ਨਾਲ ਇਸ ਬਾਰੇ ਮੀਟਿੰਗਾਂ ਦਾ ਸਿਲਸਿਲਾ ਵੀ ਸ਼ੁਰੂ ਕੀਤਾ ਹੈ। ਮੌਨਸੂਨ ਸੈਸ਼ਨ 'ਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ (ਸੋਧ) ਐਕਟ-2026 'ਚ ਸੋਧ ਕੀਤੇ ਜਾਣ ਦਾ ਏਜੰਡਾ ਆਉਣਾ ਲਗਪਗ ਤੈਅ ਹੈ। ਚੇਤੇ ਰਹੇ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ 29 ਜੂਨ ਨੂੰ ਆਦੇਸ਼ ਦਿੱਤੇ ਗਏ ਸਨ ਕਿ ਇੱਕ ਮਹੀਨੇ ਦੇ ਅੰਦਰ ਐਕਟ 'ਚ ਸੋਧ ਕੀਤੀ ਜਾਵੇ। ਪੰਜਾਬ ਦੇ ਸਿੱਖ ਵਿਧਾਇਕ ਅਤੇ ਮੰਤਰੀ ਅਕਾਲ ਤਖ਼ਤ 'ਤੇ 29 ਜੂਨ ਨੂੰ ਪੇਸ਼ ਹੋਏ ਸਨ। ਪੰਜਾਬ ਸਰਕਾਰ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਕੁੱਝ ਸਮੇਂ ਦੀ ਮੋਹਲਤ ਲਵੇਗੀ ਅਤੇ ਅਗਸਤ ਦੇ ਪਹਿਲੇ ਹਫ਼ਤੇ ਉਪਰੋਕਤ ਐਕਟ 'ਚ ਸੋਧ ਕਰੇਗੀ।

ਅਕਾਲ ਤਖ਼ਤ ਵੱਲੋਂ ਐਕਟ 'ਚ ਸੋਧ ਕੀਤੇ ਜਾਣ ਦਾ ਸਮਾਂ 29 ਜੁਲਾਈ ਨੂੰ ਖ਼ਤਮ ਹੋ ਰਿਹਾ ਹੈ। ਇਸ ਤੋਂ ਇਲਾਵਾ ਮੌਨਸੂਨ ਸੈਸ਼ਨ 'ਚ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ (ਸੋਧ) ਆਰਡੀਨੈਂਸ-2026 ਨੂੰ ਐਕਟ ਦਾ ਰੂਪ ਦਿੱਤਾ ਜਾਵੇਗਾ, ਜਿਸ ਨੂੰ ਥੋੜ੍ਹੇ ਦਿਨ ਪਹਿਲਾਂ ਹੀ ਰਾਜਪਾਲ ਨੇ ਪ੍ਰਵਾਨਗੀ ਦਿੱਤੀ ਹੈ।

# ਐੱਫ.ਆਈ.ਐੱਚ. ਹਾਕੀ ਵਿਸ਼ਵ ਕੱਪ 2026 ਲਈ ਭਾਰਤੀ ਟੀਮ 'ਚ ਪੰਜਾਬ ਦੇ 8 ਖਿਡਾਰੀ ਸ਼ਾਮਲ



*ਵਿਸ਼ਵ ਕੱਪ ਵਿਚ ਹਿੱਸਾ ਲੈਣ ਵਾਲੀ ਭਾਰਤੀ ਹਾਕੀ ਟੀਮ।*

**ਜਲੰਧਰ, (ਪੰਜਾਬ ਮੇਲ)-** ਨੀਦਰਲੈਂਡ ਅਤੇ ਬੈਲਜੀਅਮ ਵਿਚ 15 ਤੋਂ 30 ਅਗਸਤ ਤੱਕ ਹੋਣ ਵਾਲੇ ਐੱਫ.ਆਈ.ਐੱਚ. ਹਾਕੀ ਵਿਸ਼ਵ ਕੱਪ 2026 ਲਈ ਭਾਰਤੀ ਪੁਰਸ਼ ਹਾਕੀ ਟੀਮ ਵਿਚ ਪੰਜਾਬ ਦੇ ਅੱਠ ਖਿਡਾਰੀਆਂ ਨੇ ਆਪਣੀ ਜਗ੍ਹਾ ਬਣਾਈ ਹੈ।

ਪੰਜਾਬ ਦੇ ਇਨ੍ਹਾਂ ਖਿਡਾਰੀਆਂ ਵਿਚ ਕਪਤਾਨ ਹਰਮਨਪ੍ਰੀਤ ਸਿੰਘ, ਸਾਬਕਾ ਕਪਤਾਨ ਮਨਪ੍ਰੀਤ ਸਿੰਘ, ਹਰਦਿਕ ਸਿੰਘ, ਜਰਮਨਪ੍ਰੀਤ ਸਿੰਘ, ਜੁਗਰਾਜ ਸਿੰਘ, ਸੁਖਜੀਤ ਸਿੰਘ, ਦਿਲਪ੍ਰੀਤ ਸਿੰਘ ਅਤੇ ਮਨਦੀਪ ਸਿੰਘ ਸ਼ਾਮਲ ਹਨ। ਇਨ੍ਹਾਂ ਵਿਚੋਂ ਮਨਪ੍ਰੀਤ, ਹਰਦਿਕ, ਮਨਦੀਪ ਅਤੇ ਸੁਖਜੀਤ ਜਲੰਧਰ ਨਾਲ ਸਬੰਧ ਰੱਖਦੇ ਹਨ, ਜਦੋਂਕਿ ਬਾਕੀਆਂ ਦੇ ਵੀ ਸ਼ਹਿਰ ਨਾਲ ਗੂੜ੍ਹੇ ਸਬੰਧ ਹਨ, ਜਿਨ੍ਹਾਂ ਨੇ ਸਰਜੀਤ ਹਾਕੀ ਸਟੇਡੀਅਮ ਵਿਚ ਆਪਣੀ ਖੇਡ ਨੂੰ ਨਿਖਾਰਿਆ ਹੈ।

ਮਨਪ੍ਰੀਤ, ਜੋ ਹਾਲ ਹੀ ਵਿਚ ਭਾਰਤ ਦੇ ਸਭ ਤੋਂ ਵੱਧ ਮੈਚ ਖੇਡਣ ਵਾਲੇ ਹਾਕੀ ਖਿਡਾਰੀ ਬਣੇ ਹਨ, ਸਭ ਤੋਂ ਤਜ਼ਰਬੇਕਾਰ ਮੈਂਬਰ ਹਨ। ਸਾਬਕਾ ਕਪਤਾਨ ਰਾਸ਼ਟਰੀ ਟੀਮ ਦੇ ਮੁੱਖ ਥੰਮ੍ਹਾਂ ਵਿਚੋਂ ਇੱਕ ਬਣਿਆ ਹੋਇਆ ਹੈ।

ਸੁਖਜੀਤ ਸਿੰਘ ਦਾ ਸਫ਼ਰ ਵੀ ਓਨਾ ਹੀ ਪ੍ਰੇਰਨਾਦਾਇਕ ਹੈ। ਕੁਝ ਸਾਲ ਪਹਿਲਾਂ ਅਧਰੰਗ (ਪਾਰਸ਼ਲ ਪੈਰਾਲਾਈਸਿਸ) ਨਾਲ ਜੂਝਣ ਤੋਂ ਬਾਅਦ, ਉਨ੍ਹਾਂ ਨੇ ਪੈਰਿਸ ਓਲੰਪਿਕ ਵਿਚ ਭਾਰਤ ਦੀ ਪ੍ਰਤੀਨਿਧਤਾ ਕਰਨ ਲਈ ਵਾਪਸੀ ਕੀਤੀ, ਜਿੱਥੇ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ ਸੀ।


ਉਸ ਪ੍ਰਾਪਤੀ 'ਤੇ, ਸੁਖਜੀਤ ਨੇ ਦੱਸਿਆ ਸੀ, "ਜਿਸ ਦਿਨ ਅਸੀਂ ਕਾਂਸੀ ਦਾ ਤਗ਼ਮਾ ਜਿੱਤਿਆ, ਮੈਂ ਪੂਰੀ ਰਾਤ ਜਾਗਦਾ ਰਿਹਾ, ਆਪਣੇ ਜੀਵਨ ਦੇ ਸਫ਼ਰ ਨੂੰ ਯਾਦ ਕਰਦਾ ਰਿਹਾ। ਜ਼ਿੰਦਗੀ ਕਦੇ ਵੀ ਆਸਾਨ ਨਹੀਂ ਰਹੀ; ਮੈਂ ਆਪਣੀ ਸਿਹਤ ਨਾਲ ਸੰਘਰਸ਼ ਕੀਤਾ ਸੀ... ਮੈਂ ਬਹੁਤ ਲੰਮਾ ਪੈਂਡਾ ਤੈਅ ਕੀਤਾ ਸੀ।"

ਚੁਣੇ ਗਏ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੋਵਾੜ ਨੇ ਵਿਸ਼ਵ ਕੱਪ ਵਿਚ ਭਾਰਤ ਦੀਆਂ ਸੰਭਾਵਨਾਵਾਂ ਪ੍ਰਤੀ ਭਰੋਸਾ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮਾਣ ਹੈ ਕਿ ਹਰਮਨਪ੍ਰੀਤ ਸਿੰਘ ਇੱਕ ਵਾਰ ਫਿਰ ਰਾਸ਼ਟਰੀ ਟੀਮ ਦੀ ਕਪਤਾਨੀ ਕਰਨਗੇ, ਜਦੋਂ ਕਿ ਮਨਪ੍ਰੀਤ ਸਿੰਘ ਦਾ ਵਿਸ਼ਾਲ ਤਜ਼ਰਬਾ ਟੀਮ ਲਈ ਅਮੁੱਲ ਹੋਵੇਗਾ।

ਉਨ੍ਹਾਂ ਕਿਹਾ, "ਟੀਮ ਤਜ਼ਰਬੇਕਾਰ ਸੀਨੀਅਰ ਖਿਡਾਰੀਆਂ ਅਤੇ ਪ੍ਰਤਿਭਾਸ਼ਾਲੀ ਨੌਜਵਾਨ ਖਿਡਾਰੀਆਂ ਦਾ ਇੱਕ ਆਦਰਸ਼ ਸੁਮੇਲ ਹੈ। ਸਾਨੂੰ ਪੂਰਾ ਭਰੋਸਾ ਹੈ ਕਿ ਭਾਰਤ ਵਿਚ ਵਿਸ਼ਵ ਕੱਪ ਜਿੱਤਣ ਦੀ ਸਮਰੱਥਾ ਹੈ।"


ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com





# ਟਰੰਪ ਵੱਲੋਂ 2020 ਦੀਆਂ ਚੋਣਾਂ ਨੂੰ ਲੈ ਕੇ ਚੀਨ ’ਤੇ ਗੰਭੀਰ ਦੋਸ਼!



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਾਸ਼ਟਰ ਨੂੰ ਆਪਣੇ ਪ੍ਰਾਈਮ-ਟਾਈਮ ਸੰਬੋਧਨ ਵਿਚ ਇੱਕ ਵਾਰ ਫਿਰ 2020 ਦੀਆਂ ਚੋਣਾਂ ਦੇ ਨਤੀਜਿਆਂ ’ਤੇ ਸ਼ੱਕ ਜਤਾਉਂਦੇ ਹੋਏ ਇਹ ਦਾਅਵਾ ਕੀਤਾ ਕਿ ਦੇਸ਼ ਦੀ ਮੌਜੂਦਾ ਚੋਣ ਪ੍ਰਣਾਲੀ ਗੰਭੀਰ ਰੂਪ ਵਿਚ ਨੁਕਸਦਾਰ ਹੈ। ਉਨ੍ਹਾਂ ਨੇ 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਆਪਣੀ ਹਾਰ ਨੂੰ ਨਕਾਰਨ ਲਈ ਇੱਕ ਮੁੱਦਾ ਦੁਬਾਰਾ ਉਠਾਇਆ ਹੈ। ਟਰੰਪ ਅਕਸਰ 6 ਸਾਲ ਪਹਿਲਾਂ ਡੈਮੋਕ੍ਰੇਟਿਕ ਨੇਤਾ ਜੋਅ ਬਾਇਡਨ ਤੋਂ ਆਪਣੀ ਚੋਣ ਹਾਰ ਅਤੇ ਹੋਰ ਮੁੱਦਿਆਂ ’ਤੇ ਬੋਲਦੇ ਸਮੇਂ ਵੀ ਨਤੀਜਿਆਂ ਨੂੰ ਰੱਦ ਕਰਨ ਦਾ ਜ਼ਿਕਰ ਕਰਦੇ ਹਨ।

ਰਾਸ਼ਟਰਪਤੀ ਦੇ ਪ੍ਰਾਈਮ-ਟਾਈਮ ਸੰਬੋਧਨ ਵਿਚ ਅਜਿਹੇ ਬਹੁਤ ਜ਼ਿਆਦਾ ਰਾਜਨੀਤਿਕ ਅਤੇ ਸਾਜ਼ਿਸ਼ੀ ਵਿਸ਼ਿਆਂ ’ਤੇ ਧਿਆਨ ਕੇਂਦਰਿਤ ਕਰਨਾ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਸਥਾਪਿਤ ਰਾਜਨੀਤਿਕ ਸੰਮੇਲਨਾਂ ਦੀ ਅਣਦੇਖੀ ਅਤੇ ਪੁਰਾਣੀਆਂ ਸ਼ਿਕਾਇਤਾਂ ਅਤੇ ਵਿਵਾਦਾਂ ਨੂੰ ਉਠਾਉਣ ’ਤੇ ਉਨ੍ਹਾਂ ਦਾ ਨਿਰੰਤਰ ਧਿਆਨ ਦਰਸਾਉਂਦਾ ਹੈ। ਟਰੰਪ ਨੇ ਵੀਰਵਾਰ ਰਾਤ ਨੂੰ 2020 ਅਤੇ 2018 ਦੀਆਂ ਚੋਣਾਂ ਨਾਲ ਸਬੰਧਤ ਪਹਿਲਾਂ ਤੋਂ ਵਰਗੀਕ੍ਰਿਤ ਦਸਤਾਵੇਜ਼ ਜਾਰੀ ਕਰਨੇ ਸ਼ੁਰੂ ਕਰ ਦਿੱਤੇ। ਹਾਲਾਂਕਿ, ਉਨ੍ਹਾਂ ਨੇ 2016 ਅਤੇ 2024 ਵਿਚ ਆਪਣੀਆਂ ਚੋਣ ਜਿੱਤਾਂ ’ਤੇ ਸਵਾਲ ਨਹੀਂ ਉਠਾਇਆ।

ਟਰੰਪ ਦੇ ਸੰਬੋਧਨ ਦੌਰਾਨ ਵ੍ਹਾਈਟ ਹਾਊਸ, ਜੋ ਕਿ ਅਮਰੀਕੀ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਅਤੇ ਦਫ਼ਤਰ ਹੈ, ਨੇ ਇੱਕ ਵੈੱਬਸਾਈਟ ਵੀ ਜਾਰੀ ਕੀਤੀ, ਜਿਸਨੇ ਜਾਂਚ ਦਸਤਾਵੇਜ਼, ਖੁਫੀਆ ਵਿਸ਼ਲੇਸ਼ਣ ਅਤੇ ਪੱਤਰ ਵਿਹਾਰ ਉਪਲਬਧ ਕਰਵਾਇਆ। ਟਰੰਪ ਨੇ ਚੀਨ ਦਾ ਜ਼ਿਕਰ ਪ੍ਰਮੁੱਖਤਾ ਨਾਲ ਕੀਤਾ ਪਰ ਰੂਸ ਦਾ ਜ਼ਿਕਰ ਨਹੀਂ ਕੀਤਾ, ਹਾਲਾਂਕਿ ਅਮਰੀਕੀ ਖੁਫੀਆ ਏਜੰਸੀਆਂ ਪਹਿਲਾਂ ਰੂਸ ’ਤੇ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾ ਚੁੱਕੀਆਂ ਹਨ। ਕੁਝ ਪ੍ਰਮੁੱਖ ਅਮਰੀਕੀ ਟੀਵੀ ਨੈੱਟਵਰਕਾਂ, ਜਿਵੇਂ ਏ.ਬੀ.ਸੀ., ਐੱਨ.ਬੀ.ਸੀ., ਅਤੇ ਸੀ.ਐੱਨ.ਐੱਨ. ਨੇ ਟਰੰਪ ਦੇ ਸੰਬੋਧਨ ਦਾ ਸਿੱਧਾ ਪ੍ਰਸਾਰਣ ਨਹੀਂ ਕੀਤਾ ਅਤੇ ਇਸਨੂੰ ਸਿਰਫ਼ ਆਪਣੇ ਸਟ੍ਰੀਮਿੰਗ ਪਲੇਟਫਾਰਮਾਂ ’ਤੇ ਉਪਲਬਧ ਕਰਵਾਇਆ।

ਭਾਸ਼ਣ ਖਤਮ ਹੋਣ ਤੋਂ ਪਹਿਲਾਂ ਸੀ.ਬੀ.ਐੱਸ. ਅਤੇ ਐੱਮ.ਐੱਸ.ਐੱਨ.ਓ. ਨੇ ਪ੍ਰਸਾਰਣ ਵਿਚ ਵਿਘਨ ਪਾਇਆ, ਜਦੋਂ ਕਿ ਫੌਕਸ ਨਿਊਜ਼ ਨੇ ਪੂਰਾ ਭਾਸ਼ਣ ਪ੍ਰਸਾਰਿਤ ਕੀਤਾ। ਟਰੰਪ ਨੇ ਮੀਡੀਆ ’ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ’ਤੇ “ਇੱਕ ਸਾਜ਼ਿਸ਼ ਦਾ ਹਿੱਸਾ” ਹੋਣ ਦਾ ਦੋਸ਼ ਲਗਾਇਆ। ਡੈਮੋਕ੍ਰੇਟਿਕ ਨੇਤਾਵਾਂ ਨੇ ਦੋਸ਼ ਲਗਾਇਆ ਕਿ ਟਰੰਪ 2026 ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਬੇਬੁਨਿਆਦ ਚੋਣ ਦਾਅਵਿਆਂ ਨੂੰ ਮੁੜ ਸੁਰਜੀਤ ਕਰਕੇ ਚੋਣ ਪ੍ਰਕਿਰਿਆ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਵਰਜੀਨੀਆ ਦੇ ਸੈਨੇਟਰ ਮਾਰਕ ਵਾਰਨਰ ਅਤੇ ਨਿਊ ਜਰਸੀ ਦੇ ਸੈਨੇਟਰ ਐਂਡੀ ਕਿਮ ਨੇ ਕਿਹਾ ਕਿ ਅਮਰੀਕੀ ਵੋਟਰ ਗੁੰਮਰਾਹਕੁੰਨ ਦਾਅਵਿਆਂ ਤੋਂ ਅੱਗੇ ਵਧ ਗਏ ਹਨ ਅਤੇ ਆਉਣ ਵਾਲੀਆਂ ਚੋਣਾਂ ਵਿਚ ਲੋਕਤੰਤਰੀ ਢੰਗ ਨਾਲ ਆਪਣੀ ਵੋਟ ਪਾਉਣਗੇ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਸਟਾਫ਼ ਦੀ ਭਾਰੀ ਕਿੱਲਤ ਨਾਲ ਜੂਝ ਰਿਹੈ ਅਮਰੀਕਾ ਦਾ ਹੈਲਥਕੇਅਰ ਸਿਸਟਮ

**ਵਾਸ਼ਿੰਗਟਨ, (ਪੰਜਾਬ ਮੇਲ)-** ਦੁਨੀਆਂ ਦੀ ਸੁਪਰਪਾਵਰ ਵਜੋਂ ਜਾਣੇ ਜਾਂਦੇ ਅਮਰੀਕਾ ਦਾ ਹੈਲਥਕੇਅਰ ਸਿਸਟਮ ਇਸ ਸਮੇਂ ਸਟਾਫ਼ ਦੀ ਭਾਰੀ ਕਿੱਲਤ ਨਾਲ ਜੂਝ ਰਿਹਾ ਹੈ। ਅਮਰੀਕੀ ‘ਬਿਊਰੋ ਆਫ਼ ਲੇਬਰ ਸਟੈਟਿਸਟਿਕਸ’ ਦੇ ਤਾਜ਼ਾ ਅੰਕੜਿਆਂ ਮੁਤਾਬਕ, ਦੇਸ਼ ਦੀ ਬਜ਼ੁਰਗ ਹੁੰਦੀ ਆਬਾਦੀ ਅਤੇ ਵੱਡੀ ਗਿਣਤੀ ’ਚ ਮੌਜੂਦਾ ਨਰਸਾਂ ਦੇ ਰਿਟਾਇਰ ਹੋਣ ਕਾਰਨ ਅਗਲੇ 10 ਸਾਲਾਂ ਦੌਰਾਨ ਉੱਥੇ ਹਰ ਸਾਲ ਲਗਭਗ 1,89,100 ਰਜਿਸਟਰਡ ਨਰਸਾਂ ਦੀ ਲੋੜ ਪਵੇਗੀ। ਇਸ ਸੰਕਟ ਨਾਲ ਨਜਿੱਠਣ ਲਈ ਅਮਰੀਕੀ ਹਸਪਤਾਲ ਹੁਣ ਵੱਡੇ ਪੱਧਰ ’ਤੇ ਭਾਰਤ, ਖ਼ਾਸ ਕਰਕੇ ਕੇਰਲ ਸੂਬੇ ਵੱਲ ਦੇਖ ਰਹੇ ਹਨ।

ਰਿਪੋਰਟਾਂ ਮੁਤਾਬਕ, ਅਮਰੀਕਾ ’ਚ ਵਿਦੇਸ਼ੀ ਨਰਸਾਂ ਦੇ ਮਾਮਲੇ ’ਚ ਫਿਲੀਪੀਨਜ਼ ਤੋਂ ਬਾਅਦ ਭਾਰਤ ਦੂਜਾ ਸਭ ਤੋਂ ਵੱਡਾ ਦੇਸ਼ ਬਣ ਚੁੱਕਾ ਹੈ ਅਤੇ ਮੌਜੂਦਾ ਸਮੇਂ ਉੱਥੇ 32,000 ਤੋਂ ਵੱਧ ਭਾਰਤੀ ਨਰਸਾਂ ਸੇਵਾਵਾਂ ਦੇ ਰਹੀਆਂ ਹਨ। ਭਾਰਤੀ ਨਰਸਿੰਗ ਕੌਂਸਲ ਦਾ ਪੜ੍ਹਾਈ ਦਾ ਪੱਧਰ ਅਤੇ ਸਿਲੇਬਸ ਅਮਰੀਕੀ ਨਿਯਮਾਂ ਦੇ ਬਹੁਤ ਅਨੁਕੂਲ ਹੈ, ਜਿਸ ਕਾਰਨ ਭਾਰਤੀ ਡਿਗਰੀਆਂ ਦੀ ਜਾਂਚ ਪ੍ਰਕਿਰਿਆ ਬਹੁਤ ਆਸਾਨ ਹੋ ਜਾਂਦੀ ਹੈ।

**■ ਵਧਦੀ ਜਾ ਰਹੀ ਭਾਰਤੀ ਨਰਸਾਂ ਦੀ ਡਿਮਾਂਡ! ਹਰ ਸਾਲ 1.89 ਲੱਖ ਸੀਟਾਂ ਹੋਣਗੀਆਂ ਖਾਲੀ**

ਹਾਲਾਂਕਿ, ਅਮਰੀਕੀ ਗ੍ਰੀਨ ਕਾਰਡ ਦੇ ਭਾਰੀ ਬੈਕਲਾਗ ਕਾਰਨ ਕਿਸੇ ਭਾਰਤੀ ਨਰਸ ਨੂੰ ਅਮਰੀਕਾ ਦਾ ਵੀਜ਼ਾ ਮਿਲਣ ਵਿਚ 10 ਸਾਲ ਤੋਂ ਵੀ ਵੱਧ ਦਾ ਸਮਾਂ ਲੱਗ ਰਿਹਾ ਹੈ। ਪਰ ਇਸ ਲੰਬੇ ਇੰਤਜ਼ਾਰ ਦੇ ਬਾਵਜੂਦ ਭਾਰਤੀ ਨਰਸਾਂ ’ਚ ਅਮਰੀਕਾ ਜਾਣ ਦਾ ਕ੍ਰੇਜ਼ ਘੱਟ ਨਹੀਂ ਹੋਇਆ। ਇਸ ਦੇ ਲਈ ਉਨ੍ਹਾਂ ਨੇ ਇੱਕ ‘ਸਮਾਰਟ’ ਰਣਨੀਤੀ ਅਪਣਾਈ ਹੈ। ਨਰਸਾਂ ਭਾਰਤ ਵਿਚ ਰਹਿ ਕੇ ਹੀ ਅਮਰੀਕਾ ਦੀ NCLEX ਪ੍ਰੀਖਿਆ ਪਾਸ ਕਰਦੀਆਂ ਹਨ ਅਤੇ ਅਮਰੀਕੀ ਹਸਪਤਾਲਾਂ ਤੋਂ ਜੌਬ ਆਫਰ ਲੈ ਕੇ ਵੀਜ਼ਾ ਲਾਈਨ ਵਿਚ ਆਪਣੀ ਜਗ੍ਹਾ ਪੱਕੀ ਕਰ ਲੈਂਦੀਆਂ ਹਨ। ਜਦੋਂ ਤੱਕ ਉਨ੍ਹਾਂ ਦਾ ਅਮਰੀਕੀ ਵੀਜ਼ਾ ਪ੍ਰੋਸੈਸ ਹੁੰਦਾ ਹੈ, ਉਦੋਂ ਤੱਕ ਉਹ ਐਕਸਪੀਰੀਅੰਸ ਅਤੇ ਚੰਗੀ ਕਮਾਈ ਕਰਨ ਲਈ ਯੂ.ਏ.ਈ. (ਦੁਬਈ), ਸਾਊਦੀ ਅਰਬ, ਬ੍ਰਿਟੇਨ ਜਾਂ ਜਰਮਨੀ ਵਰਗੇ ਦੇਸ਼ਾਂ ਵਿਚ ਜਾ ਕੇ ਕੰਮ ਕਰਦੀਆਂ ਹਨ। ਇਸ ਮਾਮਲੇ ’ਚ ਕੇਰਲ ’ਚ ਪੀੜ੍ਹੀਆਂ ਤੋਂ ਚੱਲ ਰਹੇ ਮਿਸ਼ਨਰੀ ਕਾਲਜਾਂ, ਪੜ੍ਹਾਈ ਦਾ ਇੰਗਲਿਸ਼ ਮੀਡੀਅਮ ਅਤੇ ਵਿਦੇਸ਼ ਜਾਣ ਦੀ ਪ੍ਰੰਪਰਾ ਨੇ ਉੱਥੋਂ ਦੀਆਂ ਨਰਸਾਂ ਨੂੰ ਦੁਨੀਆਂ ਭਰ ਵਿਚ ਮਸ਼ਹੂਰ ਬਣਾ ਦਿੱਤਾ ਹੈ। ਅਮਰੀਕੀ ਹਸਪਤਾਲ ਭਾਰਤੀ ਨਰਸਾਂ ਦੀ ਮਿਹਨਤ, ਅੰਗਰੇਜ਼ੀ ’ਤੇ ਚੰਗੀ ਪਕੜ ਅਤੇ ਹਾਈ ਪ੍ਰੋਫੈਸ਼ਨਲਿਜ਼ਮ ਕਾਰਨ ਉਨ੍ਹਾਂ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੇ ਹਨ।

# ਟਰੰਪ ਪ੍ਰਸ਼ਾਸਨ ਵੱਲੋਂ ਡਿਪੋਰਟੇਸ਼ਨ ਦੀ ਵੱਡੀ ਮੁਹਿੰਮ ਵਿੱਢਣ ਦੀ ਤਿਆਰੀ!

**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡਿਪੋਰਟੇਸ਼ਨ ਦੀ ਵੱਡੀ ਮੁਹਿੰਮ ਵਿੱਢਣ ਦੀ ਤਿਆਰੀ ਕਰ ਲਈ ਹੈ। ਅਮਰੀਕਾ ’ਚ ਬਿਨਾਂ ਦਸਤਾਵੇਜ਼ਾਂ ਵਾਲੇ 18 ਹਜ਼ਾਰ ਭਾਰਤੀ ਨਿਸ਼ਾਨੇ ’ਤੇ ਆ ਗਏ ਹਨ। ਇਸ ਵਾਰ ਵੀ ਟਰੰਪ ਪ੍ਰਸ਼ਾਸਨ ਡਿਪੋਰਟੇਸ਼ਨ ਲਈ ਫ਼ੌਜੀ ਜਹਾਜ਼ਾਂ ਦੀ ਵਰਤੋਂ ਕਰਨ ਦੀ ਤਿਆਰੀ ਵਿਚ ਹੈ, ਜੋ ਉਨ੍ਹਾਂ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦੀ ਸਭ ਤੋਂ ਮਸ਼ਹੂਰ ਤਸਵੀਰ ਬਣ ਚੁੱਕੀ ਹੈ। ਬਿਨਾਂ ਦਸਤਾਵੇਜ਼ਾਂ ਵਾਲੇ ਭਾਰਤੀਆਂ ਨੂੰ ਨਾ ਅਪੀਲ, ਨਾ ਦਲੀਲ ਅਤੇ ਨਾ ਹੀ ਵਕੀਲ ਕਰਨ ਦਾ ਮੌਕਾ ਮਿਲੇਗਾ। ਟਰੰਪ ਦੀ ਆਈ.ਸੀ.ਈ. (ਇਮੀਗ੍ਰੇਸ਼ਨ ਕਸਟਮਜ਼ ਐਂਡ ਇਨਫੋਰਸਮੈਂਟ) ਦੀਆਂ ਟੀਮਾਂ ਲਗਾਤਾਰ ਛਾਪੇਮਾਰੀ ਕਰ ਰਹੀਆਂ ਹਨ। ਟਰੰਪ ਪ੍ਰਸ਼ਾਸਨ ਨੇ ਡਿਪੋਰਟ ਕੀਤੇ ਜਾਣ ਵਾਲੇ ਪ੍ਰਵਾਸੀਆਂ ਨੂੰ ਰੱਖਣ ਲਈ ਐੱਲ ਪਾਸੋ ਵਿਚ ਇਕ ਅਤੇ ਕੈਲੀਫੋਰਨੀਆ ’ਚ ਦੋ ਵੇਅਰਹਾਊਸ ਖਰੀਦੇ ਹਨ। ਇਨ੍ਹਾਂ ’ਤੇ ਕਰੀਬ 16,500 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਨ੍ਹਾਂ ਨੂੰ ਡਿਟੈਂਸ਼ਨ ਸੈਂਟਰਾਂ ਵਿਚ ਬਦਲ ਕੇ ਆਈ.ਸੀ.ਈ. ਦੇ ਹਵਾਲੇ ਕਰ ਦਿੱਤਾ ਗਿਆ ਹੈ। ਇੱਥੇ ਕਰੀਬ 12 ਹਜ਼ਾਰ ਪ੍ਰਵਾਸੀਆਂ ਨੂੰ ਰੱਖਿਆ ਜਾ ਰਿਹਾ ਹੈ। 2025 ’ਚ ਅਮਰੀਕਾ ਨੇ 3,567 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਸੀ। ਇਹ ਜਾਣਕਾਰੀ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਜੂਨ 2026 ਵਿਚ ਦਿੱਤੀ ਸੀ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ 2026 ਵਿਚ ਜੂਨ ਤੱਕ 1,076 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਹੈ।



# ਐੱਫ.ਬੀ.ਆਈ. ਵੱਲੋਂ ਇਕ ਹੋਰ ਪੰਜਾਬੀ ਨੌਜਵਾਨ ਵਾਂਟੇਡ ਲਿਸਟ 'ਚ ਸ਼ਾਮਲ



**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ. ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਕੈਨੇਡਾ ਦੇ ਰਵਿੰਦਰ ਢਾਂਡਾ ਗਿਰੋਹ ਲਈ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਕਥਿਤ ਸ਼ਮੂਲੀਅਤ ਲਈ ਪੰਜਾਬੀ ਨੌਜਵਾਨ ਹਰਮਨਵੀਰ ਸਿੰਘ ਦੀ ਭਾਲ ਕਰ ਰਿਹਾ ਹੈ। ਐੱਫ.ਬੀ.ਆਈ. ਦੀ ਇਹ ਕਾਰਵਾਈ "ਆਪ੍ਰੇਸ਼ਨ ਹਾਰਡਬਾਲ" ਦਾ ਹਿੱਸਾ ਹੈ, ਜੋ ਕਿ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਅਤੇ ਰਵਿੰਦਰ ਢਾਂਡਾ ਦੁਆਰਾ ਚਲਾਏ ਜਾ ਰਹੇ ਸੰਗਠਿਤ ਅਪਰਾਧ ਸਿੰਡੀਕੇਟਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਇੱਕ ਤਾਲਮੇਲ ਵਾਲੀ ਅੰਤਰਰਾਸ਼ਟਰੀ ਕਾਰਵਾਈ ਹੈ।

ਐੱਫ.ਬੀ.ਆਈ. ਨੇ ਇੱਕ ਬਿਆਨ ਵਿਚ ਕਿਹਾ, "ਹਰਮਨਵੀਰ ਸਿੰਘ ਇੱਕ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਿੰਡੀਕੇਟ ਵਿਚ ਸ਼ਾਮਲ ਹੋਣ ਲਈ ਲੋੜੀਂਦਾ ਹੈ। ਉਸ 'ਤੇ ਵਿਦੇਸ਼ਾਂ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ, ਸਟੋਰ ਅਤੇ ਟਰਾਂਸਪੋਰਟ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ।" ਐੱਫ.ਬੀ.ਆਈ. ਅਨੁਸਾਰ ਰਵਿੰਦਰ ਢਾਂਡਾ ਕੈਨੇਡਾ ਦੇ ਵੈਨਕੂਵਰ ਤੋਂ ਇੱਕ ਸੰਗਠਿਤ ਅਪਰਾਧ ਸਿੰਡੀਕੇਟ ਚਲਾਉਂਦਾ ਹੈ, ਜੋ ਕਥਿਤ ਤੌਰ 'ਤੇ ਸੰਯੁਕਤ ਰਾਜ, ਕੈਨੇਡਾ ਅਤੇ ਮੈਕਸੀਕੋ ਵਿਚ ਕੰਮ ਕਰਨ ਵਾਲੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਿੰਡੀਕੇਟਾਂ ਲਈ ਵੱਡੀ ਮਾਤਰਾ ਵਿਚ ਕੋਕੀਨ ਅਤੇ ਮੈਥਾਮਫੇਟਾਮਾਈਨ ਦੀ ਤਸਕਰੀ ਕਰਦਾ ਹੈ।

ਲਾਸ ਏਂਜਲਸ ਦੀ ਇੱਕ ਸੰਘੀ ਅਦਾਲਤ ਵਿਚ ਹਰਮਨਵੀਰ ਸਿੰਘ 'ਤੇ ਵਿਦੇਸ਼ਾਂ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ, ਸਟੋਰ ਅਤੇ ਟਰਾਂਸਪੋਰਟ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਗਾਏ ਜਾਣ ਤੋਂ ਬਾਅਦ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ। ਇਸ ਮਹੀਨੇ ਦੇ ਸ਼ੁਰੂ ਵਿਚ ਸੰਯੁਕਤ ਰਾਜ, ਕੈਨੇਡਾ ਅਤੇ ਯੂਰਪ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਭਾਰਤ ਨਾਲ ਜੁੜੇ ਤਿੰਨ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਿੰਡੀਕੇਟ ਦੇ 24 ਸ਼ੱਕੀ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਸੀ।

## ਭਾਰਤੀ ਮੂਲ ਦੇ ਵਿਅਕਤੀ 'ਤੇ ਨਸਲੀ ਹਮਲਾ; ਹਾਲਤ ਗੰਭੀਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਵੈਸਟ ਵੈਲੀ ਸਿਟੀ, ਯੂਟਾਹ ਵਿਚ ਇੱਕ ਨਸਲੀ ਨਫ਼ਰਤ ਭਰੇ ਅਪਰਾਧ 'ਚ ਹੈਦਰਾਬਾਦ ਦੇ ਇੱਕ ਵਿਅਕਤੀ ਨੂੰ ਇੱਕ ਸ਼ਾਪਿੰਗ ਮਾਲ ਵਿਚ ਕਈ ਵਾਰ ਚਾਕੂ ਮਾਰ ਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਹਮਲਾਵਰ ਨੇ ਕਥਿਤ ਤੌਰ 'ਤੇ ਉਸ ਦੇ ਧਰਮ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ। ਪੀੜਤ ਦੀ ਪਛਾਣ ਭਾਰਤੀ ਮੂਲ ਦੇ 37 ਸਾਲਾ ਸਈਦ ਸੋਹੈਲੁਦੀਨ ਵਜੋਂ ਹੋਈ ਹੈ ਹਮਲਾਵਰ ਨੇ ਸੋਹੈਲੁਦੀਨ ਨੂੰ 15 ਤੋਂ ਵੱਧ ਵਾਰ ਚਾਕੂ ਮਾਰਨ ਤੋਂ ਪਹਿਲਾਂ ਪੁੱਛਿਆ ਕਿ ਕੀ ਉਹ ਮੁਸਲਮਾਨ ਹੈ। ਸੋਹੈਲੁਦੀਨ ਸ਼ਾਪਿੰਗ ਮਾਲ ਵਿਚ ਇੱਕ ਦੁਕਾਨ ਚਲਾਉਂਦਾ ਹੈ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਰਾਹਗੀਰਾਂ ਨੇ ਹਮਲਾਵਰ ਨੂੰ ਕਾਬੂ ਕਰ ਲਿਆ, ਜਿਸ ਦੀ ਪਛਾਣ ਪੀਟਰ ਮਾਈਕਲ ਲਾਰਸਨ ਵਜੋਂ ਹੋਈ ਹੈ। ਭਾਰਤ ਦੇ ਹੈਦਰਾਬਾਦ ਵਿਚ ਰਹਿੰਦੇ ਸੋਹੈਲੁਦੀਨ ਦੇ ਪਰਿਵਾਰ ਨੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਮਾਮਲਾ ਅਮਰੀਕੀ ਅਧਿਕਾਰੀਆਂ ਕੋਲ ਉਠਾਉਣ ਅਤੇ ਅਮਰੀਕਾ ਦੀ ਯਾਤਰਾ ਲਈ ਨਜ਼ਦੀਕੀ ਪਰਿਵਾਰਕ ਮੈਂਬਰਾਂ ਨੂੰ ਵੀਜ਼ੇ ਦੀ ਸਹੂਲਤ ਦੇਣ।



# 'ਧੂੰਏਂ' ਕਾਰਨ ਮੋਟਾ ਟੈਰਿਫ਼ ਲਾਏਗਾ ਅਮਰੀਕਾ ! ਟਰੰਪ ਨੇ ਕੈਨੇਡਾ ਨੂੰ ਦੇ'ਤੀ ਧਮਕੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੁਆਂਢੀ ਦੇਸ਼ ਕੈਨੇਡਾ ਨੂੰ ਇੱਕ ਬੇਹੱਦ ਸਖ਼ਤ ਧਮਕੀ ਦਿੱਤੀ ਹੈ। ਰਿਪੋਰਟਾਂ ਮੁਤਾਬਕ, ਰਾਸ਼ਟਰਪਤੀ ਟਰੰਪ ਨੇ ਐਲਾਨ ਕੀਤਾ ਹੈ ਕਿ ਜੇ ਕੈਨੇਡਾ ਨੇ ਆਪਣੇ ਜੰਗਲਾਂ 'ਚ ਲੱਗਣ ਵਾਲੀ ਅੱਗ ਦੇ ਕਾਰਨ ਅਮਰੀਕਾ ਵੱਲ ਆ ਰਹੇ ਧੂੰਏਂ 'ਤੇ ਕਾਬੂ ਨਾ ਪਾਇਆ, ਤਾਂ ਅਮਰੀਕਾ ਕੈਨੇਡੀਅਨ ਵਸਤੂਆਂ 'ਤੇ ਭਾਰੀ ਟੈਰਿਫ ਲਗਾ ਦੇਵੇਗਾ।

ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਕੈਨੇਡਾ ਦੇ ਜੰਗਲਾਂ ਦੀ ਅੱਗ ਦਾ ਧੂੰਆਂ ਸਰਹੱਦ ਪਾਰ ਕਰ ਕੇ ਅਮਰੀਕਾ ਦੇ ਕਈ ਸੂਬਿਆਂ 'ਚ ਹਵਾ ਪ੍ਰਦੂਸ਼ਣ ਨੂੰ ਖ਼ਤਰਨਾਕ ਪੱਧਰ ਤੱਕ ਪਹੁੰਚਾ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਕੈਨੇਡਾ ਸਰਕਾਰ ਆਪਣੇ ਜੰਗਲਾਂ ਦਾ ਪ੍ਰਬੰਧਨ ਸਹੀ ਤਰੀਕੇ ਨਾਲ ਕਰਨ 'ਚ ਨਾਕਾਮ ਰਹੀ ਹੈ, ਜਿਸ ਦਾ ਖ਼ਾਮਿਆਜ਼ਾ ਅਮਰੀਕੀ ਨਾਗਰਿਕਾਂ ਅਤੇ ਉਦਯੋਗਾਂ ਨੂੰ ਭੁਗਤਣਾ ਪੈ ਰਿਹਾ ਹੈ। ਟਰੰਪ ਮੁਤਾਬਕ, ਇਹ ਟੈਰਿਫ ਧੂੰਏਂ ਕਾਰਨ ਹੋਏ ਅਮਰੀਕਾ ਦੇ ਨੁਕਸਾਨ ਦੀ ਭਰਪਾਈ ਲਈ ਖ਼ਰਚਿਆ ਜਾਵੇਗਾ।

ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਟਰੰਪ ਪ੍ਰਸ਼ਾਸਨ ਇਸ ਧਮਕੀ ਨੂੰ ਸੱਚ ਕਰ ਦਿਖਾਉਂਦਾ ਹੈ, ਤਾਂ ਦੋਵਾਂ ਦੇਸ਼ਾਂ ਦੇ ਵਪਾਰਕ ਸਬੰਧਾਂ ਵਿਚ ਵੱਡੀ ਤਲਖ਼ੀ ਆ ਸਕਦੀ ਹੈ। ਕੈਨੇਡਾ ਦੀ ਆਰਥਿਕਤਾ ਦਾ ਇੱਕ ਵੱਡਾ ਹਿੱਸਾ ਅਮਰੀਕਾ ਨੂੰ ਹੋਣ ਵਾਲੀ ਬਰਾਮਦ 'ਤੇ ਟਿਕਿਆ ਹੋਇਆ ਹੈ। ਟੈਰਿਫ ਲੱਗਣ ਨਾਲ ਕੈਨੇਡੀਅਨ ਉਤਪਾਦ ਅਮਰੀਕੀ ਬਾਜ਼ਾਰ ਵਿਚ ਮਹਿੰਗੇ ਹੋ ਜਾਣਗੇ, ਜਿਸ ਨਾਲ ਕੈਨੇਡਾ ਦੇ ਵਪਾਰੀਆਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਸਕਦਾ ਹੈ। ਹਾਲਾਂਕਿ ਕੈਨੇਡਾ ਸਰਕਾਰ ਵੱਲੋਂ ਟਰੰਪ ਵੱਲੋਂ ਦਿੱਤੀ ਗਈ ਇਸ ਧਮਕੀ 'ਤੇ ਅਜੇ ਕੋਈ ਅਧਿਕਾਰਤ ਬਿਆਨ ਸਾਹਮਣੇ ਨਹੀਂ ਆਇਆ ਹੈ, ਪਰ ਵਾਤਾਵਰਣ ਦੇ ਮੁੱਦੇ ਨੂੰ ਲੈ ਕੇ ਟੈਰਿਫ ਲਗਾਉਣ ਦੀ ਇਸ ਚਿਤਾਵਨੀ ਨੇ ਦੋਵਾਂ ਦੇਸ਼ਾਂ ਦੇ ਸਿਆਸੀ ਗਲਿਆਰਿਆਂ 'ਚ ਹਲਚਲ ਤੇਜ਼ ਕਰ ਦਿੱਤੀ ਹੈ।

# ਓਨਟਾਰੀਓ ਦੇ ਮੰਤਰੀ ਵੱਲੋਂ ਬੇਲੋੜੇ ਹੋਟਲ ਖਰਚਿਆਂ ਦੇ ਦੋਸ਼ ਲੱਗਣ 'ਤੇ ਅਸਤੀਫ਼ਾ



**ਵੈਨਕੂਵਰ, (ਪੰਜਾਬ ਮੇਲ)-** ਓਨਟਾਰੀਓ ਦੇ ਕੁਝ ਮੰਤਰੀਆਂ ਦੀ ਰਿਹਾਇਸ਼ ਵਿਧਾਨ ਸਭਾ (ਸਕੱਤਰੇਤ) ਤੋਂ ਬਹੁਤੀ ਦੂਰ ਨਾ ਹੋਣ ਦੇ ਬਾਵਜੂਦ, ਉਨ੍ਹਾਂ ਵੱਲੋਂ ਸਰਕਾਰ ਤੋਂ ਹੋਟਲਾਂ ਦੇ ਖ਼ਰਚੇ ਲੈਣ ਦੇ ਦੋਸ਼ ਲੱਗੇ ਹਨ। ਇਨ੍ਹਾਂ ਦੋਸ਼ਾਂ ਤੋਂ ਬਾਅਦ ਸੈਰ-ਸਪਾਟਾ ਤੇ ਸੱਭਿਆਚਾਰਕ ਮੰਤਰੀ ਸਟੈਨ ਚੋਅ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸਟੈਨ ਚੋਅ ਨੇ ਇਸ ਖ਼ਰਚੇ ਵਜੋਂ ਸਰਕਾਰ ਤੋਂ 16 ਹਜ਼ਾਰ ਡਾਲਰ ਵਸੂਲੇ ਸਨ। ਦੂਜੇ ਪਾਸੇ, ਵਿਰੋਧੀ ਧਿਰ ਦੇ ਆਗੂ ਜੌਹਨ ਫਰੇਜ਼ਰ ਨੇ ਮੰਗ ਕੀਤੀ ਹੈ ਕਿ ਮੰਤਰੀਆਂ ਵੱਲੋਂ ਲਏ ਗਏ ਸਾਰੇ ਪੈਸੇ ਵਾਪਸ ਕਰਵਾਏ ਜਾਣ ਅਤੇ ਨਿਯਮਾਂ ਦੀ ਉਲੰਘਣਾ ਕਰਨ ਬਦਲੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਇਸੇ ਦੌਰਾਨ ਇਹ ਵੀ ਪਤਾ ਲੱਗਿਆ ਹੈ ਕਿ ਔਰਤਾਂ ਦੇ ਹੱਕਾਂ ਬਾਰੇ ਮੰਤਰੀ ਚਾਰਮੈਨ ਵਿਲੀਅਮ ਨੇ 15,865 ਡਾਲਰ, ਟਰਾਂਸਪੋਰਟ ਮੰਤਰੀ ਸਰਕਾਰੀਆ ਨਾਲ ਲੱਗੇ ਪਾਰਲੀਮਾਨੀ ਸਕੱਤਰ ਹਰਦੀਪ ਸਿੰਘ ਗਰੇਵਾਲ ਨੇ 27,275 ਡਾਲਰ ਅਤੇ ਵਪਾਰਕ ਮੰਤਰੀ ਨੀਨਾ ਤਾਂਗੜੀ ਨੇ 18,976 ਡਾਲਰ ਸਰਕਾਰੀ ਖ਼ਜ਼ਾਨੇ ਵਿਚੋਂ ਵਸੂਲੇ ਹਨ। ਅਸਤੀਫ਼ਾ ਦੇਣ ਤੋਂ ਬਾਅਦ ਮੰਤਰੀ ਸਟੈਨ ਚੋਅ ਨੇ ਕਿਹਾ ਕਿ ਉਨ੍ਹਾਂ ਕੋਲੋਂ ਅਣਜਾਣੇ ਵਿਚ ਹੋਈ ਇਸ ਗ਼ਲਤੀ ਦਾ ਉਨ੍ਹਾਂ ਨੂੰ ਬਹੁਤ ਅਫ਼ਸੋਸ ਹੈ ਅਤੇ ਉਹ ਇੱਕ-ਇੱਕ ਪੈਸਾ ਵਾਪਸ ਕਰਨਗੇ। ਉਨ੍ਹਾਂ ਕਿਹਾ ਕਿ ਉਹ ਟੈਕਸ ਦਾਤਿਆਂ ਦੇ ਪੈਸੇ ਦਾ ਬੋਝ ਆਪਣੇ ਮਨ 'ਤੇ ਨਹੀਂ ਰੱਖਣਾ ਚਾਹੁੰਦੇ। ਪਰ ਹੈਰਾਨੀ ਦੀ ਗੱਲ ਹੈ ਕਿ ਬਾਕੀ ਮੰਤਰੀਆਂ ਨੇ ਇਸ ਮੁੱਦੇ 'ਤੇ ਅਜੇ ਤੱਕ ਪੂਰੀ ਚੁੱਪ ਵੱਟੀ ਹੋਈ ਹੈ। ਦੱਸਣਯੋਗ ਹੈ ਕਿ ਇਨ੍ਹਾਂ ਸਾਰੇ ਮੰਤਰੀਆਂ ਅਤੇ ਆਗੂਆਂ ਦੀ ਰਿਹਾਇਸ਼ ਕੁਈਨ ਪਾਰਕ (ਵਿਧਾਨ ਸਭਾ) ਤੋਂ ਸਿਰਫ਼ 30 ਤੋਂ 35 ਕਿਲੋਮੀਟਰ ਦੀ ਦੂਰੀ 'ਤੇ ਹੈ, ਜਿੱਥੋਂ ਰੋਜ਼ਾਨਾ ਆਉਣਾ-ਜਾਣਾ ਬੇਹੱਦ ਆਸਾਨ ਹੈ। ਇਸ ਦੇ ਬਾਵਜੂਦ ਉਨ੍ਹਾਂ ਵੱਲੋਂ ਹੋਟਲਾਂ ਦੇ ਖ਼ਰਚੇ ਕਲੇਮ ਕੀਤੇ ਗਏ।

ਇਸ ਵਿਵਾਦ ਦੌਰਾਨ ਮੁੱਖ ਮੰਤਰੀ ਡੱਗ ਫੋਰਡ ਨੇ ਸਖ਼ਤ ਰੁਖ਼ ਅਪਣਾਉਂਦਿਆਂ ਕਿਹਾ ਹੈ ਕਿ ਜਿਸ ਵੀ ਕਿਸੇ ਮੰਤਰੀ ਜਾਂ ਵਿਧਾਇਕ ਨੇ ਕੁਝ ਵੀ ਨਾਜਾਇਜ਼ ਲਿਆ ਹੈ, ਉਸ ਕੋਲੋਂ ਇੱਕ-ਇੱਕ ਪੈਸੇ ਦੀ ਵਸੂਲੀ ਕੀਤੀ ਜਾਵੇਗੀ। ਚਾਹੇ ਉਹ ਵਿਅਕਤੀ ਕਿੰਨੇ ਵੀ ਉੱਚੇ ਅਹੁਦੇ 'ਤੇ ਹੋਵੇ ਜਾਂ ਕਿਸੇ ਦੇ ਕਿੰਨਾ ਵੀ ਨੇੜੇ ਕਿਉਂ ਨਾ ਹੋਵੇ। ਮੁੱਖ ਮੰਤਰੀ ਨੇ ਸਾਫ਼ ਸ਼ਬਦਾਂ ਵਿਚ ਕਿਹਾ ਕਿ ਉਹ ਅਜਿਹੀ ਰਵਾਇਤ ਹਰਗਿਜ਼ ਨਹੀਂ ਪੈਣ ਦੇਣਗੇ, ਜਿਸ ਨਾਲ ਲੋਕਾਂ ਵੱਲੋਂ ਟੈਕਸਾਂ ਦੇ ਰੂਪ ਵਿਚ ਦਿੱਤੇ ਖ਼ੂਨ-ਪਸੀਨੇ ਦੇ ਪੈਸੇ ਵਿਚੋਂ ਇੱਕ ਡਾਲਰ ਦੀ ਵੀ ਫ਼ਜ਼ੂਲ ਖ਼ਰਚੀ ਹੋਵੇ।

## ਕੇਂਦਰ ਸਰਕਾਰ ਵੱਲੋਂ ਤਰੁਣ ਚੁੱਘ ਰੱਖਿਆ ਮੰਤਰਾਲਾ ਦੀ ਕਮੇਟੀ ਦੇ ਮੈਂਬਰ ਨਾਮਜ਼ਦ

**ਅੰਮ੍ਰਿਤਸਰ, (ਪੰਜਾਬ ਮੇਲ)-** ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਮਹਾਮੰਤਰੀ ਅਤੇ ਰਾਜ ਸਭਾ ਮੈਂਬਰ ਤਰੁਣ ਚੁੱਘ ਨੂੰ ਕੇਂਦਰ ਸਰਕਾਰ ਨੇ ਰੱਖਿਆ ਮੰਤਰਾਲਾ ਦੀ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਹੈ। ਸੰਸਦੀ ਕਾਰਜ ਮੰਤਰਾਲਾ ਵਲੋਂ 20 ਜੁਲਾਈ 2026 ਨੂੰ ਜਾਰੀ ਨੋਟੀਫਿਕੇਸ਼ਨ 'ਚ ਇਸ ਦੀ ਪੁਸ਼ਟੀ ਕੀਤੀ ਗਈ ਹੈ।

ਤਰੁਣ ਚੁੱਘ ਨੇ ਇਸ ਮਹੱਤਵਪੂਰਨ ਨਾਮਜ਼ਦਗੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਰਾਜ ਸਭਾ 'ਚ ਸਦਨ ਦੇ ਨੇਤਾ ਜੇ.ਪੀ. ਨੱਡਾ ਅਤੇ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਦਾ ਧੰਨਵਾਦ ਕੀਤਾ ਹੈ।

# ਵਿਸ਼ੇਸ਼ ਅਦਾਲਤ ਵੱਲੋਂ ਬਾਬਾ ਸਿੱਦੀਕੀ ਕਤਲ ਕੇਸ 'ਚ ਅਨਮੋਲ ਬਿਸ਼ਨੋਈ ਵਿਰੁੱਧ ਪ੍ਰੋਡਕਸ਼ਨ ਵਾਰੰਟ ਜਾਰੀ



**ਮੁੰਬਈ, (ਪੰਜਾਬ ਮੇਲ)-** ਮਹਾਰਾਸ਼ਟਰ ਕੰਟਰੋਲ ਆਫ਼ ਆਰਗੇਨਾਈਜ਼ਡ ਕ੍ਰਾਈਮ ਐਕਟ (ਮਕੋਕਾ) ਅਧੀਨ ਇੱਕ ਵਿਸ਼ੇਸ਼ ਅਦਾਲਤ ਨੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਦੇ ਨੇਤਾ ਬਾਬਾ ਸਿੱਦੀਕੀ ਦੇ ਕਤਲ ਦੇ ਮੁੱਖ ਦੋਸ਼ੀ ਅਨਮੋਲ ਬਿਸ਼ਨੋਈ ਵਿਰੁੱਧ ਪ੍ਰੋਡਕਸ਼ਨ ਵਾਰੰਟ ਜਾਰੀ ਕੀਤਾ ਹੈ। ਇਹ ਵਾਰੰਟ ਮੁੰਬਈ ਕ੍ਰਾਈਮ ਬ੍ਰਾਂਚ ਨੂੰ ਪੁੱਛਗਿੱਛ ਲਈ ਉਸਨੂੰ ਹਿਰਾਸਤ ਵਿਚ ਲੈਣ ਦੀ ਆਗਿਆ ਦੇਵੇਗਾ। ਬਿਸ਼ਨੋਈ ਇਸ ਸਮੇਂ ਨਵੰਬਰ 2025 ਵਿਚ ਸੰਯੁਕਤ ਰਾਜ ਅਮਰੀਕਾ ਤੋਂ ਹਵਾਲਗੀ ਕੀਤੇ ਜਾਣ ਤੋਂ ਬਾਅਦ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹੈ। ਇਹ ਹੁਕਮ ਵਿਸ਼ੇਸ਼ ਜੱਜ ਸੱਤਿਆਨਾਰਾਇਣ ਨਵੰਦਰ ਨੇ ਪਾਸ ਕੀਤਾ। ਇਸ ਤੋਂ ਪਹਿਲਾਂ, ਵਿਸ਼ੇਸ਼ ਸਰਕਾਰੀ ਵਕੀਲ ਮਹੇਸ਼ ਮੂਲੇ ਨੇ ਇਸ ਹਾਈ-ਪ੍ਰੋਫਾਈਲ ਕਤਲ ਕੇਸ ਵਿਚ ਬਿਸ਼ਨੋਈ ਲਈ ਪ੍ਰੋਡਕਸ਼ਨ ਵਾਰੰਟ ਦੀ ਮੰਗ ਕਰਨ ਲਈ ਅਰਜ਼ੀ ਦਾਇਰ ਕੀਤੀ ਸੀ। ਇਸਤਗਾਸਾ ਪੱਖ ਦਾ ਇਹ ਕਦਮ ਪਿਛਲੇ ਹਫ਼ਤੇ ਅਦਾਲਤ ਦੀਆਂ ਸਖ਼ਤ ਟਿੱਪਣੀਆਂ ਤੋਂ ਬਾਅਦ ਚੁੱਕਿਆ ਗਿਆ ਹੈ।

ਅਦਾਲਤ ਨੇ ਪਿਛਲੇ ਸਾਲ ਸੰਯੁਕਤ ਰਾਜ ਅਮਰੀਕਾ ਤੋਂ ਹਵਾਲਗੀ ਕੀਤੇ ਜਾਣ ਤੋਂ ਬਾਅਦ ਭਾਰਤ ਵਿਚ ਮੌਜੂਦ ਹੋਣ ਦੇ ਬਾਵਜੂਦ ਬਿਸ਼ਨੋਈ ਨੂੰ ਹਿਰਾਸਤ ਵਿਚ ਲੈਣ ਵਿਚ ਅਸਫਲ ਰਹਿਣ ਲਈ ਜਾਂਚ ਏਜੰਸੀ ਦੀ ਆਲੋਚਨਾ ਕੀਤੀ ਸੀ। ਪਟੀਸ਼ਨ ਨੂੰ ਸਵੀਕਾਰ ਕਰਦੇ ਹੋਏ, ਅਦਾਲਤ ਨੇ ਪ੍ਰੋਡਕਸ਼ਨ ਵਾਰੰਟ ਜਾਰੀ ਕਰਨ ਅਤੇ ਉਸ ਅਦਾਲਤ ਨੂੰ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ, ਜਿੱਥੇ ਬਿਸ਼ਨੋਈ ਇਸ ਸਮੇਂ ਬੰਦ ਹੈ, ਜਿਸ ਨਾਲ ਮਾਮਲੇ ਵਿਚ ਉਸਦੀ ਹਿਰਾਸਤ ਵਿਚ ਪੁੱਛਗਿੱਛ ਦਾ ਰਾਹ ਪੱਧਰਾ ਹੋ ਗਿਆ ਹੈ। ਇਸ ਸਬੰਧ ਵਿਚ ਅਦਾਲਤ ਨੇ 2 ਫਰਾਰ ਮੁਲਜ਼ਮਾਂ, ਮੁਹੰਮਦ ਯਾਸੀਨ ਅਖਤਰ ਉਰਫ ਸਿਕੰਦਰ ਉਰਫ ਜੱਸੀ ਅਤੇ ਸ਼ੁਭਮ ਰਾਮੇਸ਼ਵਰ ਲੋਂਕਰ ਉਰਫ ਸ਼ੁਭੂ ਵਿਰੁੱਧ ਵੀ ਨੋਟਿਸ ਜਾਰੀ ਕੀਤੇ।

ਅਦਾਲਤ ਨੇ ਕਿਹਾ ਕਿ ਦੋਵਾਂ ਮੁਲਜ਼ਮਾਂ ਵਿਰੁੱਧ ਪਹਿਲਾਂ ਹੀ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਜਾ ਚੁੱਕੇ ਹਨ, ਪਰ ਉਹ ਗ੍ਰਿਫ਼ਤਾਰੀ ਤੋਂ ਬਚਦੇ ਰਹੇ ਹਨ। ਇਹ ਕਾਰਵਾਈ ਸਿੱਦੀਕੀ ਦੀ ਪਤਨੀ ਸ਼ਾਹਜ਼ੀਨ ਸਿੱਦੀਕੀ ਦੁਆਰਾ ਵਕੀਲ ਪ੍ਰਦੀਪ ਘਰਤ ਅਤੇ ਤ੍ਰਿਵਨਕੁਮਾਰ ਕਰਨਾਨੀ ਰਾਹੀਂ ਦਾਇਰ ਅਰਜ਼ੀ ਨਾਲ ਸ਼ੁਰੂ ਹੋਈ।

# ਟੋਰਾਂਟੋ 'ਚ ਪਾਵਰ ਟੂਲ ਚੋਰੀ ਕਰਨ ਦੇ ਦੋਸ਼ ਹੇਠ 4 ਪੰਜਾਬੀ ਗ੍ਰਿਫ਼ਤਾਰ; ਇੱਕ ਫ਼ਰਾਰ



*ਮੋਹਿਤ ਸ਼ਰਮਾ, ਮਨਪ੍ਰੀਤ ਸਿੰਘ, ਵਿਸ਼ਵਜੀਤ ਸਿੰਘ, ਸੁਖਜਿੰਦਰ ਰੱਖੜਾ*

**ਵਿੰਨੀਪੈੱਗ, (ਪੰਜਾਬ ਮੇਲ)-** ਕੈਨੇਡਾ ਦੇ ਸ਼ਹਿਰ ਟੋਰਾਂਟੋ ਨੇੜੇ ਮਾਰਖਮ ਵਿਚ ਇੱਕ ਰਿਟੇਲ ਸਟੋਰ ਤੋਂ ਮਹਿੰਗੇ ਬਿਜਲੀ ਦੇ ਸੰਦ (ਪਾਵਰ ਟੂਲਜ਼) ਚੋਰੀ ਕਰਨ ਦੇ ਦੋਸ਼ ਹੇਠ ਯੌਰਕ ਰਿਜਨਲ ਪੁਲਿਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਇੱਕ ਹੋਰ ਮੁਲਜ਼ਮ ਦੀ ਭਾਲ ਜਾਰੀ ਹੈ। ਪੁਲਿਸ ਅਨੁਸਾਰ ਇਹ ਘਟਨਾ 19 ਜੁਲਾਈ ਨੂੰ ਸ਼ਾਮ ਕਰੀਬ 7:45 ਵਜੇ ਫੇਅਰਬਰਨ ਡਰਾਈਵ ਅਤੇ ਹਾਈਵੇਅ 7 ਨੇੜੇ ਸਥਿਤ ਇੱਕ ਰਿਟੇਲ ਸਟੋਰ ਵਿਚ ਵਾਪਰੀ।

ਸਟੋਰ ਦੇ ਨੁਕਸਾਨ ਦੀ ਰੋਕਥਾਮ ਅਮਲੇ ਨੇ ਪੰਜ ਸ਼ੱਕੀ ਵਿਅਕਤੀਆਂ ਨੂੰ ਸ਼ਾਪਿੰਗ ਕਾਰਟਾਂ ਵਿਚ ਮਹਿੰਗੇ ਪਾਵਰ ਟੂਲ ਪਾਉਂਦਿਆਂ ਦੇਖਿਆ। ਸੁਰੱਖਿਆ ਕਰਮਚਾਰੀਆਂ ਨੇ ਦੱਸਿਆ ਕਿ ਇਹ ਵਿਅਕਤੀ ਪਹਿਲਾਂ ਹੋਈਆਂ ਚੋਰੀਆਂ ਦੇ ਮਾਮਲਿਆਂ ਨਾਲ ਵੀ ਜੁੜੇ ਹੋਏ ਸਨ। ਨਿਗਰਾਨੀ ਦੌਰਾਨ ਪਤਾ ਲੱਗਿਆ ਕਿ ਉਹ ਬਿਨਾਂ ਭੁਗਤਾਨ ਕੀਤੇ ਸਮਾਨ ਲੈ ਕੇ ਸਟੋਰ ਤੋਂ ਬਾਹਰ ਨਿਕਲ ਗਏ।

ਸਟੋਰ ਕਰਮਚਾਰੀਆਂ ਨੇ ਬਾਹਰ ਜਾ ਕੇ ਦੇਖਿਆ ਕਿ ਮੁਲਜ਼ਮ ਚੋਰੀ ਕੀਤਾ ਸਮਾਨ ਇੱਕ ਵਾਹਨ ਵਿਚ ਰੱਖ ਰਹੇ ਸਨ, ਜਿਸ ਤੋਂ ਬਾਅਦ ਪੁਲਿਸ ਨੂੰ ਸੂਚਨਾ ਦਿੱਤੀ ਗਈ। ਮੌਕੇ 'ਤੇ ਪਹੁੰਚੀ ਪੁਲਿਸ ਨੂੰ ਦੇਖ ਕੇ ਮੁਲਜ਼ਮਾਂ ਨੇ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ ਅਤੇ ਆਪਣਾ ਵਾਹਨ ਪੁਲਿਸ ਦੀ ਗੱਡੀ ਨਾਲ ਟਕਰਾ ਦਿੱਤਾ। ਇਸ ਉਪਰੰਤ ਸਾਰੇ ਮੁਲਜ਼ਮ ਪੈਦਲ ਭੱਜਣ ਲੱਗੇ। ਪੁਲਿਸ ਅਧਿਕਾਰੀਆਂ ਨੇ ਪਿੱਛਾ ਕਰਕੇ ਚਾਰ ਵਿਅਕਤੀਆਂ ਨੂੰ ਕਾਬੂ ਕਰ ਲਿਆ, ਜਦੋਂਕਿ ਪੰਜਵਾਂ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਿਆ।


Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh



Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਏਅਰਲਾਈਨ ਕੰਪਨੀਆਂ ਵੱਲੋਂ ਰਿਫੰਡ ਨਾ ਦਿੱਤੇ ਜਾਣ ਦੇ ਮਾਮਲਿਆਂ 'ਚ ਬੇਤਹਾਸ਼ਾ ਵਾਧਾ ਦਰਜ

- ਸਾਲ ਭਰ 'ਚ ਰਿਫੰਡ ਨਾ ਮਿਲਣ ਦੀਆਂ 4,386 ਸ਼ਿਕਾਇਤਾਂ
- ਸਰਕਾਰ ਵੱਲੋਂ 24 ਘੰਟੇ ਨਿਗਰਾਨੀ ਵਾਲੇ ਕੰਟਰੋਲ ਰੂਮ ਦਾ ਹਵਾਲਾ



ਨਵੀਂ ਦਿੱਲੀ, (ਪੰਜਾਬ ਮੇਲ)- ਹਵਾਈ ਸਫ਼ਰ ਕਰਨ ਵਾਲੇ ਮੁਸਾਫ਼ਰਾਂ ਲਈ ਟਿਕਟਾਂ ਦੇ ਪੈਸੇ ਵਾਪਸ (ਰਿਫੰਡ) ਲੈਣਾ ਵੱਡੀ ਸਿਰਦਰਦੀ ਬਣਦਾ ਜਾ ਰਿਹਾ ਹੈ। ਪਿਛਲੇ ਸਾਲ ਦੌਰਾਨ ਏਅਰਲਾਈਨ ਕੰਪਨੀਆਂ ਵੱਲੋਂ ਰਿਫੰਡ ਨਾ ਦਿੱਤੇ ਜਾਣ ਦੇ ਮਾਮਲਿਆਂ ਵਿਚ ਬੇਤਹਾਸ਼ਾ ਵਾਧਾ ਦਰਜ ਕੀਤਾ ਗਿਆ ਹੈ। ਸਰਕਾਰੀ ਅੰਕੜਿਆਂ ਮੁਤਾਬਕ ਮੁਸਾਫ਼ਰਾਂ ਦੀਆਂ ਸ਼ਿਕਾਇਤਾਂ ਦੀ ਗਿਣਤੀ ਸਾਲ 2024 ਵਿਚ 1,315 ਸੀ, ਜੋ ਕਿ ਸਾਲ 2025 ਵਿਚ ਤਿੰਨ ਗੁਣਾ ਤੋਂ ਵੀ ਵੱਧ ਵਧ ਕੇ 4,386 ਤੱਕ ਪਹੁੰਚ ਗਈ ਹੈ। ਇਸ ਗੰਭੀਰ ਮੁੱਦੇ ਦੇ ਸਾਹਮਣੇ ਆਉਣ ਤੋਂ ਬਾਅਦ ਕੇਂਦਰ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਮੁਸਾਫ਼ਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ 24 ਘੰਟੇ ਕੰਮ ਕਰਨ ਵਾਲਾ ਸਹਾਇਤਾ ਤੰਤਰ ਅਤੇ ਡੀ.ਜੀ.ਸੀ.ਏ. ਦੇ ਨਿਯਮ ਪਹਿਲਾਂ ਤੋਂ ਹੀ ਮੌਜੂਦ ਹਨ।

ਰਾਜ ਸਭਾ ਮੈਂਬਰ ਘਣਸ਼ਿਆਮ ਤਿਵਾਰੀ ਵੱਲੋਂ ਪੁੱਛੇ ਗਏ ਇੱਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕੇਂਦਰੀ ਨਾਗਰਿਕ ਉਡਾਣ ਰਾਜ ਮੰਤਰੀ ਮੁਰਲੀਧਰ ਮੋਹੋਲ ਨੇ ਦੱਸਿਆ ਕਿ ਸਾਲ 2025 ਵਿਚ ਵੱਖ-ਵੱਖ ਏਅਰਲਾਈਨਾਂ ਖ਼ਿਲਾਫ਼ ਰਿਫੰਡ ਸੰਬੰਧੀ 4,386 ਸ਼ਿਕਾਇਤਾਂ ਦਰਜ ਹੋਈਆਂ ਹਨ, ਜੋ ਕਿ ਪਿਛਲੇ ਚਾਰ ਸਾਲਾਂ ਵਿਚ ਸਭ ਤੋਂ ਵੱਧ ਆਂਕੜਾ ਹੈ।

ਸਰਕਾਰ ਵੱਲੋਂ ਸੰਸਦ ਵਿਚ ਪੇਸ਼ ਕੀਤੇ ਗਏ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਸਾਲ 2022 ਵਿਚ ਰਿਫੰਡ ਨਾਲ ਜੁੜੀਆਂ 1,508 ਸ਼ਿਕਾਇਤਾਂ ਮਿਲੀਆਂ ਸਨ, ਜੋ 2023 ਵਿਚ ਘਟ ਕੇ 961 ਰਹਿ ਗਈਆਂ ਸਨ। ਪਰ ਇਸ ਤੋਂ ਬਾਅਦ ਸਾਲ 2024 ਵਿਚ ਇਹ ਗਿਣਤੀ ਫਿਰ ਵਧੀ ਅਤੇ 1,315 ਤੱਕ ਪਹੁੰਚ ਗਈ ਅਤੇ ਸਾਲ 2025 ਵਿਚ ਇਸ ਨੇ ਪਿਛਲੇ ਸਾਰੇ ਰਿਕਾਰਡ ਤੋੜਦਿਆਂ 4,386 ਦਾ ਅੰਕੜਾ ਪਾਰ ਕਰ ਲਿਆ, ਜੋ ਮੁਸਾਫ਼ਰਾਂ ਦੀ ਵਧ ਰਹੀ ਖ਼ੱਜਲ-ਖ਼ੁਆਰੀ ਨੂੰ ਸਾਫ਼ ਬਿਆਨ ਕਰਦਾ ਹੈ।

ਦੂਜੇ ਪਾਸੇ, ਕੇਂਦਰ ਸਰਕਾਰ ਨੇ ਕਿਹਾ ਹੈ ਕਿ ਮੁਸਾਫ਼ਰਾਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਇੱਕ ਸਥਾਈ 'ਪੈਸੰਜਰ ਅਸਿਸਟੈਂਸ ਕੰਟਰੋਲ ਰੂਮ' (ਪੀ.ਏ.ਸੀ.ਆਰ.) ਸਥਾਪਿਤ ਕੀਤਾ ਗਿਆ ਹੈ, ਜੋ 24 ਘੰਟੇ ਕਾਰਜਸ਼ੀਲ ਰਹਿੰਦਾ ਹੈ। ਇਸ ਵਿਸ਼ੇਸ਼ ਕੰਟਰੋਲ ਰੂਮ ਰਾਹੀਂ ਨਾਗਰਿਕ ਉਡਾਣ ਮੰਤਰਾਲਾ, ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਐਵੀਏਸ਼ਨ (ਡੀ.ਜੀ.ਸੀ.ਏ.), ਏਅਰਪੋਰਟ ਅਥਾਰਟੀ ਆਫ਼ ਇੰਡੀਆ (ਏ.ਏ.ਆਈ.) ਅਤੇ ਸਾਰੀਆਂ ਏਅਰਲਾਈਨਾਂ ਆਪਸ ਵਿਚ ਜੁੜੀਆਂ ਹੋਈਆਂ ਹਨ। ਇਸ ਦਾ ਮਕਸਦ ਉਡਾਣਾਂ ਦੇ ਰੱਦ ਹੋਣ, ਦੇਰੀ ਨਾਲ ਚੱਲਣ, ਸਾਮਾਨ (ਬੈਗੇਜ) ਗੁਆਚਣ ਅਤੇ ਟਿਕਟ ਰਿਫੰਡ ਦੀਆਂ ਸਮੱਸਿਆਵਾਂ ਦੀ ਰੀਅਲ-ਟਾਈਮ (ਤੁਰੰਤ) ਨਿਗਰਾਨੀ ਕਰਨਾ ਹੈ, ਤਾਂ ਜੋ ਮੁਸਾਫ਼ਰਾਂ ਨੂੰ ਬਿਨਾਂ ਕਿਸੇ ਦੇਰੀ ਦੇ ਰਾਹਤ ਦਿੱਤੀ ਜਾ ਸਕੇ।

ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਡੀ.ਜੀ.ਸੀ.ਏ. ਵੱਲੋਂ ਮੁਸਾਫ਼ਰਾਂ ਦੇ ਹਿੱਤਾਂ ਦੀ ਰਾਖੀ ਲਈ 'ਸਿਵਲ ਐਵੀਏਸ਼ਨ ਰਿਕੁਆਇਰਮੈਂਟਸ' (ਸੀ.ਏ.ਆਰਜ਼) ਨਿਯਮ ਲਾਗੂ ਕੀਤੇ ਹੋਏ ਹਨ। ਇਹ ਨਿਯਮ ਏਅਰਲਾਈਨ ਟਿਕਟਾਂ ਦੇ ਰਿਫੰਡ, ਫਲਾਈਟਾਂ ਰੱਦ ਹੋਣ, ਦੇਰੀ ਹੋਣ ਜਾਂ ਬੋਰਡਿੰਗ ਤੋਂ ਮਨਾਹੀ ਕੀਤੇ ਜਾਣ ਦੀ ਸੂਰਤ ਵਿਚ ਮੁਸਾਫ਼ਰਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਅਤੇ ਹੋਰ ਸਹੂਲਤਾਂ ਦੀ ਗਰੰਟੀ ਦਿੰਦੇ ਹਨ। ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਕੰਪਨੀਆਂ ਖ਼ਿਲਾਫ਼ ਹਵਾਬਾਜ਼ੀ ਰੈਗੂਲੇਟਰ ਵੱਲੋਂ ਸਖ਼ਤ ਕਾਰਵਾਈ ਵੀ ਅਮਲ ਵਿਚ ਲਿਆਂਦੀ ਜਾਂਦੀ ਹੈ। ਹਾਲਾਂਕਿ, ਸਾਲ 2025 ਵਿਚ ਸ਼ਿਕਾਇਤਾਂ ਦੇ ਇਸ ਵੱਡੇ ਉਛਾਲ ਦੇ ਬਾਵਜੂਦ ਸਰਕਾਰ ਨੇ ਫਿਲਹਾਲ ਕੋਈ ਨਵਾਂ ਕਾਨੂੰਨ ਜਾਂ ਨਵੇਂ ਨਿਯਮ ਲਿਆਉਣ ਦਾ ਕੋਈ ਸੰਕੇਤ ਨਹੀਂ ਦਿੱਤਾ ਹੈ।

# ਭਾਰਤੀ ਵਿਦਿਆਰਥੀ ਅਮਰੀਕਾ, ਕੈਨੇਡਾ ਦੀ ਬਜਾਏ ਯੂਰਪੀ ਦੇਸ਼ਾਂ ਦਾ ਕਰ ਰਹੇ ਰੁਖ਼!



ਲੰਡਨ, (ਪੰਜਾਬ ਮੇਲ)- ਕਈ ਸਾਲਾਂ ਤੱਕ ਉੱਚ ਸਿੱਖਿਆ ਲਈ ਅਮਰੀਕਾ ਨੂੰ ਸਭ ਤੋਂ ਪੰਸਦੀਦਾ ਮੰਜ਼ਿਲ ਮੰਨਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਸੋਚ ਹੁਣ ਬਦਲਦੀ ਨਜ਼ਰ ਆ ਰਹੀ ਹੈ। ਹੁਣ ਵੱਡੀ ਗਿਣਤੀ ਵਿਚ ਭਾਰਤੀ ਵਿਦਿਆਰਥੀ ਅਮਰੀਕਾ, ਕੈਨੇਡਾ ਅਤੇ ਹੋਰ ਰਵਾਇਤੀ ਦੇਸ਼ਾਂ ਦੀ ਬਜਾਏ ਯੂਰਪ ਦੇ ਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਸਿੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਘੱਟ ਫੀਸ, ਆਸਾਨ ਵੀਜ਼ਾ ਨਿਯਮ, ਪੜ੍ਹਾਈ ਤੋਂ ਬਾਅਦ ਨੌਕਰੀ ਦੇ ਬਿਹਤਰ ਮੌਕੇ ਅਤੇ ਭਾਰਤ-ਯੂਰਪੀ ਸੰਘ (ਈ.ਯੂ.) ਵਿਚਾਲੇ ਹੋਏ ਨਵੇਂ ਸਮਝੌਤਿਆਂ ਨੇ ਇਸ ਬਦਲਾਅ ਵਿਚ ਵੱਡੀ ਭੂਮਿਕਾ ਨਿਭਾਈ ਹੈ। ਦੂਜੇ ਪਾਸੇ ਸਖ਼ਤ ਵੀਜ਼ਾ ਨਿਯਮ ਅਤੇ ਉੱਚ ਫੀਸਾਂ ਭਾਰਤੀ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਰੋਕ ਰਹੀਆਂ ਹਨ। ਇਸ ਦੌਰਾਨ ਭਾਰਤ-ਯੂਰਪੀਅਨ ਯੂਨੀਅਨ (ਈ.ਯੂ.) ਦੇ ਮੁਕਤ ਵਪਾਰ ਸਮਝੌਤੇ ਅਤੇ ਆਵਾਜਾਈ ਦੀ ਆਜ਼ਾਦੀ ਦੇ ਪ੍ਰਬੰਧ ਭਾਰਤੀ ਵਿਦਿਆਰਥੀਆਂ ਨੂੰ ਯੂਰਪੀਅਨ ਦੇਸ਼ਾਂ ਵੱਲ ਮੋੜ ਰਹੇ ਹਨ।

ਇੱਕ ਰਿਪੋਰਟ ਦੇ ਅਨੁਸਾਰ ਉੱਚ ਸਿੱਖਿਆ ਲਈ ਯੂਰਪੀ ਦੇਸ਼ਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਾਲੇ ਭਾਰਤ ਤੋਂ ਵਿਦਿਆਰਥੀਆਂ ਦੀ ਗਿਣਤੀ ਵਿਚ 30 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਦੋਂ ਕਿ ਅਮਰੀਕਾ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਸੱਤ ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 2022 ਤੋਂ 2025 ਤੱਕ ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਹਰ ਸਾਲ ਵਧ ਰਹੀ ਸੀ ਪਰ ਬੀਤੇ ਇਕ ਸਾਲ ਵਿਚ ਇਹ ਪਹਿਲੀ ਵਾਰ 6.9 ਫੀਸਦੀ ਡਿੱਗੀ ਹੈ। ਮੰਨਿਆ ਜਾ ਰਿਹਾ ਹੈ ਕਿ ਜਨਵਰੀ 2025 ਵਿਚ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਵੀਜ਼ਾ ਨਿਯਮ ਹੋਰ ਸਖ਼ਤ ਹੋ ਗਏ ਹਨ, ਜਿਸ ਕਾਰਨ ਵਿਦਿਆਰਥੀਆਂ ਦੀ ਗਿਣਤੀ 'ਚ ਗਿਰਾਵਟ ਆਈ ਹੈ। ਅਮਰੀਕੀ ਯੂਨੀਵਰਸਿਟੀਆਂ ਦੇ "ਸਪਰਿੰਗ ਸਨੈਪਸ਼ਾਟ" ਸਰਵੇਖਣ ਅਨੁਸਾਰ 59% ਤੋਂ ਵੱਧ ਅਮਰੀਕੀ ਕਾਲਜਾਂ ਨੇ ਨਵੇਂ ਸਮੈਸਟਰ (2026) ਲਈ ਅੰਤਰਰਾਸ਼ਟਰੀ ਵਿਦਿਆਰਥੀਆਂ, ਖਾਸ ਕਰਕੇ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਵਿਚ ਗਿਰਾਵਟ ਦੀ ਰਿਪੋਰਟ ਕੀਤੀ ਹੈ। ਵਰਤਮਾਨ ਵਿਚ, 121,000 ਭਾਰਤੀ ਯੂਰਪੀਅਨ ਦੇਸ਼ਾਂ ਵਿਚ ਪੜ੍ਹ ਰਹੇ ਹਨ।

ਪੰਜ ਸਾਲਾਂ ਵਿਚ ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਇਸ ਤਰ੍ਹਾਂ ਹੈ:-

2022-23 --2,68,923
2023-24 --3,31,602
2024-25 --3,63,019
ਫਰਵਰੀ 2025--3,78,787
ਫਰਵਰੀ 2026 --3,52,644
(ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਤੋਂ ਡਾਟਾ)

ਹੁਣ ਭਾਰਤੀ ਵਿਦਿਆਰਥੀਆਂ ਦਾ ਜਰਮਨੀ, ਨੀਦਰਲੈਂਡ, ਪੁਰਤਗਾਲ, ਫਰਾਂਸ, ਇਟਲੀ, ਚੈੱਕ ਗਣਰਾਜ, ਆਸਟਰੀਆ, ਬੈਲਜੀਅਮ, ਲਾਤਵੀਆ, ਲਿਥੁਆਨੀਆ ਆਦਿ ਦੇਸ਼ਾਂ ਲਈ ਰੁਝਾਨ 'ਚ ਕਾਫੀ ਵਾਧਾ ਹੋਇਆ ਹੈ।

ਯੂਰਪੀਅਨ ਯੂਨੀਅਨ ਦੇ ਅਧਿਕਾਰੀ ਨੇ ਕਿਹਾ ਕਿ ਯੂਰਪੀਅਨ ਯੂਨੀਅਨ ਭਾਰਤੀ ਵਿਦਿਆਰਥੀਆਂ ਲਈ ਇੱਕ ਪ੍ਰਮੁੱਖ ਮੰਜ਼ਿਲ ਬਣ ਗਿਆ ਹੈ। ਉਹ ਉੱਦਮਤਾ, ਸੱਭਿਆਚਾਰਕ ਅਮੀਰੀ ਅਤੇ ਖੋਜ ਉੱਤਮਤਾ ਦੀ ਭਾਵਨਾ ਲਿਆਉਂਦੇ ਹਨ। ਯੂਰਪੀਅਨ ਯੂਨੀਅਨ-ਭਾਰਤ ਗਤੀਸ਼ੀਲਤਾ ਫਰੇਮਵਰਕ ਭਾਰਤ ਅਤੇ ਯੂਰਪੀਅਨ ਯੂਨੀਅਨ ਵਿਚਕਾਰ ਚੱਲ ਰਹੀਆਂ ਪਹਿਲਕਦਮੀਆਂ ਦਾ ਹਿੱਸਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਨੂੰ ਮਾਰਗਦਰਸ਼ਨ ਕਰਨ ਲਈ ਜਲਦੀ ਹੀ ਇੱਕ "ਤਕਨੀਕੀ-ਕੇਂਦ੍ਰਿਤ ਦਫ਼ਤਰ" ਸਥਾਪਤ ਕੀਤਾ ਜਾਵੇਗਾ।



ਸਫਾ 1 ਦਾ ਬਾਕੀ

## ਅਗਸਤ 2026 ਵੀਜ਼ਾ ਬੁਲੇਟਿਨ: ਭਾਰਤੀ ਪਰਿਵਾਰਾਂ ਲਈ...

ਇਸ ਦਾ ਮਤਲਬ ਹੈ ਕਿ ਜਿਨ੍ਹਾਂ ਦੀ ਤਰਜੀਹੀ ਮਿਤੀ 15 ਜੂਨ 2019 ਜਾਂ ਇਸ ਤੋਂ ਪਹਿਲਾਂ ਦੀ ਹੈ, ਉਹ ਦਸਤਾਵੇਜ਼ੀ ਕਾਰਵਾਈ ਲਈ ਯੋਗ ਹੋ ਸਕਦੇ ਹਨ, ਜਦਕਿ 15 ਦਸੰਬਰ 2018 ਜਾਂ ਇਸ ਤੋਂ ਪਹਿਲਾਂ ਵਾਲੇ ਕੇਸਾਂ ਵਿਚ ਵੀਜ਼ਾ ਜਾਰੀ ਕੀਤਾ ਜਾ ਸਕਦਾ ਹੈ। ਐੱਫ2ਏ ਸ਼੍ਰੇਣੀ, ਜੋ ਗ੍ਰੀਨ ਕਾਰਡ ਹੋਲਡਰਾਂ ਦੇ ਜੀਵਨ ਸਾਥੀ ਅਤੇ 21 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਹੈ, ਇਸ ਮਹੀਨੇ ਵੀ ਸਭ ਤੋਂ ਮਜ਼ਬੂਤ ਕੈਟੇਗਰੀ ਬਣੀ ਹੋਈ ਹੈ। ਇਸ ਵਿਚ ਡੇਟਸ ਫਾਰ ਫਾਈਲਿੰਗ "Current (C)" ਹੈ, ਅਰਥਾਤ ਯੋਗ ਬਿਨੈਕਾਰ ਕਿਸੇ ਵੀ ਤਰਜੀਹੀ ਮਿਤੀ ਨਾਲ ਦਸਤਾਵੇਜ਼ੀ ਕਾਰਵਾਈ ਸ਼ੁਰੂ ਕਰ ਸਕਦੇ ਹਨ। ਇਸ ਦੀ ਫਾਈਨਲ ਐਕਸ਼ਨ ਡੇਟ 22 ਜੁਲਾਈ 2026 ਹੈ। ਸਟੇਟ ਡਿਪਾਰਟਮੈਂਟ ਨੇ ਆਪਣੇ ਬੁਲੇਟਿਨ ਵਿਚ ਖ਼ਾਸ ਨੋਟ ਵੀ ਦਿੱਤਾ ਹੈ ਕਿ ਐੱਫ2ਏ ਵਿਚ ਕੁਝ ਵੀਜ਼ਾ ਨੰਬਰ ਪਰ-ਕੰਟਰੀ ਸੀਮਾ ਤੋਂ ਛੋਟ ਦੇ ਅਧੀਨ ਜਾਰੀ ਕੀਤੇ ਜਾਂਦੇ ਹਨ, ਜਿਸ ਕਾਰਨ ਇਹ ਕੈਟੇਗਰੀ ਹੋਰ ਪਰਿਵਾਰਕ ਸ਼੍ਰੇਣੀਆਂ ਨਾਲੋਂ ਤੇਜ਼ੀ ਨਾਲ ਅੱਗੇ ਵਧ ਰਹੀ ਹੈ।

ਐੱਫ2ਬੀ ਸ਼੍ਰੇਣੀ, ਜੋ ਗ੍ਰੀਨ ਕਾਰਡ ਹੋਲਡਰਾਂ ਦੇ 21 ਸਾਲ ਤੋਂ ਵੱਧ ਉਮਰ ਦੇ ਅਣਵਿਆਹੇ ਪੁੱਤਰ-ਧੀਆਂ ਲਈ ਹੈ, ਵਿਚ ਡੇਟਸ ਫਾਰ ਫਾਈਲਿੰਗ 1 ਜਨਵਰੀ 2019 ਅਤੇ ਫਾਈਨਲ ਐਕਸ਼ਨ ਡੇਟ 1 ਜਨਵਰੀ 2018 ਹੈ। ਇਸ ਕੈਟੇਗਰੀ ਵਿਚ ਵੀ ਹੌਲੀ-ਹੌਲੀ ਤਰੱਕੀ ਹੋ ਰਹੀ ਹੈ, ਪਰ ਬੈਕਲਾਗ ਅਜੇ ਵੀ ਕਈ ਸਾਲਾਂ ਦਾ ਹੈ।

ਐੱਫ3 ਸ਼੍ਰੇਣੀ, ਜੋ ਅਮਰੀਕੀ ਨਾਗਰਿਕਾਂ ਦੇ ਵਿਆਹੇ ਪੁੱਤਰ-ਧੀਆਂ ਲਈ ਹੈ, ਵਿਚ ਡੇਟਸ ਫਾਰ ਫਾਈਲਿੰਗ 1 ਮਾਰਚ 2013 ਅਤੇ ਫਾਈਨਲ ਐਕਸ਼ਨ ਡੇਟ 15 ਮਈ 2012 ਹੈ। ਇਹ ਦਰਸਾਉਂਦਾ ਹੈ ਕਿ ਇਸ ਕੈਟੇਗਰੀ ਵਿਚ ਵੀ ਮੰਗ ਜ਼ਿਆਦਾ ਹੋਣ ਕਰਕੇ ਕੇਸ ਹੌਲੀ ਰਫ਼ਤਾਰ ਨਾਲ ਅੱਗੇ ਵੱਧ ਰਹੇ ਹਨ।

ਸਭ ਤੋਂ ਵੱਧ ਧਿਆਨ ਐੱਫ4 ਸ਼੍ਰੇਣੀ ਵੱਲ ਹੈ। ਇਹ ਉਹ ਕੈਟੇਗਰੀ ਹੈ, ਜਿਸ ਰਾਹੀਂ ਅਮਰੀਕੀ ਨਾਗਰਿਕ ਆਪਣੇ ਭੈਣ-ਭਰਾਵਾਂ ਨੂੰ ਸਪਾਂਸਰ ਕਰਦੇ ਹਨ। ਅਗਸਤ 2026 ਦੇ ਬੁਲੇਟਿਨ ਅਨੁਸਾਰ ਭਾਰਤ ਲਈ ਡੇਟਸ ਫਾਰ ਫਾਈਲਿੰਗ 15 ਦਸੰਬਰ 2006 ਅਤੇ ਫਾਈਨਲ ਐਕਸ਼ਨ ਡੇਟ 1 ਨਵੰਬਰ 2006 ਹੈ। ਇਸ ਦਾ ਅਰਥ ਹੈ ਕਿ ਦਸਤਾਵੇਜ਼ੀ ਕਾਰਵਾਈ ਲਈ ਵੀ ਹਾਲੇ 2006 ਦੇ ਅਖੀਰਲੇ ਕੇਸ ਹੀ ਚੱਲ ਰਹੇ ਹਨ ਅਤੇ ਵੀਜ਼ਾ ਜਾਰੀ ਕਰਨ ਲਈ ਵੀ ਨਵੰਬਰ 2006 ਤੱਕ ਦੀਆਂ ਤਰਜੀਹੀ ਮਿਤੀਆਂ 'ਤੇ ਕਾਰਵਾਈ ਹੋ ਰਹੀ ਹੈ। ਇਸ ਤੋਂ ਸਪੱਸ਼ਟ ਹੈ ਕਿ ਐੱਫ4 ਸ਼੍ਰੇਣੀ ਵਿਚ ਬੈਕਲਾਗ ਅਜੇ ਵੀ ਬਹੁਤ ਵੱਡਾ ਹੈ ਅਤੇ ਬਹੁਤ ਸਾਰੇ ਪਰਿਵਾਰਾਂ ਨੂੰ ਲਗਭਗ 20 ਸਾਲ ਜਾਂ ਇਸ ਤੋਂ ਵੀ ਵੱਧ ਉਡੀਕ ਕਰਨੀ ਪੈ ਰਹੀ ਹੈ।

ਸਟੇਟ ਡਿਪਾਰਟਮੈਂਟ ਨੇ ਆਪਣੇ ਬੁਲੇਟਿਨ ਵਿਚ ਇਹ ਵੀ ਸਪੱਸ਼ਟ ਕੀਤਾ ਹੈ ਕਿ ਪਰਿਵਾਰਕ ਇਮੀਗ੍ਰੈਂਟ ਵੀਜ਼ੇ ਤਰਜੀਹੀ ਮਿਤੀ ਦੇ ਕ੍ਰਮ ਅਨੁਸਾਰ ਜਾਰੀ ਕੀਤੇ ਜਾਂਦੇ ਹਨ। ਜੇ ਕਿਸੇ ਕੈਟੇਗਰੀ ਵਿਚ ਮੰਗ ਉਪਲਬਧ ਵੀਜ਼ਾ ਨੰਬਰਾਂ ਤੋਂ ਵੱਧ ਹੋ ਜਾਂਦੀ ਹੈ, ਤਾਂ ਉਸ ਕੈਟੇਗਰੀ ਲਈ ਕੱਟ-ਆਫ ਡੇਟ ਨਿਰਧਾਰਤ ਕੀਤੀ ਜਾਂਦੀ ਹੈ। ਜੇ ਵਿੱਤੀ ਸਾਲ ਦੌਰਾਨ ਵੀਜ਼ਾ ਨੰਬਰਾਂ ਦੀ ਸੀਮਾ ਪੂਰੀ ਹੋ ਜਾਵੇ, ਤਾਂ ਕਿਸੇ ਵੀ ਕੈਟੇਗਰੀ ਨੂੰ ਅਸਥਾਈ ਤੌਰ 'ਤੇ "ਉਪਲਬਧ ਨਹੀਂ" ਵੀ ਘੋਸ਼ਿਤ ਕੀਤਾ ਜਾ ਸਕਦਾ ਹੈ। ਇਸੇ ਕਾਰਨ ਹਰ ਮਹੀਨੇ ਵੀਜ਼ਾ ਬੁਲੇਟਿਨ ਜਾਰੀ ਕੀਤਾ ਜਾਂਦਾ ਹੈ ਅਤੇ ਤਾਰੀਖਾਂ ਵਿਚ ਅੱਗੇ ਜਾਂ ਪਿੱਛੇ ਤਬਦੀਲੀ ਹੋ ਸਕਦੀ ਹੈ।

ਮੌਜੂਦਾ ਵਿੱਤੀ ਸਾਲ 2026 ਲਈ ਪਰਿਵਾਰਕ ਸ਼੍ਰੇਣੀ ਵਿਚ ਦੁਨੀਆਂ ਭਰ ਲਈ ਲਗਭਗ 2,26,000 ਵੀਜ਼ੇ ਉਪਲਬਧ ਹਨ, ਜਦਕਿ ਹਰ ਦੇਸ਼ ਲਈ ਕੁੱਲ ਪਰਿਵਾਰਕ ਅਤੇ ਰੁਜ਼ਗਾਰ ਆਧਾਰਿਤ ਵੀਜ਼ਿਆਂ ਦੀ ਸਾਂਝੀ ਸੀਮਾ 7 ਫ਼ੀਸਦੀ ਹੈ। ਭਾਰਤ, ਚੀਨ, ਮੈਕਸੀਕੋ ਅਤੇ ਫਿਲੀਪੀਨਜ਼ ਉਹ ਦੇਸ਼ ਹਨ, ਜਿੱਥੇ ਮੰਗ ਬਹੁਤ ਜ਼ਿਆਦਾ ਹੋਣ ਕਰਕੇ ਵੱਖਰੀਆਂ ਕੱਟ-ਆਫ ਡੇਟਸ ਲਾਗੂ ਰਹਿੰਦੀਆਂ ਹਨ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਭਾਰਤੀ ਪਰਿਵਾਰਾਂ ਦੇ ਕੇਸ ਨੈਸ਼ਨਲ ਵੀਜ਼ਾ ਸੈਂਟਰ (ਐੱਨ.ਵੀ.ਸੀ.) ਜਾਂ ਯੂ.ਐੱਸ.ਸੀ.ਆਈ.ਐੱਸ. ਵਿਚ ਲੰਬਿਤ ਹਨ, ਉਹ ਆਪਣੀ ਤਰਜੀਹੀ ਮਿਤੀ ਨੂੰ ਅਗਸਤ 2026 ਦੇ ਵੀਜ਼ਾ ਬੁਲੇਟਿਨ ਨਾਲ ਜ਼ਰੂਰ ਮਿਲਾਉਣ। ਜੇ ਉਨ੍ਹਾਂ ਦੀ ਤਰਜੀਹੀ ਮਿਤੀ ਡੇਟਸ ਫਾਰ ਫਾਈਲਿੰਗ ਦੇ ਅੰਦਰ ਆ ਜਾਂਦੀ ਹੈ, ਤਾਂ ਉਹ ਦਸਤਾਵੇਜ਼ੀ ਕਾਰਵਾਈ ਅਤੇ ਇੰਟਰਵਿਊ ਦੀ ਤਿਆਰੀ ਸ਼ੁਰੂ ਕਰ ਸਕਦੇ ਹਨ। ਜਦੋਂ ਫਾਈਨਲ ਐਕਸ਼ਨ ਡੇਟ ਵੀ ਉਨ੍ਹਾਂ ਦੀ ਤਰਜੀਹੀ ਮਿਤੀ ਤੱਕ ਪਹੁੰਚ ਜਾਂਦੀ ਹੈ, ਤਦ ਹੀ ਇਮੀਗ੍ਰੈਂਟ ਵੀਜ਼ਾ ਜਾਂ ਗ੍ਰੀਨ ਕਾਰਡ ਜਾਰੀ ਕੀਤਾ ਜਾਂਦਾ ਹੈ।

ਕੁੱਲ ਮਿਲਾ ਕੇ ਅਗਸਤ 2026 ਦਾ ਵੀਜ਼ਾ ਬੁਲੇਟਿਨ ਭਾਰਤੀ ਪਰਿਵਾਰਾਂ ਲਈ ਮਿਲੀ-ਜੁਲੀ ਤਸਵੀਰ ਪੇਸ਼ ਕਰਦਾ ਹੈ। ਐੱਫ2ਏ ਵਿਚ ਸਭ ਤੋਂ ਵੱਧ ਰਾਹਤ ਜਾਰੀ ਹੈ, ਐੱਫ1, ਐੱਫ2ਬੀ ਅਤੇ ਐੱਫ3 ਵਿਚ ਹੌਲੀ ਪਰ ਲਗਾਤਾਰ ਤਰੱਕੀ ਦੇਖਣ ਨੂੰ ਮਿਲ ਰਹੀ ਹੈ, ਪਰ ਐੱਫ4 ਸ਼੍ਰੇਣੀ ਵਿਚ ਉਡੀਕ ਅਜੇ ਵੀ ਸਭ ਤੋਂ ਵੱਡੀ ਚੁਣੌਤੀ ਬਣੀ ਹੋਈ ਹੈ। 2006 ਦੀਆਂ ਤਰਜੀਹੀ ਮਿਤੀਆਂ'ਤੇ ਕਾਰਵਾਈ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਇਸ ਸ਼੍ਰੇਣੀ ਵਿਚ ਬੈਕਲਾਗ ਅਜੇ ਵੀ ਕਾਫ਼ੀ ਡੂੰਘਾ ਹੈ ਅਤੇ ਹਜ਼ਾਰਾਂ ਭਾਰਤੀ ਪਰਿਵਾਰਾਂ ਨੂੰ ਆਪਣੇ ਅਜ਼ੀਜ਼ਾਂ ਨਾਲ ਮਿਲਾਪ ਲਈ ਅਜੇ ਹੋਰ ਕਈ ਸਾਲ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

## ਟਰੰਪ ਦੀ ਲੋਕਪ੍ਰਿਯਤਾ ਘਟਣ ਦੇ ਬਾਵਜੂਦ ਕਾਂਗਰਸ ਚੋਣਾਂ...

ਇਕ ਹੋਰ ਇਕਨਾਮਿਸਟ ਅਤੇ ਯੂਗੋਵ ਸਰਵੇਖਣ ਵਿਚ ਵੀ ਟਰੰਪ ਦੀ ਮਨਜ਼ੂਰੀ ਦਰ 37 ਫ਼ੀਸਦੀ ਹੀ ਦਰਜ ਕੀਤੀ ਗਈ ਹੈ।

ਸਾਲ 2018 ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਡੈਮੋਕ੍ਰੇਟਿਕ ਪਾਰਟੀ ਨੂੰ ਕਾਂਗਰਸ ਲਈ ਰਿਪਬਲਿਕਨ ਪਾਰਟੀ ਉੱਤੇ 10 ਅੰਕਾਂ ਦੀ ਬੜ੍ਹਤ ਮਿਲੀ ਸੀ ਅਤੇ ਉਸ ਚੋਣ ਵਿਚ ਡੈਮੋਕ੍ਰੇਟਸ ਨੇ ਪ੍ਰਤੀਨਿਧੀ ਸਭਾ ਦੀਆਂ 40 ਸੀਟਾਂ ਜਿੱਤੀਆਂ ਸਨ। ਮੌਜੂਦਾ ਸਰਵੇਖਣ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਬੜ੍ਹਤ ਘੱਟ ਹੈ, ਜਿਸ ਕਾਰਨ ਕਾਂਗਰਸ ਉੱਤੇ ਕਾਬਜ਼ ਹੋਣ ਦੀ ਲੜਾਈ ਅਜੇ ਵੀ ਅਨਿਸ਼ਚਿਤ ਮੰਨੀ ਜਾ ਰਹੀ ਹੈ। ਇਸ ਵੇਲੇ ਪ੍ਰਤੀਨਿਧੀ ਸਭਾ ਵਿਚ ਰਿਪਬਲਿਕਨ ਪਾਰਟੀ ਕੋਲ ਬਹੁਤ ਹੀ ਥੋੜ੍ਹਾ ਬਹੁਮਤ ਹੈ ਅਤੇ ਸਪੀਕਰ ਮਾਈਕ ਜੌਨਸਨ ਕੋਲ ਸਿਰਫ਼ ਦੋ ਵੋਟਾਂ ਦਾ ਫ਼ਰਕ ਦੱਸਿਆ ਗਿਆ ਹੈ। ਸੈਨੇਟ ਵਿਚ ਵੀ ਰਿਪਬਲਿਕਨ ਪਾਰਟੀ ਕੋਲ 53 ਦੇ ਮੁਕਾਬਲੇ 47 ਸੀਟਾਂ ਦੀ ਬੜ੍ਹਤ ਹੈ। ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਵੋਟਰਾਂ ਦੀ ਹਾਜ਼ਰੀ, ਹਲਕਿਆਂ ਦੀ ਮੁੜ ਹੱਦਬੰਦੀ ਅਤੇ ਰਾਸ਼ਟਰਪਤੀ ਟਰੰਪ ਦੀ ਕਾਰਗੁਜ਼ਾਰੀ ਬਾਰੇ ਲੋਕਾਂ ਦੀ ਰਾਇ ਨਵੰਬਰ ਦੀਆਂ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਸਫਾ 1 ਦਾ ਬਾਕੀ

## ਪੇਪਰ ਲੀਕ ਮਾਮਲੇ 'ਤੇ ਦਿੱਲੀ 'ਚ ਸਿਆਸੀ ਤਣਾਅ...

ਇਸ ਦੌਰਾਨ ਰਾਹੁਲ ਗਾਂਧੀ ਦੇ ਜ਼ਮੀਨ 'ਤੇ ਲੇਟਣ ਅਤੇ ਖਿੱਚੋਤਾਣ ਦੌਰਾਨ ਉਨ੍ਹਾਂ ਦੀ ਨੱਕ 'ਤੇ ਸੱਟ ਲੱਗਣ ਦੀਆਂ ਵੀ ਖ਼ਬਰਾਂ ਸਾਹਮਣੇ ਆਈਆਂ ਹਨ।

ਕਾਂਗਰਸ ਨੇ ਸਰਕਾਰ ਅੱਗੇ ਪੰਜ ਮੁੱਖ ਮੰਗਾਂ ਰੱਖਦਿਆਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਤੁਰੰਤ ਅਸਤੀਫ਼ੇ, ਗ੍ਰਹਿ ਮੰਤਰੀ ਵੱਲੋਂ ਸੰਸਦ ਦੇ ਦੋਵਾਂ ਸਦਨਾਂ ਵਿਚ ਬਿਆਨ, ਨੀਟ ਪੇਪਰ ਲੀਕ ਮਾਮਲੇ 'ਤੇ ਵਿਸਤ੍ਰਿਤ ਸੰਸਦੀ ਚਰਚਾ, ਵਿਦਿਆਰਥੀਆਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਨ ਅਤੇ ਪ੍ਰਦਰਸ਼ਨ ਦੌਰਾਨ ਹੋਈ ਕਥਿਤ ਹਿੰਸਾ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ। ਇਸ ਦੌਰਾਨ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਕਿਹਾ ਕਿ ਸਰਕਾਰ ਨੀਟ ਮੁੱਦੇ 'ਤੇ ਸੰਸਦ ਵਿਚ ਚਰਚਾ ਲਈ ਤਿਆਰ ਸੀ, ਪਰ ਕਾਂਗਰਸ ਨੇ ਬਾਅਦ ਵਿਚ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਸ਼ਰਤ ਜੋੜ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਵਿਰੋਧੀ ਧਿਰ ਇਸ ਮੁੱਦੇ ਨੂੰ ਸਿਆਸੀ ਰੂਪ ਦੇ ਰਹੀ ਹੈ।

ਦੂਜੇ ਪਾਸੇ, ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਬੱਸਾਂ ਅਤੇ ਹੋਰ ਵਾਹਨਾਂ ਵਿਚ ਬਿਠਾ ਕੇ ਵੱਖ-ਵੱਖ ਥਾਵਾਂ 'ਤੇ ਲਿਜਾਇਆ ਅਤੇ ਪ੍ਰਧਾਨ ਮੰਤਰੀ ਨਿਵਾਸ ਦੇ ਆਲੇ-ਦੁਆਲੇ ਸੁਰੱਖਿਆ ਹੋਰ ਸਖ਼ਤ ਕਰ ਦਿੱਤੀ। ਦੇਰ ਸ਼ਾਮ ਤੱਕ ਇਲਾਕੇ ਨੂੰ ਖਾਲੀ ਕਰਵਾ ਦਿੱਤਾ ਗਿਆ ਅਤੇ ਸਥਿਤੀ 'ਤੇ ਨਿਗਰਾਨੀ ਜਾਰੀ ਰਹੀ।

ਸਫਾ 1 ਦਾ ਬਾਕੀ

## ਪੰਜਾਬ ਦੇ ਕਿਸਾਨਾਂ ਦਾ ਦਿੱਲੀ ਵੱਲ ਮਾਰਚ ਟਲਿਆ...

ਹਰਿਆਣਾ ਤੋਂ ਦੋਵਾਂ ਸਰਹੱਦਾਂ 'ਤੇ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ। ਅਸਥਾਈ ਜਾਂ ਸਥਾਈ ਢਾਂਚਾ ਬਣਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਰੋਕਣ ਲਈ ਉੱਥੇ ਜੇ.ਸੀ.ਬੀ. ਵੀ ਤਾਇਨਾਤ ਕੀਤੇ ਗਏ ਸਨ। ਇਸ ਦੇ ਮੱਦੇਨਜ਼ਰ, ਪੰਜਾਬ ਦੇ ਕਿਸਾਨ ਉੱਥੇ ਬੈਠ ਗਏ।

ਕਿਸਾਨ ਮਜ਼ਦੂਰ ਮੋਰਚਾ (ਕੇ.ਐੱਮ.ਐੱਮ.) ਦੇ ਕਨਵੀਨਰ ਸਰਵਣ ਪੰਧੇਰ ਨੇ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕੀਤੀ। ਕਿਸਾਨਾਂ ਦੀ ਵੱਡੀ ਭੀੜ ਨੂੰ ਦੇਖਦੇ ਹੋਏ, ਅੰਬਾਲਾ ਪੁਲਿਸ

ਸਫਾ 1 ਦਾ ਬਾਕੀ

## ਅਮਰੀਕਾ 'ਚ ਐੱਚ-1ਬੀ ਵੀਜ਼ਾ ਕੈਪ ਪੂਰੀ - ਵਿੱਤੀ ਵਰ੍ਹੇ 2027 ਲਈ...

ਇਸ ਫੈਸਲੇ ਦਾ ਸਭ ਤੋਂ ਵੱਧ ਅਸਰ ਭਾਰਤ ਸਮੇਤ ਉਨ੍ਹਾਂ ਦੇਸ਼ਾਂ ਦੇ ਹਜ਼ਾਰਾਂ ਆਈ.ਟੀ. ਇੰਜੀਨੀਅਰਾਂ, ਸਾਫਟਵੇਅਰ ਡਿਵੈਲਪਰਾਂ, ਡਾਟਾ ਸਾਇੰਟਿਸਟਾਂ ਅਤੇ ਹੋਰ ਪੇਸ਼ੇਵਰਾਂ 'ਤੇ ਪਵੇਗਾ, ਜੋ ਐੱਚ-1ਬੀ ਵੀਜ਼ੇ ਰਾਹੀਂ ਅਮਰੀਕਾ ਵਿਚ ਨੌਕਰੀ ਕਰਨ ਦੀ ਉਡੀਕ ਕਰ ਰਹੇ ਸਨ। ਹੁਣ ਜਿਨ੍ਹਾਂ ਦੀ ਚੋਣ ਨਹੀਂ ਹੋਈ, ਉਨ੍ਹਾਂ ਨੂੰ ਅਗਲੇ ਐੱਚ-1ਬੀ ਸੀਜ਼ਨ ਦੀ ਉਡੀਕ ਕਰਨੀ ਪਵੇਗੀ ਜਾਂ ਹੋਰ ਇਮੀਗ੍ਰੇਸ਼ਨ ਵਿਕਲਪਾਂ 'ਤੇ ਵਿਚਾਰ ਕਰਨਾ ਪਵੇਗਾ।

ਸਫਾ 1 ਦਾ ਬਾਕੀ

## ਟਰੰਪ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਦੀ ਥਾਂ ਅਮਰੀਕੀ...

ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਕੰਮ ਕਰ ਰਹੇ ਜ਼ਿਆਦਾਤਰ ਪੰਜਾਬੀ ਟਰੱਕਰ ਅਮਰੀਕੀ ਨਾਗਰਿਕ, ਗ੍ਰੀਨ ਕਾਰਡ ਧਾਰਕ ਜਾਂ ਕਾਨੂੰਨੀ ਵਰਕ ਪਰਮਿਟ ਵਾਲੇ ਹਨ। ਇਸ ਲਈ ਉਨ੍ਹਾਂ ਦੀਆਂ ਨੌਕਰੀਆਂ ਉੱਤੇ ਸਿੱਧਾ ਅਸਰ ਨਹੀਂ ਪਵੇਗਾ। ਪ੍ਰਭਾਵ ਮੁੱਖ ਤੌਰ 'ਤੇ ਉਨ੍ਹਾਂ ਲੋਕਾਂ ਉੱਤੇ ਪੈ ਸਕਦਾ ਹੈ, ਜਿਨ੍ਹਾਂ ਕੋਲ ਕਾਨੂੰਨੀ ਇਮੀਗ੍ਰੇਸ਼ਨ ਦਰਜਾ ਜਾਂ ਵੈਧ ਕੰਮ ਦੀ ਮਨਜ਼ੂਰੀ ਨਹੀਂ ਹੈ। ਇਸ ਦੇ ਨਾਲ ਹੀ ਟਰੰਪ ਪ੍ਰਸ਼ਾਸਨ ਗੈਰ-ਰਿਹਾਇਸ਼ੀ ਸੀ.ਡੀ.ਐੱਲ., ਇਮੀਗ੍ਰੇਸ਼ਨ ਦਸਤਾਵੇਜ਼ਾਂ ਅਤੇ ਅੰਗਰੇਜ਼ੀ ਯੋਗਤਾ ਦੀ ਜਾਂਚ ਵੀ ਸਖ਼ਤ ਕਰ ਰਿਹਾ ਹੈ। ਕਿਉਂਕਿ ਪੰਜਾਬੀ ਭਾਈਚਾਰੇ ਦੀ ਅਮਰੀਕੀ ਟਰੱਕਿੰਗ ਉਦਯੋਗ ਵਿਚ ਵੱਡੀ ਭੂਮਿਕਾ ਹੈ, ਇਸ ਲਈ ਕਿਸੇ ਵੀ ਨਵੇਂ ਨਿਯਮ ਦਾ ਅਸਰ ਇਸ ਕਾਰੋਬਾਰ ਨਾਲ ਜੁੜੇ ਲੋਕਾਂ ਉੱਤੇ ਪੈ ਸਕਦਾ ਹੈ। ਫਿਲਹਾਲ ਇਹ ਇਕ ਨੀਤੀਗਤ ਪ੍ਰਸਤਾਵ ਹੈ, ਅੰਤਿਮ ਸਰਕਾਰੀ ਹੁਕਮ ਨਹੀਂ।



FOR SALE & PURCHASE OF ANY KIND OF PROPERTY

RE/MAX
RE/MAX Outstanding Agents Outstanding Results®
DRE Lic. # 01215931 (Broker)
Gurjatinder S. Randhawa
REALTOR CA DRE licence # 01490567
916-320-9444

# ਆਸਟ੍ਰੇਲੀਆ 'ਚ ਪੰਜਾਬੀ ਟਰੱਕ ਡਰਾਈਵਰਾਂ ਨੂੰ ਕਰਨਾ ਪੈ ਰਿਹੈ ਨਸਲੀ ਵਿਤਕਰੇ ਦੇ ਸਾਹਮਣਾ!

**ਸਿਡਨੀ, (ਪੰਜਾਬ ਮੇਲ)-** ਆਸਟ੍ਰੇਲੀਆ ਦੇ ਟਰਾਂਸਪੋਰਟ ਸੈਕਟਰ 'ਚ ਕੰਮ ਕਰ ਰਹੇ ਭਾਰਤੀ ਅਤੇ ਖ਼ਾਸਕਰ ਪੰਜਾਬੀ ਟਰੱਕ ਡਰਾਈਵਰਾਂ ਨੂੰ ਗੰਭੀਰ ਨਸਲੀ ਵਿਤਕਰੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਦੀ ਇੱਕ ਜਾਂਚ ਰਿਪੋਰਟ ਅਨੁਸਾਰ ਪੱਗਾਂ ਪਹਿਨਣ, ਆਪਸ ਵਿਚ ਪੰਜਾਬੀ ਬੋਲਣ ਅਤੇ ਵੱਖਰੇ ਲਹਿਜ਼ੇ ਕਾਰਨ ਪੰਜਾਬੀ ਡਰਾਈਵਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇੰਸਟਾਗ੍ਰਾਮ 'ਤੇ ਵਾਇਰਲ ਹੋਈ ਇੱਕ ਸੀ.ਬੀ. ਰੇਡੀਓ ਦੀ ਆਡੀਓ ਕਲਿੱਪ ਵਿਚ ਪੰਜਾਬੀਆਂ ਨੂੰ ਜਾਨੋਂ ਮਾਰਨ, ਉਨ੍ਹਾਂ ਦੇ ਬੱਚਿਆਂ ਨੂੰ ਡੁਬੋਣ ਅਤੇ ਔਰਤਾਂ ਨੂੰ ਗੁਲਾਮ ਬਣਾ ਕੇ ਵੇਚਣ ਵਰਗੀਆਂ ਖ਼ੌਫ਼ਨਾਕ ਧਮਕੀਆਂ ਦਿੱਤੀਆਂ ਗਈਆਂ ਹਨ, ਜਿਸ ਕਾਰਨ ਬਹੁਤ ਸਾਰੇ ਡਰਾਈਵਰਾਂ ਨੇ ਡਰ ਦੇ ਮਾਰੇ ਰੇਡੀਓ ਦੀ ਵਰਤੋਂ ਹੀ ਬੰਦ ਕਰ ਦਿੱਤੀ ਹੈ।

**■ ਸਰਕਾਰ ਨੇ ਚੁੱਕਿਆ ਸਖ਼ਤ ਕਦਮ; ਮਾਈਗ੍ਰੈਂਟ ਵਰਕਰ ਸਪੋਰਟ ਸੈਂਟਰ ਸਥਾਪਤ ਕਰਨ ਦਾ ਐਲਾਨ**

ਇਸ ਦੌਰਾਨ ਕਈ ਦਰਦਨਾਕ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਇਕ ਪੰਜਾਬੀ ਡਰਾਈਵਰ ਅਨੁਸਾਰ ਦੱਖਣੀ ਆਸਟ੍ਰੇਲੀਆ ਦੇ ਇੱਕ ਟਰੱਕ ਸਟਾਪ 'ਤੇ ਜਦੋਂ ਉਹ ਆਪਣੀ ਪਤਨੀ ਨਾਲ ਫ਼ੋਨ 'ਤੇ ਪੰਜਾਬੀ ਵਿਚ ਗੱਲ ਕਰ ਰਿਹਾ ਸੀ, ਤਾਂ ਇੱਕ ਸਥਾਨਕ ਵਿਅਕਤੀ ਨੇ ਉਸ 'ਤੇ ਥੁੱਕ ਦਿੱਤਾ ਅਤੇ ਅੰਗਰੇਜ਼ੀ ਵਿਚ ਗੱਲ ਕਰਨ ਲਈ ਕਿਹਾ। ਇਸੇ ਤਰ੍ਹਾਂ 10 ਸਾਲਾਂ ਦੇ ਤਜ਼ਰਬੇ ਵਾਲੇ ਇਕ ਹੋਰ ਪੰਜਾਬੀ ਨੇ ਲਗਾਤਾਰ ਹੁੰਦੀਆਂ ਨਸਲੀ ਟਿੱਪਣੀਆਂ ਅਤੇ ਪੱਗ ਦਾ ਮਜ਼ਾਕ ਉਡਾਏ ਜਾਣ ਤੋਂ ਤੰਗ ਆ ਕੇ ਮਹਿਜ਼ 8 ਮਹੀਨਿਆਂ ਵਿਚ ਹੀ ਆਪਣੀ ਜੌਬ ਛੱਡ ਦਿੱਤੀ। ਆਸਟ੍ਰੇਲੀਅਨ ਟਰੱਕਿੰਗ ਐਸੋਸੀਏਸ਼ਨ (ਏ.ਟੀ.ਏ.) ਅਤੇ ਨੈਸ਼ਨਲ ਹੈਵੀ ਵਹੀਕਲ ਰੈਗੂਲੇਟਰ (ਐੱਨ.ਐੱਚ.ਵੀ.ਆਰ.) ਨੇ ਇਸ ਘਿਨੌਣੇ ਵਿਵਹਾਰ ਦੀ ਨਿੰਦਾ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਅਜਿਹੀ ਮਾਨਸਿਕ ਸਟ੍ਰੈੱਸ ਕਾਰਨ ਸੜਕ ਹਾਦਸਿਆਂ ਦਾ ਰਿਸਕ ਵਧ ਸਕਦਾ ਹੈ।

ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਆਸਟ੍ਰੇਲੀਆਈ ਗ੍ਰਹਿ ਮੰਤਰੀ ਟੋਨੀ ਬਰਕ ਨੇ ਸਖ਼ਤ ਨਾਰਾਜ਼ਗੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਆਸਟ੍ਰੇਲੀਆ ਇੱਕ ਆਰਕੈਸਟਰਾ ਵਾਂਗ ਹੈ, ਜਿੱਥੇ ਹਰ ਸੱਭਿਆਚਾਰ ਦਾ ਆਪਣਾ ਸਥਾਨ ਹੈ ਅਤੇ ਭਾਰਤੀ-ਸਿੱਖ ਭਾਈਚਾਰੇ ਵਿਰੁੱਧ ਅਜਿਹੀ ਨਫ਼ਰਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਰਕਾਰ ਨੇ ਹਰ ਵੱਡੇ ਸ਼ਹਿਰ ਵਿਚ ਮਾਈਗ੍ਰੈਂਟ ਵਰਕਰ ਸਪੋਰਟ ਸੈਂਟਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ, ਜਿੱਥੇ ਡਰਾਈਵਰ ਬਿਨਾਂ ਕਿਸੇ ਝਿਜਕ ਜਾਂ ਵੀਜ਼ਾ ਰੱਦ ਹੋਣ ਦੇ ਡਰ ਤੋਂ ਗੁਪਤ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਸਰਕਾਰ ਨੇ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਵੀਜ਼ਾ ਸੁਰੱਖਿਆ ਨਿਯਮਾਂ ਵਿਚ ਵੱਡਾ ਬਦਲਾਅ ਕੀਤਾ ਹੈ। ਹੁਣ, ਜੇਕਰ ਕੋਈ ਕਾਮਾ ਆਪਣੇ ਨਾਲ ਹੋ ਰਹੀ ਬਦਸਲੂਕੀ ਜਾਂ ਸ਼ੋਸ਼ਣ ਦੀ ਰਿਪੋਰਟ ਕਰਦਾ ਹੈ, ਤਾਂ ਉਸਦਾ ਮਾਲਕ ਬਦਲਾ ਲੈਣ ਦੀ ਨੀਅਤ ਨਾਲ ਉਸਦਾ ਵੀਜ਼ਾ ਰੱਦ ਨਹੀਂ ਕਰਵਾ ਸਕੇਗਾ। ਬਰਕ ਅਨੁਸਾਰ ਪੁਰਾਣੇ ਸਿਸਟਮ ਵਿਚ ਕਾਮਿਆਂ ਕੋਲ ਕੋਈ ਤਾਕਤ ਨਹੀਂ ਸੀ, ਪਰ ਇਹ ਨਵਾਂ ਸੁਧਾਰ ਉਨ੍ਹਾਂ ਨੂੰ ਨਿਡਰ ਹੋ ਕੇ ਬੋਲਣ ਦੀ ਸ਼ਕਤੀ ਦੇਵੇਗਾ।

ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਵਿਚ ਲਗਭਗ 5,000 ਤੋਂ 8,000 ਪੰਜਾਬੀ ਟਰੱਕ ਡਰਾਈਵਰ ਹਨ, ਜੋ ਦੇਸ਼ ਦੀ ਸਪਲਾਈ ਚੇਨ ਅਤੇ ਲੌਜਿਸਟਿਕਸ ਸੈਕਟਰ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ। ਇੰਟਰਨੈਸ਼ਨਲ ਰੋਡ ਟਰਾਂਸਪੋਰਟ ਯੂਨੀਅਨ ਅਨੁਸਾਰ ਆਸਟ੍ਰੇਲੀਆ ਵਿਚ ਪਹਿਲਾਂ ਹੀ 28,000 ਭਾਰੀ ਵਾਹਨ ਚਾਲਕਾਂ ਦੀ ਸ਼ਾਰਟੇਜ ਹੈ। ਅਜਿਹੇ ਵਿਚ ਨਸਲੀ ਹਮਲਿਆਂ ਕਾਰਨ ਭਾਰਤੀ ਡਰਾਈਵਰਾਂ ਦਾ ਇਹ ਖੇਤਰ ਛੱਡਣਾ ਆਸਟ੍ਰੇਲੀਆਈ ਅਰਥਵਿਵਸਥਾ ਅਤੇ ਟਰਾਂਸਪੋਰਟ ਪ੍ਰਣਾਲੀ ਲਈ ਇੱਕ ਵੱਡਾ ਸੰਕਟ ਖੜ੍ਹਾ ਕਰ ਸਕਦਾ ਹੈ।

# ਕੇਂਦਰ ਨੇ ਪੰਜਾਬ ਨੂੰ ਫੰਡ ਦੇਣ 'ਚ ਹੱਥ ਘੁੱਟਿਆ, ਪਹਿਲੀ ਤਿਮਾਹੀ ਵਿਚ 14 ਫ਼ੀਸਦੀ ਫੰਡ ਘੱਟ ਮਿਲੇ

**ਚੰਡੀਗੜ੍ਹ, (ਪੰਜਾਬ ਮੇਲ)-** ਕੇਂਦਰ ਸਰਕਾਰ ਨੇ ਚਾਲੂ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ 'ਚ ਪੰਜਾਬ ਨੂੰ ਫੰਡ ਦੇਣ 'ਚ ਹੱਥ ਘੁੱਟਿਆ ਹੈ। ਹਾਲਾਂਕਿ ਕੇਂਦਰ ਸਰਕਾਰ ਇਹ ਦਾਅਵੇ ਕਰ ਰਹੀ ਹੈ ਕਿ ਪੰਜਾਬ ਨੂੰ ਬੀਤੇ 12 ਸਾਲਾਂ 'ਚ ਫੰਡ ਦੇਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਇਨ੍ਹਾਂ ਦਾਅਵਿਆਂ ਤੋਂ ਉਲਟ ਸਥਿਤੀ ਉੱਭਰੀ ਹੈ। ਵਿੱਤੀ ਵਰ੍ਹਾ 2026-27 ਦੇ ਤਾਜ਼ਾ ਵਿੱਤੀ ਸੂਚਕਾਂ ਦੀ ਪਿਛਲੇ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ ਨਾਲ ਕੀਤੀ ਤੁਲਨਾ ਤੋਂ ਪਤਾ ਲੱਗਿਆ ਹੈ ਕਿ ਕੇਂਦਰ ਤੋਂ ਪ੍ਰਾਪਤ ਫੰਡਾਂ 'ਚ 14 ਫ਼ੀਸਦੀ ਦੀ ਕਮੀ ਆਈ ਹੈ। ਥੋੜ੍ਹਾ ਅਰਸਾ ਪਹਿਲਾਂ ਪੰਜਾਬ ਭਾਜਪਾ ਨੇ ਸੂਬੇ ਨੂੰ ਕੇਂਦਰ ਤਰਫ਼ੋਂ ਮਿਲੇ ਫੰਡਾਂ ਦਾ ਵਿਸਥਾਰ 'ਚ ਖ਼ੁਲਾਸਾ ਕੀਤਾ ਸੀ। ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਵੱਲੋਂ ਅਪ੍ਰੈਲ-ਮਈ 2026 ਦੇ ਜਾਰੀ ਕੀਤੇ ਤਾਜ਼ਾ ਵਿੱਤੀ ਸੂਚਕਾਂ ਅਨੁਸਾਰ ਪੰਜਾਬ ਸਰਕਾਰ ਨੂੰ ਪ੍ਰਾਪਤ ਹੋਏ ਕੇਂਦਰੀ ਟੈਕਸਾਂ ਦੇ ਹਿੱਸੇ, ਗਰਾਂਟ ਇੰਨ ਏਡ ਅਤੇ ਯੋਗਦਾਨ ਦੀ ਕੁੱਲ ਰਾਸ਼ੀ 5764.26 ਕਰੋੜ ਰੁਪਏ ਸੀ, ਜਦੋਂ ਕਿ ਸਾਲ 2025 ਦੀ ਪਹਿਲੀ ਤਿਮਾਹੀ ਦੌਰਾਨ ਪ੍ਰਾਪਤ ਹੋਏ ਕੇਂਦਰੀ ਟੈਕਸਾਂ ਦੇ ਹਿੱਸੇ, ਗਰਾਂਟ ਇੰਨ ਏਡ ਅਤੇ ਯੋਗਦਾਨ ਦੀ ਰਾਸ਼ੀ 6701.62 ਕਰੋੜ ਰੁਪਏ ਸੀ।

ਵਿੱਤੀ ਸੂਚਕਾਂ ਦੇ ਵਿਸ਼ਲੇਸ਼ਣ ਅਨੁਸਾਰ ਸਾਲ 2026-27 ਦੀ ਪਹਿਲੀ ਤਿਮਾਹੀ ਵਿਚ ਪੰਜਾਬ ਨੂੰ ਪ੍ਰਾਪਤ ਹੋਏ ਕੇਂਦਰੀ ਟੈਕਸਾਂ ਦਾ ਹਿੱਸਾ ਘੱਟ ਕੇ 5256.21 ਕਰੋੜ ਰੁਪਏ ਰਹਿ ਗਿਆ ਹੈ, ਜੋ ਕਿ ਅਪ੍ਰੈਲ ਤੋਂ ਜੂਨ 2025 ਦੌਰਾਨ ਇਹੋ ਰਾਸ਼ੀ 5907.88 ਕਰੋੜ ਰੁਪਏ ਸੀ। ਇਸੇ ਤਰ੍ਹਾਂ ਗਰਾਂਟ ਇੰਨ ਏਡ ਅਤੇ ਯੋਗਦਾਨ ਦੀ ਰਾਸ਼ੀ 508.05 ਕਰੋੜ ਰਹਿ ਗਈ ਹੈ, ਜੋ ਕਿ ਪਿਛਲੇ ਸਾਲ ਦੀ ਪਹਿਲੀ ਤਿਮਾਹੀ 'ਚ 793.74 ਕਰੋੜ ਸੀ।

# ਮਿਸ ਵਰਲਡ ਮੁਕਾਬਲੇ ਦੇ 73 ਸਾਲਾ ਇਤਿਹਾਸ 'ਚ ਪਾਕਿਸਤਾਨ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਲਵੇਗਾ ਹਿੱਸਾ!

**ਲਾਹੌਰ, (ਪੰਜਾਬ ਮੇਲ)-** ਮਿਸ ਵਰਲਡ ਮੁਕਾਬਲੇ ਦੇ 73 ਸਾਲਾਂ ਦੇ ਇਤਿਹਾਸ ਵਿਚ ਪਾਕਿਸਤਾਨ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਹਿੱਸਾ ਲੈਣ ਜਾ ਰਿਹਾ ਹੈ। ਵੀਅਤਨਾਮ ਵਿਚ ਹੋਣ ਵਾਲੇ ਮਿਸ ਵਰਲਡ ਫੈਸਟੀਵਲ ਦੇ 75ਵੇਂ ਵਰ੍ਹੇਗੰਢ ਐਡੀਸ਼ਨ ਵਿਚ 24 ਸਾਲਾ ਅਨਿਕਾ ਜਮਾਲ ਇਕਬਾਲ ਪਾਕਿਸਤਾਨ ਦੀ ਨੁਮਾਇੰਦਗੀ ਕਰੇਗੀ। ਅਨਿਕਾ ਨੂੰ ਹਾਲ ਹੀ ਵਿਚ ਲਾਹੌਰ ਵਿਚ ਇੱਕ ਸਮਾਰੋਹ ਦੌਰਾਨ 'ਮਿਸ ਵਰਲਡ ਪਾਕਿਸਤਾਨ 2026' ਦਾ ਤਾਜ ਪਹਿਨਾਇਆ ਗਿਆ ਹੈ।

ਇਹ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਮਾਡਲਿੰਗ ਇਸਲਾਮੀ ਗਣਰਾਜ ਪਾਕਿਸਤਾਨ ਵਿਚ ਕੁੜੀਆਂ ਲਈ ਇੱਕ ਮੁਸ਼ਕਲ ਕੰਮ ਰਿਹਾ ਹੈ। ਫੈਸ਼ਨ ਸ਼ੋਅ ਅਤੇ ਇਸ ਤਰ੍ਹਾਂ ਦੇ ਸਮਾਗਮਾਂ ਨੂੰ ਅਕਸਰ ਸੱਜੇ-ਪੱਖੀ ਸਮੂਹਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੁਕਾਬਲੇ ਵਿਚ ਅਨਿਕਾ ਦੀ ਭਾਗੀਦਾਰੀ ਇਸਲਾਮੀ ਕੱਟੜਪੰਥੀਆਂ ਨੂੰ ਨਾਰਾਜ਼ ਕਰ ਸਕਦੀ ਹੈ।

ਦੱਸ ਦੇਈਏ ਕਿ ਅਨਿਕਾ ਇਸ ਸਮੇਂ ਅਕਾਊਂਟਿੰਗ ਅਤੇ ਆਡਿਟਿੰਗ ਵਿਚ ਮਾਸਟਰਜ਼ ਦੀ ਡਿਗਰੀ ਕਰ ਰਹੀ ਹੈ। ਹਾਲਾਂਕਿ ਉਹ ਅੰਤਰਰਾਸ਼ਟਰੀ ਸੁੰਦਰਤਾ ਮੁਕਾਬਲਿਆਂ ਲਈ ਨਵੀਂ ਨਹੀਂ ਹੈ। ਉਹ ਪਹਿਲਾਂ ਵੀ 'ਮਿਸ ਅਰਥ', 'ਮਿਸ ਗਲੋਬਲ', 'ਮਿਸ ਕਾਸਮੋ', 'ਮਿਸ ਈਕੋ ਇੰਟਰਨੈਸ਼ਨਲ' ਅਤੇ

**■ ਅਨਿਕਾ ਜਮਾਲ ਇਕਬਾਲ ਪਾਕਿਸਤਾਨ ਦੀ ਨੁਮਾਇੰਦਗੀ ਕਰੇਗੀ**



'ਮਿਸ ਔਰਾ ਇੰਟਰਨੈਸ਼ਨਲ' ਵਿਚ ਪਾਕਿਸਤਾਨ ਦੀ ਨੁਮਾਇੰਦਗੀ ਕਰ ਚੁੱਕੀ ਹੈ। ਉਸ ਨੂੰ ਅੰਤਰਰਾਸ਼ਟਰੀ ਪਛਾਣ ਕੋਸੋਵੋ ਵਿਚ ਹੋਏ 'ਮਿਸ ਫ੍ਰੀਡਮ ਆਫ ਦਿ ਵਰਲਡ' ਮੁਕਾਬਲੇ ਵਿਚ 4 ਖਿਤਾਬ ਜਿੱਤਣ ਤੋਂ ਬਾਅਦ ਮਿਲੀ ਸੀ।

ਪਾਕਿਸਤਾਨੀ ਪ੍ਰਤੀਯੋਗੀ ਨੇ ਪਿਛਲੇ ਸਾਲਾਂ ਦੌਰਾਨ ਕਈ ਅੰਤਰਰਾਸ਼ਟਰੀ ਸੁੰਦਰਤਾ ਮੁਕਾਬਲਿਆਂ ਵਿਚ ਦੇਸ਼ ਦੀ ਨੁਮਾਇੰਦਗੀ ਕੀਤੀ ਹੈ, ਪਰ ਇਹ ਮਿਸ ਵਰਲਡ ਵਿਚ ਦੇਸ਼ ਦੀ ਪਹਿਲੀ ਅਧਿਕਾਰਤ ਹਾਜ਼ਰੀ ਹੋਵੇਗੀ। ਅਨਿਕਾ ਦਾ ਕਹਿਣਾ ਹੈ ਕਿ ਮਿਸ ਵਰਲਡ ਵਿਚ ਪਾਕਿਸਤਾਨ ਦੀ ਨੁਮਾਇੰਦਗੀ ਕਰਨਾ ਉਸ ਲਈ ਸਨਮਾਨ ਦੀ ਗੱਲ ਹੈ।






# ਰੋਪੜ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਹਿਮਾਚਲ ਦੇ ਵਾਹਨਾਂ 'ਤੇ ਜਵਾਬੀ ਐਂਟਰੀ ਟੈਕਸ ਲਗਾਉਣ ਦਾ ਮਤਾ ਪਾਸ

**ਰੋਪੜ, (ਪੰਜਾਬ ਮੇਲ)-** ਰੋਪੜ ਜ਼ਿਲ੍ਹਾ ਪ੍ਰੀਸ਼ਦ ਨੇ ਸੋਮਵਾਰ ਨੂੰ ਇੱਕ ਮਤਾ ਪਾਸ ਕਰਕੇ ਗੁਆਂਢੀ ਪਹਾੜੀ ਸੂਬੇ ਹਿਮਾਚਲ ਪ੍ਰਦੇਸ਼ ਤੋਂ ਜ਼ਿਲ੍ਹੇ ਵਿਚ ਦਾਖ਼ਲ ਹੋਣ ਵਾਲੇ ਵਾਹਨਾਂ 'ਤੇ ਐਂਟਰੀ ਟੈਕਸ ਲਗਾਉਣ ਦੀ ਮੰਗ ਕੀਤੀ ਹੈ। ਇਹ ਮਤਾ ਜ਼ਿਲ੍ਹਾ ਪ੍ਰੀਸ਼ਦ ਦੀ ਮੀਟਿੰਗ ਦੌਰਾਨ ਰੋਪੜ ਤੋਂ 'ਆਪ' ਵਿਧਾਇਕ ਦਿਨੇਸ਼ ਚੱਢਾ ਵੱਲੋਂ ਪੇਸ਼ ਕੀਤਾ ਗਿਆ, ਜੋ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਵੀ ਹਨ। ਇਸ ਪ੍ਰਸਤਾਵ ਨੂੰ 'ਪੰਜਾਬ ਪੰਚਾਇਤੀ ਰਾਜ ਐਕਟ' ਦੇ ਪ੍ਰਬੰਧਾਂ ਤਹਿਤ ਮਨਜ਼ੂਰੀ ਲਈ ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ। ਚੱਢਾ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਨੂੰ 'ਪੰਜਾਬ ਪੰਚਾਇਤੀ ਰਾਜ ਐਕਟ' ਦੀ ਧਾਰਾ 189 ਤਹਿਤ ਟੈਕਸ ਅਤੇ ਫ਼ੀਸਾਂ ਲਗਾਉਣ ਦਾ ਅਧਿਕਾਰ ਹੈ। ਪ੍ਰਸਤਾਵਿਤ ਟੈਕਸ ਦਾ ਮਕਸਦ ਉਨ੍ਹਾਂ ਪੇਂਡੂ ਸੜਕਾਂ ਦੇ ਰੱਖ-ਰਖਾਅ ਲਈ ਫੰਡ ਜੁਟਾਉਣਾ ਹੈ, ਜਿਨ੍ਹਾਂ ਦੀ ਹਿਮਾਚਲ ਪ੍ਰਦੇਸ਼ ਤੋਂ ਆਉਣ ਵਾਲੇ ਵਾਹਨਾਂ ਦੁਆਰਾ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਰੋਪੜ ਜ਼ਿਲ੍ਹੇ ਦੇ ਪੇਂਡੂ ਸੜਕੀ ਨੈੱਟਵਰਕ 'ਤੇ ਹਿਮਾਚਲ ਪ੍ਰਦੇਸ਼ ਤੋਂ ਆਉਣ ਵਾਲੇ ਵਪਾਰਕ (ਕਮਰਸ਼ੀਅਲ) ਵਾਹਨਾਂ ਅਤੇ ਹੋਰ ਆਵਾਜਾਈ ਦਾ ਭਾਰੀ ਬੋਝ ਹੈ।




ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



# ਟਰੰਪ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਦੀ ਥਾਂ ਅਮਰੀਕੀ ਸਾਬਕਾ ਸੈਨਿਕਾਂ ਨੂੰ ਲਿਆਉਣ ਦਾ ਐਲਾਨ; ਪੰਜਾਬੀ ਟਰੱਕਰਾਂ 'ਚ ਚਿੰਤਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੀਆਂ ਸੜਕਾਂ ਤੋਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਰਜੇ ਵਾਲੇ ਟਰੱਕ ਡਰਾਈਵਰਾਂ ਨੂੰ ਹਟਾਉਣ ਅਤੇ ਉਨ੍ਹਾਂ ਦੀ ਥਾਂ ਅਮਰੀਕੀ ਫ਼ੌਜ ਦੇ ਸਾਬਕਾ ਸੈਨਿਕਾਂ ਨੂੰ ਟਰੱਕ ਚਲਾਉਣ ਦੀਆਂ ਨੌਕਰੀਆਂ ਦੇਣ ਦੀ ਯੋਜਨਾ ਦਾ ਐਲਾਨ ਕੀਤਾ ਹੈ। ਇਸ ਬਿਆਨ ਤੋਂ ਬਾਅਦ ਅਮਰੀਕਾ ਦੇ ਟਰੱਕਿੰਗ ਕਾਰੋਬਾਰ ਵਿਚ ਵੱਡੀ ਗਿਣਤੀ ਵਿਚ ਕੰਮ ਕਰ ਰਹੇ ਪੰਜਾਬੀ, ਸਿੱਖ ਅਤੇ ਹੋਰ ਭਾਰਤੀ ਮੂਲ ਦੇ ਟਰੱਕ ਡਰਾਈਵਰਾਂ ਵਿਚ ਚਿੰਤਾ ਪੈਦਾ ਹੋ ਗਈ ਹੈ। ਹਾਲਾਂਕਿ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਟਰੰਪ ਨੇ ਸਾਰੇ ਪ੍ਰਵਾਸੀ ਟਰੱਕ ਡਰਾਈਵਰਾਂ ਨੂੰ ਹਟਾਉਣ ਦੀ ਗੱਲ ਨਹੀਂ ਕੀਤੀ, ਸਗੋਂ ਉਨ੍ਹਾਂ ਦਾ ਬਿਆਨ ਖ਼ਾਸ ਤੌਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਰਜੇ ਵਾਲੇ ਡਰਾਈਵਰਾਂ ਬਾਰੇ ਸੀ।

ਟਰੰਪ ਨੇ 15 ਜੁਲਾਈ ਨੂੰ ਪੈਨਸਿਲਵੇਨੀਆ ਦੇ ਕਾਰਲਾਈਲ ਸਥਿਤ ਅਮਰੀਕੀ ਆਰਮੀ ਵਾਰ ਕਾਲਜ ਵਿਚ ਕਰਵਾਏ ਗਏ ਪੈਨਸਿਲਵੇਨੀਆ ਡਿਫੈਂਸ ਐਂਡ ਇਨੋਵੇਸ਼ਨ ਸਮਿਟ ਦੌਰਾਨ ਇਹ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਜਲਦੀ ਹੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਟਰੱਕ ਡਰਾਈਵਰਾਂ ਖ਼ਿਲਾਫ਼ "ਇਤਿਹਾਸਕ ਕਾਰਵਾਈ" ਕਰੇਗਾ। ਟਰੰਪ ਨੇ ਦੋਸ਼ ਲਗਾਇਆ ਕਿ ਕੁਝ ਡਰਾਈਵਰ ਸੜਕਾਂ ਦੇ ਸੰਕੇਤ ਪੜ੍ਹਨ ਦੇ ਯੋਗ ਨਹੀਂ ਹਨ ਅਤੇ ਕੁਝ ਨਸ਼ਿਆਂ ਜਾਂ ਸ਼ਰਾਬ ਦੇ ਪ੍ਰਭਾਵ ਹੇਠ ਵਾਹਨ ਚਲਾਉਂਦੇ ਹਨ। ਉਨ੍ਹਾਂ ਨੇ ਇਨ੍ਹਾਂ ਦਾਅਵਿਆਂ ਦੇ ਸਮਰਥਨ ਵਿਚ ਆਪਣੇ ਭਾਸ਼ਣ ਦੌਰਾਨ ਕੋਈ ਸਮੁੱਚੇ ਰਾਸ਼ਟਰੀ ਅੰਕੜੇ ਪੇਸ਼ ਨਹੀਂ ਕੀਤੇ।

ਟਰੰਪ ਨੇ ਕਿਹਾ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਰਜੇ ਵਾਲੇ ਟਰੱਕਰਾਂ ਦੀ ਥਾਂ "ਮਾਣਮੱਤੇ ਅਮਰੀਕੀ ਸਾਬਕਾ ਸੈਨਿਕਾਂ" ਨੂੰ ਦਿੱਤੀ ਜਾਵੇਗੀ। ਉਨ੍ਹਾਂ ਮੁਤਾਬਕ ਜਿਨ੍ਹਾਂ ਸਾਬਕਾ ਸੈਨਿਕਾਂ ਨੇ ਅਮਰੀਕੀ ਫ਼ੌਜ ਵਿਚ ਸੇਵਾ ਦੌਰਾਨ ਭਾਰੀ ਟਰੱਕ ਜਾਂ ਇਸੇ ਕਿਸਮ ਦੇ ਵਾਹਨ ਚਲਾਏ ਹਨ, ਉਨ੍ਹਾਂ ਨੂੰ ਵਪਾਰਕ ਡਰਾਈਵਿੰਗ ਲਾਇਸੈਂਸ, ਜਿਸ ਨੂੰ ਸੀ.ਡੀ.ਐੱਲ. ਕਿਹਾ ਜਾਂਦਾ ਹੈ, ਲਈ ਤੇਜ਼ ਅਤੇ ਆਸਾਨ ਰਸਤਾ ਦਿੱਤਾ ਜਾਵੇਗਾ। ਟਰੰਪ ਨੇ ਇੱਥੋਂ ਤੱਕ ਕਿਹਾ ਕਿ ਫ਼ੌਜ ਵਿਚ ਭਾਰੀ ਟਰੱਕ ਚਲਾ ਚੁੱਕੇ ਅਮਰੀਕੀ ਸੈਨਿਕ ਸੀ.ਡੀ.ਐੱਲ. ਲਈ ਆਪਣੇ ਆਪ ਯੋਗ ਮੰਨੇ ਜਾਣਗੇ। ਪਰ ਪ੍ਰਸ਼ਾਸਨ ਨੇ ਅਜੇ ਇਹ ਨਹੀਂ ਦੱਸਿਆ ਕਿ ਇਹ ਪ੍ਰਕਿਰਿਆ ਕਦੋਂ ਸ਼ੁਰੂ ਹੋਵੇਗੀ, ਕਿਹੜੇ ਟੈਸਟ ਮੁਆਫ਼ ਕੀਤੇ ਜਾਣਗੇ ਅਤੇ ਮੌਜੂਦਾ ਰਾਜ ਪੱਧਰੀ ਲਾਇਸੈਂਸ ਨਿਯਮਾਂ ਵਿਚ ਕੀ ਤਬਦੀਲੀ ਕੀਤੀ ਜਾਵੇਗੀ।

ਅਮਰੀਕਾ ਵਿਚ ਸਾਬਕਾ ਸੈਨਿਕਾਂ ਲਈ ਵਪਾਰਕ ਡਰਾਈਵਿੰਗ ਲਾਇਸੈਂਸ ਹਾਸਲ ਕਰਨ ਦਾ ਤੇਜ਼ ਰਸਤਾ ਪਹਿਲਾਂ ਹੀ ਮੌਜੂਦ ਹੈ। ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਿਨਿਸਟ੍ਰੇਸ਼ਨ ਦੇ ਮਿਲਟਰੀ ਸਕਿੱਲਜ਼ ਟੈਸਟ ਵੇਵਰ ਪ੍ਰੋਗਰਾਮ ਤਹਿਤ ਯੋਗ ਸੈਨਿਕ ਅਤੇ ਸਾਬਕਾ ਸੈਨਿਕ, ਜਿਨ੍ਹਾਂ ਕੋਲ ਫ਼ੌਜੀ ਭਾਰੀ ਵਾਹਨ ਚਲਾਉਣ ਦਾ ਤਜ਼ਰਬਾ ਹੋਵੇ, ਸੀ.ਡੀ.ਐੱਲ. ਦੇ ਸੜਕ ਉੱਤੇ ਡਰਾਈਵਿੰਗ ਟੈਸਟ ਤੋਂ ਛੋਟ ਲੈ ਸਕਦੇ ਹਨ। ਇਹ ਪ੍ਰੋਗਰਾਮ ਸਾਰੇ ਰਾਜਾਂ ਵਿਚ ਉਪਲਬਧ ਹੈ। ਕੁਝ ਮਾਮਲਿਆਂ ਵਿਚ ਲਿਖਤੀ ਗਿਆਨ ਪ੍ਰੀਖਿਆ ਲਈ ਵੀ ਵੱਖਰਾ ਛੋਟ ਪ੍ਰੋਗਰਾਮ ਹੈ। ਇਸ ਲਈ ਟਰੰਪ ਦਾ ਨਵਾਂ ਐਲਾਨ ਮੌਜੂਦਾ ਪ੍ਰੋਗਰਾਮ ਨੂੰ ਹੋਰ ਵੱਡਾ ਜਾਂ ਹੋਰ ਆਸਾਨ ਬਣਾਉਣ ਦੀ ਕੋਸ਼ਿਸ਼ ਹੋ ਸਕਦਾ ਹੈ, ਪਰ ਇਸ ਦੀ ਕਾਨੂੰਨੀ ਅਤੇ ਪ੍ਰਸ਼ਾਸਕੀ ਰੂਪ-ਰੇਖਾ ਅਜੇ ਸਾਹਮਣੇ ਨਹੀਂ ਆਈ।

ਟਰੰਪ ਨੇ ਆਪਣਾ ਐਲਾਨ ਪੈਨਸਿਲਵੇਨੀਆ ਸਟੇਟ ਪੁਲਿਸ ਦੇ ਜਵਾਨ ਮਾਈਕਲ ਪਹੀਰਾ ਜੂਨੀਅਰ ਦੀ ਮੌਤ ਨਾਲ ਵੀ ਜੋੜਿਆ। ਪਹੀਰਾ ਦੀ 1 ਜੁਲਾਈ ਨੂੰ ਇੰਟਰਸਟੇਟ 81 ਉੱਤੇ ਇਕ ਵਪਾਰਕ ਵਾਹਨ ਦੀ ਜਾਂਚ ਕਰਦਿਆਂ ਟਰੱਕ ਦੀ ਟੱਕਰ ਨਾਲ ਮੌਤ ਹੋ ਗਈ ਸੀ। ਇਸ ਮਾਮਲੇ ਵਿਚ ਗ੍ਰਿਫ਼ਤਾਰ ਟਰੱਕ ਡਰਾਈਵਰ ਮਾਈਕਲ ਬੋਨ ਹੈਤੀ ਦਾ ਨਾਗਰਿਕ ਦੱਸਿਆ ਗਿਆ ਹੈ ਅਤੇ ਉਸ ਉੱਤੇ ਵਾਹਨ ਰਾਹੀਂ ਮੌਤ ਦਾ ਕਾਰਨ ਬਣਨ ਸਮੇਤ ਕਈ ਦੋਸ਼ ਲਗਾਏ ਗਏ ਹਨ। ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਨੇ ਉਸ ਖ਼ਿਲਾਫ਼ ਇਮੀਗ੍ਰੇਸ਼ਨ ਹਿਰਾਸਤ ਦੀ ਬੇਨਤੀ ਵੀ ਦਰਜ ਕੀਤੀ ਹੈ।

**ਟਰੰਪ ਨੇ ਆਪਣਾ ਐਲਾਨ ਪੈਨਸਿਲਵੇਨੀਆ ਸਟੇਟ ਪੁਲਿਸ ਦੇ ਜਵਾਨ ਮਾਈਕਲ ਪਹੀਰਾ ਜੂਨੀਅਰ ਦੀ ਮੌਤ ਨਾਲ ਵੀ ਜੋੜਿਆ। ਪਹੀਰਾ ਦੀ 1 ਜੁਲਾਈ ਨੂੰ ਇੰਟਰਸਟੇਟ 81 ਉੱਤੇ ਇਕ ਵਪਾਰਕ ਵਾਹਨ ਦੀ ਜਾਂਚ ਕਰਦਿਆਂ ਟਰੱਕ ਦੀ ਟੱਕਰ ਨਾਲ ਮੌਤ ਹੋ ਗਈ ਸੀ। ਇਸ ਮਾਮਲੇ ਵਿਚ ਗ੍ਰਿਫ਼ਤਾਰ ਟਰੱਕ ਡਰਾਈਵਰ ਮਾਈਕਲ ਬੋਨ ਹੈਤੀ ਦਾ ਨਾਗਰਿਕ ਦੱਸਿਆ ਗਿਆ ਹੈ ਅਤੇ ਉਸ ਉੱਤੇ ਵਾਹਨ ਰਾਹੀਂ ਮੌਤ ਦਾ ਕਾਰਨ ਬਣਨ ਸਮੇਤ ਕਈ ਦੋਸ਼ ਲਗਾਏ ਗਏ ਹਨ। ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਨੇ ਉਸ ਖ਼ਿਲਾਫ਼ ਇਮੀਗ੍ਰੇਸ਼ਨ ਹਿਰਾਸਤ ਦੀ ਬੇਨਤੀ ਵੀ ਦਰਜ ਕੀਤੀ ਹੈ।**

ਇਸ ਐਲਾਨ ਨਾਲ ਅਮਰੀਕਾ ਦੇ ਪੰਜਾਬੀ ਅਤੇ ਸਿੱਖ ਟਰੱਕਿੰਗ ਭਾਈਚਾਰੇ ਬਾਰੇ "ਡੇਢ ਲੱਖ ਡਰਾਈਵਰ ਪ੍ਰਭਾਵਿਤ ਹੋਣ" ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਮੀਡੀਆ ਰਿਪੋਰਟਾਂ ਅਤੇ ਟਰੱਕਿੰਗ ਭਾਈਚਾਰੇ ਨਾਲ ਜੁੜੀਆਂ ਸੰਸਥਾਵਾਂ ਦੇ ਅੰਦਾਜ਼ਿਆਂ ਮੁਤਾਬਕ ਅਮਰੀਕਾ ਦੇ ਟਰੱਕਿੰਗ ਖੇਤਰ ਵਿਚ ਕਰੀਬ ਇੱਕ ਲੱਖ ਤੀਹ ਹਜ਼ਾਰ ਤੋਂ ਇੱਕ ਲੱਖ ਪੰਜਾਹ ਹਜ਼ਾਰ ਪੰਜਾਬ ਅਤੇ ਹਰਿਆਣਾ ਮੂਲ ਦੇ ਲੋਕ ਜਾਂ ਲਗਭਗ ਡੇਢ ਲੱਖ ਸਿੱਖ ਡਰਾਈਵਰ, ਟਰੱਕ ਮਾਲਕ ਅਤੇ ਫਲੀਟ ਸੰਚਾਲਕ ਕੰਮ ਕਰਦੇ ਹਨ। ਪਰ ਇਹ ਅੰਕੜਾ ਉਨ੍ਹਾਂ ਸਾਰੇ ਲੋਕਾਂ ਦੀ ਗਿਣਤੀ ਹੈ, ਜੋ ਟਰੱਕਿੰਗ ਕਾਰੋਬਾਰ ਨਾਲ ਜੁੜੇ ਹਨ; ਇਹ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਰਜੇ ਵਾਲੇ ਡਰਾਈਵਰਾਂ ਦੀ ਗਿਣਤੀ ਨਹੀਂ ਹੈ।

ਅਮਰੀਕਾ ਵਿਚ ਕੰਮ ਕਰਨ ਵਾਲੇ ਜ਼ਿਆਦਾਤਰ ਪੰਜਾਬੀ ਅਤੇ ਸਿੱਖ ਟਰੱਕਰ ਅਮਰੀਕੀ ਨਾਗਰਿਕ, ਗ੍ਰੀਨ ਕਾਰਡ ਧਾਰਕ ਜਾਂ ਕਾਨੂੰਨੀ ਕੰਮ ਕਰਨ ਦੀ ਮਨਜ਼ੂਰੀ ਰੱਖਣ ਵਾਲੇ ਵਿਅਕਤੀ ਹਨ। ਅਜਿਹੇ ਕਾਨੂੰਨੀ ਡਰਾਈਵਰਾਂ ਦਾ ਲਾਇਸੈਂਸ ਸਿਰਫ਼ ਉਨ੍ਹਾਂ ਦੇ ਭਾਰਤੀ ਜਾਂ ਪ੍ਰਵਾਸੀ ਮੂਲ ਕਾਰਨ ਰੱਦ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਟਰੰਪ ਦੀ ਯੋਜਨਾ ਨਾਲ ਸਾਰੇ ਡੇਢ ਲੱਖ ਭਾਰਤੀ ਜਾਂ ਸਿੱਖ ਟਰੱਕਰ ਆਪਣੀਆਂ ਨੌਕਰੀਆਂ ਗੁਆ ਦੇਣਗੇ। ਸਿੱਧਾ ਖ਼ਤਰਾ ਮੁੱਖ ਤੌਰ 'ਤੇ ਉਨ੍ਹਾਂ ਡਰਾਈਵਰਾਂ ਲਈ ਹੋ ਸਕਦਾ ਹੈ, ਜਿਨ੍ਹਾਂ ਕੋਲ ਕਾਨੂੰਨੀ ਇਮੀਗ੍ਰੇਸ਼ਨ ਦਰਜਾ ਨਹੀਂ ਹੈ, ਜਿਨ੍ਹਾਂ ਦੇ ਕੰਮ ਦੇ ਦਸਤਾਵੇਜ਼ ਖ਼ਤਮ ਹੋ ਚੁੱਕੇ ਹਨ ਜਾਂ ਜਿਨ੍ਹਾਂ ਦਾ ਗੈਰ-ਰਿਹਾਇਸ਼ੀ ਸੀ.ਡੀ.ਐੱਲ. ਮੌਜੂਦਾ ਸੰਘੀ ਨਿਯਮਾਂ ਅਧੀਨ ਯੋਗ ਨਹੀਂ ਮੰਨਿਆ ਜਾਂਦਾ।

ਚਿੰਤਾ ਉਨ੍ਹਾਂ ਡਰਾਈਵਰਾਂ ਲਈ ਵੀ ਵੱਧ ਸਕਦੀ ਹੈ, ਜਿਨ੍ਹਾਂ ਦੇ ਸ਼ਰਨ ਮਾਮਲੇ ਅਜੇ ਵਿਚਾਰ ਅਧੀਨ ਹਨ, ਜਿਨ੍ਹਾਂ ਕੋਲ ਅਸਥਾਈ ਰੁਜ਼ਗਾਰ ਮਨਜ਼ੂਰੀ ਹੈ ਜਾਂ ਜਿਨ੍ਹਾਂ ਨੇ ਗੈਰ-ਰਿਹਾਇਸ਼ੀ ਵਪਾਰਕ ਲਾਇਸੈਂਸ ਹਾਸਲ ਕੀਤਾ ਸੀ। ਟਰੰਪ ਪ੍ਰਸ਼ਾਸਨ ਪਹਿਲਾਂ ਹੀ ਗੈਰ-ਰਿਹਾਇਸ਼ੀ ਸੀ.ਡੀ.ਐੱਲ. ਜਾਰੀ ਕਰਨ ਦੇ ਨਿਯਮ ਸਖ਼ਤ ਕਰ ਚੁੱਕਾ ਹੈ। ਫਰਵਰੀ 2026 ਵਿਚ ਅਮਰੀਕੀ ਟਰਾਂਸਪੋਰਟੇਸ਼ਨ ਵਿਭਾਗ ਨੇ ਇਕ ਅੰਤਿਮ ਨਿਯਮ ਜਾਰੀ ਕੀਤਾ ਸੀ, ਜਿਸ ਤਹਿਤ ਉਨ੍ਹਾਂ ਵਿਦੇਸ਼ੀ ਡਰਾਈਵਰਾਂ ਨੂੰ ਸੀ.ਡੀ.ਐੱਲ. ਦੇਣ 'ਤੇ ਰੋਕ ਲਗਾਈ ਗਈ, ਜਿਨ੍ਹਾਂ ਦੇ ਪਿਛਲੇ ਡਰਾਈਵਿੰਗ ਰਿਕਾਰਡ ਅਤੇ ਇਮੀਗ੍ਰੇਸ਼ਨ ਯੋਗਤਾ ਦੀ ਪੂਰੀ ਤਸਦੀਕ ਨਹੀਂ ਹੋ ਸਕਦੀ।

ਟਰਾਂਸਪੋਰਟੇਸ਼ਨ ਵਿਭਾਗ ਦਾ ਕਹਿਣਾ ਹੈ ਕਿ ਪਹਿਲਾਂ ਸਿਰਫ਼ ਰੁਜ਼ਗਾਰ ਮਨਜ਼ੂਰੀ ਦਸਤਾਵੇਜ਼ ਦੇ ਆਧਾਰ ਉੱਤੇ ਕੁਝ ਵਿਦੇਸ਼ੀ ਡਰਾਈਵਰਾਂ ਨੂੰ ਗੈਰ-ਰਿਹਾਇਸ਼ੀ ਵਪਾਰਕ ਲਾਇਸੈਂਸ ਮਿਲ ਜਾਂਦੇ ਸਨ, ਪਰ ਉਨ੍ਹਾਂ ਦੇ ਵਿਦੇਸ਼ੀ ਡਰਾਈਵਿੰਗ ਰਿਕਾਰਡ ਦੀ ਜਾਂਚ ਕਰਨ ਲਈ ਰਾਜਾਂ ਕੋਲ ਲੋੜੀਂਦੀ ਜਾਣਕਾਰੀ ਨਹੀਂ ਹੁੰਦੀ ਸੀ। ਨਵੇਂ ਨਿਯਮ ਅਧੀਨ ਇਮੀਗ੍ਰੇਸ਼ਨ ਦਰਜੇ, ਵਿਦੇਸ਼ੀ ਪਾਸਪੋਰਟ, ਪ੍ਰਵੇਸ਼ ਦਸਤਾਵੇਜ਼ ਅਤੇ ਕੰਮ ਦੀ ਯੋਗਤਾ ਦੀ ਹੋਰ ਸਖ਼ਤ ਜਾਂਚ ਕੀਤੀ ਜਾ ਰਹੀ ਹੈ। ਟਰੰਪ ਪ੍ਰਸ਼ਾਸਨ ਨੇ ਕੈਲੀਫੋਰਨੀਆ, ਨਿਊਯਾਰਕ, ਇਲਿਨੋਇਸ, ਮਿਨੀਸੋਟਾ ਅਤੇ ਹੋਰ ਰਾਜਾਂ ਵੱਲੋਂ ਜਾਰੀ ਗੈਰ-ਰਿਹਾਇਸ਼ੀ ਲਾਇਸੈਂਸਾਂ ਦੀ ਜਾਂਚ ਵੀ ਕਰਵਾਈ ਹੈ।

ਇਸ ਤੋਂ ਇਲਾਵਾ ਵਪਾਰਕ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਸਮਝਣ ਅਤੇ ਸੜਕਾਂ ਦੇ ਸੰਕੇਤ ਪੜ੍ਹਨ ਦੀ ਪੁਰਾਣੀ ਸੰਘੀ ਸ਼ਰਤ ਨੂੰ ਵੀ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਿਨਿਸਟ੍ਰੇਸ਼ਨ ਦੀ ਨੀਤੀ ਅਨੁਸਾਰ ਡਰਾਈਵਰ ਨੂੰ ਅਧਿਕਾਰੀਆਂ ਦੇ ਸਵਾਲਾਂ ਦਾ ਜਵਾਬ ਦੇਣ ਅਤੇ ਅੰਗਰੇਜ਼ੀ ਵਿਚ ਲਿਖੇ ਟ੍ਰੈਫ਼ਿਕ ਸੰਕੇਤ ਸਮਝਣ ਦੇ ਯੋਗ ਹੋਣਾ ਚਾਹੀਦਾ ਹੈ। ਇਸ ਸ਼ਰਤ ਦੀ ਉਲੰਘਣਾ ਕਰਨ ਵਾਲੇ ਡਰਾਈਵਰ ਨੂੰ ਸੇਵਾ ਤੋਂ ਬਾਹਰ ਕੀਤਾ ਜਾ ਸਕਦਾ ਹੈ। ਇਸ ਕਾਰਨ ਕਾਨੂੰਨੀ ਇਮੀਗ੍ਰੇਸ਼ਨ ਦਰਜਾ ਰੱਖਣ ਵਾਲੇ ਪੰਜਾਬੀ ਡਰਾਈਵਰ ਵੀ ਅੰਗਰੇਜ਼ੀ ਯੋਗਤਾ, ਦਸਤਾਵੇਜ਼ਾਂ ਜਾਂ ਸੁਰੱਖਿਆ ਨਿਯਮਾਂ ਵਿਚ ਕਮੀ ਹੋਣ ਉੱਤੇ ਜਾਂਚ ਦਾ ਸਾਹਮਣਾ ਕਰ ਸਕਦੇ ਹਨ।

ਪੰਜਾਬੀ ਟਰੱਕਰਾਂ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਅਮਰੀਕਾ ਦੇ ਲੰਬੀ ਦੂਰੀ ਵਾਲੇ ਮਾਲ ਆਵਾਜਾਈ ਕਾਰੋਬਾਰ ਵਿਚ ਵੱਡੀ ਥਾਂ ਬਣਾਈ ਹੈ। ਉਹ ਸਿਰਫ਼ ਡਰਾਈਵਰ ਹੀ ਨਹੀਂ, ਸਗੋਂ ਟਰੱਕ ਮਾਲਕ, ਛੋਟੀਆਂ ਟਰੱਕਿੰਗ ਕੰਪਨੀਆਂ ਦੇ ਸੰਚਾਲਕ, ਮੁਰੰਮਤ ਕੇਂਦਰਾਂ ਦੇ ਮਾਲਕ, ਡਿਸਪੈਚਰ ਅਤੇ ਮਾਲ ਆਵਾਜਾਈ ਦਲਾਲ ਵਜੋਂ ਵੀ ਕੰਮ ਕਰ ਰਹੇ ਹਨ। ਕੈਲੀਫੋਰਨੀਆ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿਚ ਪੰਜਾਬੀ ਭਾਈਚਾਰੇ ਦਾ ਟਰੱਕਿੰਗ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਹੈ। ਇਸ ਕਰਕੇ ਕਿਸੇ ਵੀ ਵੱਡੀ ਲਾਇਸੈਂਸ ਜਾਂ ਇਮੀਗ੍ਰੇਸ਼ਨ ਕਾਰਵਾਈ ਦਾ ਅਸਰ ਡਰਾਈਵਰਾਂ ਦੇ ਨਾਲ ਟਰੱਕ ਮਾਲਕਾਂ, ਪਰਿਵਾਰਾਂ ਅਤੇ ਛੋਟੇ ਕਾਰੋਬਾਰਾਂ ਉੱਤੇ ਵੀ ਪੈ ਸਕਦਾ ਹੈ। ਪੰਜਾਬੀ ਭਾਈਚਾਰੇ ਦੀ ਵੱਡੀ ਹਾਜ਼ਰੀ ਬਾਰੇ ਮੀਡੀਆ ਅੰਦਾਜ਼ੇ ਉਪਲਬਧ ਹਨ, ਪਰ ਸਰਕਾਰ ਨੇ ਅਜੇ ਪ੍ਰਭਾਵਿਤ ਹੋਣ ਵਾਲੇ ਭਾਰਤੀ ਮੂਲ ਦੇ ਡਰਾਈਵਰਾਂ ਦਾ ਕੋਈ ਅਧਿਕਾਰਤ ਅੰਕੜਾ ਜਾਰੀ ਨਹੀਂ ਕੀਤਾ।

ਟਰੰਪ ਦੀ ਯੋਜਨਾ ਲਾਗੂ ਕਰਨ ਵਿਚ ਕਈ ਕਾਨੂੰਨੀ ਅਤੇ ਪ੍ਰਸ਼ਾਸਕੀ ਸਵਾਲ ਵੀ ਖੜ੍ਹੇ ਹੋ ਸਕਦੇ ਹਨ। ਵਪਾਰਕ ਡਰਾਈਵਿੰਗ ਲਾਇਸੈਂਸ ਰਾਜਾਂ ਵੱਲੋਂ ਜਾਰੀ ਕੀਤੇ ਜਾਂਦੇ ਹਨ, ਹਾਲਾਂਕਿ ਰਾਜਾਂ ਨੂੰ ਸੰਘੀ ਮਾਪਦੰਡਾਂ ਦੀ ਪਾਲਣਾ ਕਰਨੀ ਪੈਂਦੀ ਹੈ। ਕਿਸੇ ਸਾਬਕਾ ਸੈਨਿਕ ਨੂੰ ਪੂਰੀ ਤਰ੍ਹਾਂ ਆਪਣੇ ਆਪ ਸੀ.ਡੀ.ਐੱਲ. ਦੇਣ ਲਈ ਇਹ ਤੈਅ ਕਰਨਾ ਪਵੇਗਾ ਕਿ ਉਸ ਦਾ ਫ਼ੌਜੀ ਤਜ਼ਰਬਾ ਕਿਹੜੇ ਵਪਾਰਕ ਵਾਹਨ ਵਰਗ ਦੇ ਬਰਾਬਰ ਹੈ, ਉਸ ਦਾ ਸੁਰੱਖਿਆ ਰਿਕਾਰਡ ਕੀ ਹੈ ਅਤੇ ਕੀ ਉਸ ਨੂੰ ਡਾਕਟਰੀ ਜਾਂਚ, ਲਿਖਤੀ ਪ੍ਰੀਖਿਆ ਅਤੇ ਹੋਰ ਸੰਘੀ ਸ਼ਰਤਾਂ ਤੋਂ ਵੀ ਛੋਟ ਮਿਲੇਗੀ। ਮੌਜੂਦਾ ਪ੍ਰੋਗਰਾਮ ਆਮ ਤੌਰ 'ਤੇ ਯੋਗ ਸੈਨਿਕਾਂ ਨੂੰ ਡਰਾਈਵਿੰਗ ਹੁਨਰ ਪ੍ਰੀਖਿਆ ਤੋਂ ਛੋਟ ਦਿੰਦਾ ਹੈ, ਪਰ ਹਰ ਵਿਅਕਤੀ ਨੂੰ ਬਿਨਾਂ ਜਾਂਚ ਦੇ ਲਾਇਸੈਂਸ ਨਹੀਂ ਦਿੰਦਾ।

ਟਰੱਕਿੰਗ ਉਦਯੋਗ ਵਿਚ ਇਹ ਵੀ ਸਵਾਲ ਉਠਾਇਆ ਜਾ ਰਿਹਾ ਹੈ ਕਿ ਕੀ ਲੋੜੀਂਦੀ ਗਿਣਤੀ ਵਿਚ ਸਾਬਕਾ ਸੈਨਿਕ ਟਰੱਕ ਡਰਾਈਵਿੰਗ ਨੂੰ ਪੇਸ਼ੇ ਵਜੋਂ ਅਪਣਾਉਣ ਲਈ ਤਿਆਰ ਹੋਣਗੇ। ਲੰਬੇ ਸਮੇਂ ਲਈ ਘਰ ਤੋਂ ਦੂਰ ਰਹਿਣਾ, ਬੀਮੇ ਅਤੇ ਈਂਧਨ ਦੇ ਵਧਦੇ ਖ਼ਰਚੇ, ਮਾਲ ਭਾੜੇ ਦੀਆਂ ਘਟਦੀਆਂ ਦਰਾਂ ਅਤੇ ਟਰੱਕ ਮਾਲਕਾਂ ਦੀ ਆਰਥਿਕ ਮੁਸ਼ਕਲ ਪਹਿਲਾਂ ਹੀ ਇਸ ਕਾਰੋਬਾਰ ਲਈ ਵੱਡੀਆਂ ਚੁਣੌਤੀਆਂ ਹਨ। ਟਰੰਪ ਨੇ ਸਾਬਕਾ ਸੈਨਿਕਾਂ ਨੂੰ ਸਿਖਲਾਈ ਦੇਣ ਦੀ ਗੱਲ ਤਾਂ ਕੀਤੀ ਹੈ, ਪਰ ਸਿਖਲਾਈ ਦੇ ਖ਼ਰਚੇ, ਤਨਖ਼ਾਹਾਂ, ਭਰਤੀ ਟੀਚਿਆਂ ਜਾਂ ਟਰੱਕਿੰਗ ਕੰਪਨੀਆਂ ਲਈ ਸਹਾਇਤਾ ਬਾਰੇ ਕੋਈ ਵਿਸਥਾਰਤ ਯੋਜਨਾ ਜਾਰੀ ਨਹੀਂ ਕੀਤੀ ਗਈ।

ਇਸ ਵੇਲੇ ਟਰੰਪ ਦਾ ਐਲਾਨ ਇਕ ਨੀਤੀਗਤ ਪ੍ਰਸਤਾਵ ਅਤੇ ਆਉਣ ਵਾਲੀ ਕਾਰਵਾਈ ਦੀ ਚਿਤਾਵਨੀ ਹੈ, ਨਾ ਕਿ ਅਜਿਹਾ ਅੰਤਿਮ ਹੁਕਮ ਜਿਸ ਨਾਲ ਸਾਰੇ ਪ੍ਰਵਾਸੀ ਟਰੱਕਰ ਤੁਰੰਤ ਨੌਕਰੀ ਤੋਂ ਹਟਾ ਦਿੱਤੇ ਗਏ ਹੋਣ। ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਅਮਰੀਕੀ ਨਾਗਰਿਕਾਂ, ਗ੍ਰੀਨ ਕਾਰਡ ਧਾਰਕਾਂ ਅਤੇ ਯੋਗ ਕੰਮ ਮਨਜ਼ੂਰੀ ਵਾਲੇ ਭਾਰਤੀ ਮੂਲ ਦੇ ਡਰਾਈਵਰਾਂ ਨੂੰ ਸਿਰਫ਼ ਉਨ੍ਹਾਂ ਦੇ ਪ੍ਰਵਾਸੀ ਪਿਛੋਕੜ ਕਾਰਨ ਨਿਸ਼ਾਨਾ ਬਣਾਉਣ ਦੀ ਕੋਈ ਅਧਿਕਾਰਤ ਨੀਤੀ ਅਜੇ ਜਾਰੀ ਨਹੀਂ ਹੋਈ। ਇਸ ਲਈ "ਡੇਢ ਲੱਖ ਭਾਰਤੀ ਟਰੱਕਰਾਂ ਉੱਤੇ ਅਸਰ" ਵਾਲੀ ਸੁਰਖੀ ਨੂੰ ਸਾਵਧਾਨੀ ਨਾਲ ਸਮਝਣ ਦੀ ਲੋੜ ਹੈ। ਡੇਢ ਲੱਖ ਦਾ ਅੰਕੜਾ ਸਮੁੱਚੇ ਸਿੱਖ ਜਾਂ ਪੰਜਾਬੀ ਟਰੱਕਿੰਗ ਭਾਈਚਾਰੇ ਦਾ ਅੰਦਾਜ਼ਾ ਹੈ, ਜਦਕਿ ਅਸਲ ਵਿਚ ਕਿੰਨੇ ਲੋਕ ਨਵੀਂ ਕਾਰਵਾਈ ਨਾਲ ਪ੍ਰਭਾਵਿਤ ਹੋਣਗੇ, ਇਹ ਅਜੇ ਸਪੱਸ਼ਟ ਨਹੀਂ ਹੈ।



# ਅਮਰੀਕਾ-ਕੈਨੇਡਾ ’ਚ ਵਸਾਉਣ ਦੇ ਸੁਪਨੇ ਦਿਖਾ ਭਾਰਤੀ ਨੌਜਵਾਨਾਂ ਦੀ ਗੈਂਗਸਟਰ ਗਰੁੱਪਾਂ ’ਚ ਭਰਤੀ ਦੇ ਦੋਸ਼

## ■ ਪੰਜਾਬ ਤੋਂ ਅਮਰੀਕਾ, ਕੈਨੇਡਾ, ਯੂਰਪ ਅਤੇ ਓਸ਼ੀਨੀਆ ਤੱਕ ਫੈਲਿਆ ਹੋਇਆ ਹੈ ਜਾਲ ■ ਇਲਜ਼ਾਮਨਾਮੇ ’ਚ 15 ਵਿਅਕਤੀਆਂ ਖਿਲਾਫ਼ ਕੇਸ

ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



ਭਾਰਤ ਤੋਂ ਸੰਚਾਲਿਤ ਦੱਸੇ ਜਾ ਰਹੇ ਇੱਕ ਅੰਤਰਰਾਸ਼ਟਰੀ ਅਪਰਾਧਿਕ ਗਿਰੋਹ ਉੱਤੇ ਭਾਰਤ ਦੇ ਆਰਥਿਕ ਤੌਰ ’ਤੇ ਕਮਜ਼ੋਰ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਪੈਸੇ, ਤਾਕਤ, ਪ੍ਰਸਿੱਧੀ ਅਤੇ ਅਮਰੀਕਾ-ਕੈਨੇਡਾ ਸਮੇਤ ਵਿਦੇਸ਼ਾਂ ਵਿਚ ਵਸਾਉਣ ਦੇ ਸੁਪਨੇ ਦਿਖਾ ਕੇ ਆਪਣੇ ਜਾਲ ਵਿਚ ਫਸਾਉਣ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਅਮਰੀਕੀ ਫੈਡਰਲ ਵਕੀਲਾਂ ਦਾ ਦਾਅਵਾ ਹੈ ਕਿ ਕੁਝ ਨੌਜਵਾਨਾਂ ਨੂੰ ਕਤਲ ਵਰਗੇ ਗੰਭੀਰ ਅਪਰਾਧ ਕਰਨ ਲਈ ਕੇਵਲ 20 ਹਜ਼ਾਰ ਰੁਪਏ, ਅਰਥਾਤ ਲਗਭਗ 200 ਡਾਲਰ ਤੱਕ ਦਿੱਤੇ ਜਾਂਦੇ ਸਨ।

ਅਮਰੀਕਾ ਦੀ ਕੇਂਦਰੀ ਕੈਲੀਫੋਰਨੀਆ ਜ਼ਿਲ੍ਹਾ ਅਦਾਲਤ ਵਿਚ ਦਾਇਰ ਕੀਤੇ ਗਏ 44 ਸਫ਼ਿਆਂ ਦੇ ਸੰਘੀ ਇਲਜ਼ਾਮਨਾਮੇ ਵਿਚ ਜੱਗੂ ਭਗਵਾਨਪੁਰੀਆ ਆਰਗੇਨਾਈਜ਼ਡ ਗੈਂਗਸਟਰ ਗਰੁੱਪ ਦੀ ਕਥਿਤ ਭਰਤੀ ਪ੍ਰਣਾਲੀ ਅਤੇ ਅੰਤਰਰਾਸ਼ਟਰੀ ਸਰਗਰਮੀਆਂ ਬਾਰੇ ਵਿਸਥਾਰਪੂਰਵਕ ਦਾਅਵੇ ਕੀਤੇ ਗਏ ਹਨ। ਅਮਰੀਕੀ ਅਧਿਕਾਰੀਆਂ ਨੇ ਇਸ ਗਰੁੱਪ ਨੂੰ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਦੱਸਿਆ ਹੈ, ਜਿਸ ਦਾ ਜਾਲ ਪੰਜਾਬ ਤੋਂ ਅਮਰੀਕਾ, ਕੈਨੇਡਾ, ਯੂਰਪ ਅਤੇ ਓਸ਼ੀਨੀਆ ਤੱਕ ਫੈਲਿਆ ਹੋਇਆ ਦੱਸਿਆ ਗਿਆ ਹੈ।




ਇਲਜ਼ਾਮਨਾਮੇ ਵਿਚ ਕੁੱਲ 15 ਵਿਅਕਤੀਆਂ ਨੂੰ ਮੁਲਜ਼ਮ ਬਣਾਇਆ ਗਿਆ ਹੈ। ਇਨ੍ਹਾਂ ਵਿਚ ਗਰੁੱਪ ਦਾ ਕਥਿਤ ਮੁਖੀ ਜੱਗੂ ਭਗਵਾਨਪੁਰੀਆ ਅਤੇ ਭਾਰਤੀ ਨਾਗਰਿਕ ਨਿਤੀਸ਼ ਕੌਸ਼ਲ ਵੀ ਸ਼ਾਮਲ ਹਨ। ਅਮਰੀਕੀ ਅਧਿਕਾਰੀਆਂ ਅਨੁਸਾਰ ਨਿਤੀਸ਼ ਕੌਸ਼ਲ ਨੂੰ ਫੈਡਰਲ ਜਾਂਚ ਏਜੰਸੀ ਵੱਲੋਂ ਸਭ ਤੋਂ ਵੱਧ ਲੋੜੀਂਦੇ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਕੀਤੇ ਜਾਣ ਤੋਂ ਬਾਅਦ ਵਰਮਾਂਟ ਵਿਚ ਗ੍ਰਿਫ਼ਤਾਰ ਕੀਤਾ ਗਿਆ।



ਸੰਘੀ ਵਕੀਲਾਂ ਦਾ ਦੋਸ਼ ਹੈ ਕਿ ਇਹ ਅਪਰਾਧਿਕ ਗਰੁੱਪ ਪੰਜਾਬ ਵਿਚ ਜੱਗੂ ਭਗਵਾਨਪੁਰੀਆ ਦੀ ਅਗਵਾਈ ਹੇਠ ਸ਼ੁਰੂ ਹੋਇਆ ਸੀ। ਇਲਜ਼ਾਮਨਾਮੇ ਅਨੁਸਾਰ ਲਾਰੈਂਸ ਬਿਸ਼ਨੋਈ ਅਪਰਾਧਿਕ ਗਰੁੱਪ ਤੋਂ ਵੱਖ ਹੋਣ ਤੋਂ ਬਾਅਦ ਜੱਗੂ ਭਗਵਾਨਪੁਰੀਆ ਨੇ ਆਪਣਾ ਵੱਖਰਾ ਅੰਤਰਰਾਸ਼ਟਰੀ ਨੈੱਟਵਰਕ ਤਿਆਰ ਕੀਤਾ ਅਤੇ ਵੱਖ-ਵੱਖ ਦੇਸ਼ਾਂ ਵਿਚ ਆਪਣੇ ਮੈਂਬਰਾਂ ਅਤੇ ਸਹਿਯੋਗੀਆਂ ਨੂੰ ਸਰਗਰਮ ਕੀਤਾ।

ਅਮਰੀਕੀ ਵਕੀਲਾਂ ਦਾ ਕਹਿਣਾ ਹੈ ਕਿ ਗਰੁੱਪ ਵੱਲੋਂ ਮੁੱਖ ਤੌਰ ’ਤੇ ਭਾਰਤ ਦੇ ਗਰੀਬ, ਪਿਛੜੇ ਅਤੇ ਸਮਾਜਿਕ ਜਾਂ ਆਰਥਿਕ ਤੌਰ ’ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸੀ। ਦੋਸ਼ ਹੈ ਕਿ ਗਰੁੱਪ ਜਾਣਬੁੱਝ ਕੇ ਨਾਬਾਲਗਾਂ ਦੀ ਭਰਤੀ ਵੀ ਕਰਦਾ ਸੀ, ਕਿਉਂਕਿ ਅਪਰਾਧ ਕਰਨ ਤੋਂ ਬਾਅਦ ਫੜੇ ਜਾਣ ਦੀ ਸਥਿਤੀ ਵਿਚ ਉਨ੍ਹਾਂ ਨੂੰ ਬਾਲਗ ਅਪਰਾਧੀਆਂ ਦੇ ਮੁਕਾਬਲੇ ਘੱਟ ਸਜ਼ਾ ਮਿਲਣ ਦੀ ਸੰਭਾਵਨਾ ਰਹਿੰਦੀ ਸੀ।







ਇਲਜ਼ਾਮਨਾਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਰਤੀ ਕਰਨ ਵਾਲੇ ਗਰੁੱਪ ਦੇ ਪ੍ਰਬੰਧਕ ਨੌਜਵਾਨਾਂ ਨੂੰ ਪੈਸਾ, ਅਪਰਾਧਿਕ ਦੁਨੀਆਂ ਵਿਚ ਪਛਾਣ, ਤਾਕਤ ਅਤੇ ਭਾਰਤ ਤੋਂ ਬਾਹਰ ਨਿਕਲ ਕੇ ਵਿਦੇਸ਼ ਵਿਚ ਵਸਣ ਦਾ ਮੌਕਾ ਦੇਣ ਦੇ ਵਾਅਦੇ ਕਰਦੇ ਸਨ। ਅਜਿਹੇ ਨੌਜਵਾਨਾਂ ਨੂੰ ਹਿੰਸਕ ਕਾਰਵਾਈਆਂ, ਕਤਲ, ਫਿਰੌਤੀ ਵਸੂਲੀ, ਧਮਕੀਆਂ ਅਤੇ ਹੋਰ ਅਪਰਾਧਿਕ ਸਰਗਰਮੀਆਂ ਲਈ ਵਰਤਿਆ ਜਾਂਦਾ ਸੀ।

ਅਮਰੀਕੀ ਵਕੀਲਾਂ ਨੇ ਦੋਸ਼ ਲਗਾਇਆ ਹੈ ਕਿ ਭਾਰਤ ਦੇ ਕੁਝ ਇਲਾਕਿਆਂ ਵਿਚ ਗਰੁੱਪ ਵੱਲੋਂ ਕਤਲ ਕਰਨ ਲਈ ਭਰਤੀ ਕੀਤੇ ਗਏ ਵਿਅਕਤੀਆਂ ਨੂੰ ਕੇਵਲ 20 ਹਜ਼ਾਰ ਰੁਪਏ ਤੱਕ ਦਿੱਤੇ ਜਾਂਦੇ ਸਨ। ਕਈ ਮਾਮਲਿਆਂ ਵਿਚ ਨੌਜਵਾਨਾਂ ਨੂੰ ਇਹ ਵਿਸ਼ਵਾਸ ਦਿਵਾਇਆ ਜਾਂਦਾ ਸੀ ਕਿ ਗਰੁੱਪ ਪ੍ਰਤੀ ਵਫ਼ਾਦਾਰੀ ਸਾਬਤ ਕਰਨ ਤੋਂ ਬਾਅਦ ਉਨ੍ਹਾਂ ਨੂੰ ਨਕਲੀ ਜਾਂ ਗਲਤ ਤਰੀਕੇ ਨਾਲ ਪ੍ਰਾਪਤ ਕੀਤੇ ਅਮਰੀਕੀ ਵੀਜ਼ਿਆਂ ਰਾਹੀਂ ਵਿਦੇਸ਼ ਭੇਜਿਆ ਜਾਵੇਗਾ।

ਇਲਜ਼ਾਮਨਾਮੇ ਅਨੁਸਾਰ ਗਰੁੱਪ ਦੇ ਭਰਤੀ ਪ੍ਰਬੰਧਕ ਅਜਿਹੇ ਨੌਜਵਾਨਾਂ ਦੀ ਵੀ ਪਛਾਣ ਕਰਦੇ ਸਨ, ਜੋ ਵਿਦਿਆਰਥੀ ਵੀਜ਼ੇ ਜਾਂ ਵਿਦੇਸ਼ੀ ਕੰਮਕਾਜੀ ਵੀਜ਼ੇ ਲਈ ਯੋਗ ਹੋ ਸਕਦੇ ਸਨ। ਵਕੀਲਾਂ ਦਾ ਦਾਅਵਾ ਹੈ ਕਿ ਜਿਹੜੇ ਮੈਂਬਰ ਗਰੁੱਪ ਲਈ ਅਪਰਾਧ ਕਰਕੇ ਆਪਣੀ ਵਫ਼ਾਦਾਰੀ ਸਾਬਤ ਕਰ ਦਿੰਦੇ ਸਨ, ਉਨ੍ਹਾਂ ਵਿਚੋਂ ਕੁਝ ਨੂੰ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਵਿਚ ਭੇਜ ਕੇ ਸੰਗਠਨ ਲਈ ਕੰਮ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਸੀ।

ਅਮਰੀਕੀ ਅਧਿਕਾਰੀਆਂ ਦਾ ਦੋਸ਼ ਹੈ ਕਿ ਇਸ ਤਰੀਕੇ ਨਾਲ ਗਰੁੱਪ ਨੇ ਦੁਨੀਆਂ ਭਰ ’ਚ ਇੱਕ ਹਜ਼ਾਰ ਤੋਂ ਵੱਧ ਮੈਂਬਰਾਂ ਅਤੇ ਸਹਿਯੋਗੀਆਂ ਦਾ ਨੈੱਟਵਰਕ ਤਿਆਰ ਕਰ ਲਿਆ ਸੀ। ਇਲਜ਼ਾਮਨਾਮੇ ਅਨੁਸਾਰ ਇਨ੍ਹਾਂ ਵਿਚੋਂ 100 ਤੋਂ ਵੱਧ ਮੈਂਬਰ ਜਾਂ ਸਹਿਯੋਗੀ ਇਕੱਲੇ ਅਮਰੀਕਾ ਵਿਚ ਸਰਗਰਮ ਸਨ। ਵਕੀਲਾਂ ਮੁਤਾਬਕ ਗਰੁੱਪ ਵਿਚ ਸ਼ਾਮਲ ਹੋਣ ਤੋਂ ਬਾਅਦ ਮੈਂਬਰਾਂ ਲਈ ਇਸ ਨੂੰ ਛੱਡਣਾ ਬਹੁਤ ਮੁਸ਼ਕਲ, ਕਈ ਵਾਰ ਲਗਭਗ ਅਸੰਭਵ ਮੰਨਿਆ ਜਾਂਦਾ ਸੀ। ਗਰੁੱਪ ਨਾਲ ਬੇਵਫ਼ਾਈ ਜਾਂ ਸਹਿਯੋਗ ਕਰਨ ਤੋਂ ਇਨਕਾਰ ਕਰਨ ਵਾਲੇ ਵਿਅਕਤੀਆਂ ਨੂੰ ਆਪਣੇ ਨਾਲ-ਨਾਲ ਭਾਰਤ ਵਿਚ ਰਹਿੰਦੇ ਆਪਣੇ ਪਰਿਵਾਰਕ ਮੈਂਬਰਾਂ ਉੱਤੇ ਹਮਲੇ ਜਾਂ ਹੋਰ ਹਿੰਸਾ ਦਾ ਡਰ ਰਹਿੰਦਾ ਸੀ। ਅਮਰੀਕੀ ਵਕੀਲਾਂ ਦਾ ਦੋਸ਼ ਹੈ ਕਿ ਗਰੁੱਪ ਦੇ ਮੈਂਬਰ ਆਪਣੇ ਨਿਸ਼ਾਨੇ ਬਣਾਏ ਗਏ ਵਿਅਕਤੀਆਂ ਦੇ ਭਾਰਤ ਵਿਚ ਰਹਿੰਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਬਾਰੇ ਜਾਣਕਾਰੀ ਇਕੱਠੀ ਕਰਦੇ ਸਨ। ਇਸ ਤੋਂ ਬਾਅਦ ਫਿਰੌਤੀ ਦੀ ਰਕਮ ਵਸੂਲਣ ਲਈ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਾਰਨ ਜਾਂ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਸਨ।

ਜਾਂਚ ਅਧਿਕਾਰੀਆਂ ਦਾ ਮੰਨਣਾ ਹੈ ਕਿ ਵਿਦੇਸ਼ ਭੇਜਣ, ਵੀਜ਼ਾ ਦਿਵਾਉਣ ਅਤੇ ਪੈਸੇ ਤੇ ਤਾਕਤ ਦੇ ਵਾਅਦਿਆਂ ਉੱਤੇ ਆਧਾਰਿਤ ਇਸ ਭਰਤੀ ਪ੍ਰਣਾਲੀ ਨੇ ਪੰਜਾਬ ਵਿਚ ਸ਼ੁਰੂ ਹੋਏ ਇੱਕ ਖੇਤਰੀ ਅਪਰਾਧਿਕ ਗਰੁੱਪ ਨੂੰ ਕਈ ਮਹਾਂਦੀਪਾਂ ਵਿਚ ਸਰਗਰਮ ਅੰਤਰਰਾਸ਼ਟਰੀ ਅਪਰਾਧਿਕ ਨੈੱਟਵਰਕ ਵਿਚ ਬਦਲਣ ਵਿਚ ਵੱਡੀ ਭੂਮਿਕਾ ਨਿਭਾਈ।

ਇਸ ਮਾਮਲੇ ਵਿਚ ਅਮਰੀਕੀ ਅਦਾਲਤ ਵਿਚ ਦਰਜ ਸਾਰੇ ਦਾਅਵੇ ਫਿਲਹਾਲ ਇਲਜ਼ਾਮ ਹਨ। ਅਮਰੀਕੀ ਕਾਨੂੰਨ ਅਨੁਸਾਰ ਸਾਰੇ ਮੁਲਜ਼ਮਾਂ ਨੂੰ ਉਸ ਸਮੇਂ ਤੱਕ ਬੇਕਸੂਰ ਮੰਨਿਆ ਜਾਵੇਗਾ, ਜਦੋਂ ਤੱਕ ਅਦਾਲਤ ਵਿਚ ਉਨ੍ਹਾਂ ਵਿਰੁੱਧ ਦੋਸ਼ ਸਾਬਤ ਨਹੀਂ ਹੋ ਜਾਂਦੇ।

ਇਲਜ਼ਾਮਨਾਮੇ ਵਿਚ ਕੁੱਲ 15 ਵਿਅਕਤੀਆਂ ਨੂੰ ਮੁਲਜ਼ਮ ਬਣਾਇਆ ਗਿਆ ਹੈ। ਇਨ੍ਹਾਂ ਵਿਚ ਗਰੁੱਪ ਦਾ ਕਥਿਤ ਮੁਖੀ ਜੱਗੂ ਭਗਵਾਨਪੁਰੀਆ ਅਤੇ ਭਾਰਤੀ ਨਾਗਰਿਕ ਨਿਤੀਸ਼ ਕੌਸ਼ਲ ਵੀ ਸ਼ਾਮਲ ਹਨ। ਅਮਰੀਕੀ ਅਧਿਕਾਰੀਆਂ ਅਨੁਸਾਰ ਨਿਤੀਸ਼ ਕੌਸ਼ਲ ਨੂੰ ਫੈਡਰਲ ਜਾਂਚ ਏਜੰਸੀ ਵੱਲੋਂ ਸਭ ਤੋਂ ਵੱਧ ਲੋੜੀਂਦੇ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਕੀਤੇ ਜਾਣ ਤੋਂ ਬਾਅਦ ਵਰਮਾਂਟ ਵਿਚ ਗ੍ਰਿਫ਼ਤਾਰ ਕੀਤਾ ਗਿਆ।

# ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ 'ਚ ਫਸੇ ਰਹਿਣਗੇ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ ਦਾ ਸ਼ਿਕਾਰ ਹੁੰਦੇ ਰਹਿਣਗੇ? ਕਿੰਨੀ ਦੇਰ ਤੱਕ ਪੰਜਾਬੀ ਗੁਮਰਾਹ ਹੁੰਦੇ ਰਹਿਣਗੇ ਅਤੇ ਸੱਚ ਨੂੰ ਪਛਾਣਨ ਲਈ ਹੋਰ ਕਿੰਨੀ ਦੇਰ ਲਾਉਣਗੇ? ਪੰਜਾਬੀਆਂ 'ਤੇ ਹਮਲੇ ਸਿਆਸੀ ਵੀ ਹਨ, ਧਾਰਮਿਕ ਵੀ ਹਨ ਅਤੇ ਸੱਭਿਆਚਾਰਕ ਵੀ। ਉਹ ਦੇਸ਼ 'ਤੇ ਸਰਹੱਦੀ ਹਮਲਿਆਂ ਨੂੰ ਪਛਾੜਨ ਲਈ ਕਾਮਯਾਬ ਹਨ, ਉਹ ਦੇਸ਼ ਦੇ ਅੰਨ ਭੰਡਾਰ ਭਰਨ ਲਈ ਕਾਮਯਾਬ ਹਨ, ਉਹ ਦੇਸ਼ ਲਈ ਕੁਰਬਾਨੀਆਂ ਕਰਨ ਲਈ ਸਭ ਤੋਂ ਅੱਗੇ ਹਨ ਅਤੇ ਜਾਨਾਂ ਵਾਰਨ ਤੱਕ ਜਾਂਦੇ ਹਨ। ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਹ ਹਮੇਸ਼ਾ ਮੋਹਰੀ ਹੋ ਕੇ ਜੂਝਦੇ ਰਹੇ।




ਪਰ ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਹਿੱਤਾਂ ਦੀ ਰਾਖੀ ਲਈ 'ਪਗੜੀ ਸੰਭਾਲ ਜੱਟਾ' ਵਰਗੇ ਇਤਿਹਾਸਕ ਮੋਰਚੇ ਲਾਉਣ ਵਾਲੀ ਇਹ ਅਣਖੀ ਕੌਮ ਹੁਣ ਉਸ ਵੇਲੇ ਆਨਾ-ਕਾਨੀ ਕਿਉਂ ਕਰ ਰਹੀ ਹੈ, ਜਦੋਂ ਉਨ੍ਹਾਂ ਦਾ ਪਾਣੀ ਲੁੱਟਿਆ ਜਾ ਰਿਹਾ ਹੈ, ਉਨ੍ਹਾਂ ਦੀ ਰਾਜਧਾਨੀ ਚੰਡੀਗੜ੍ਹ ਖੋਹੀ ਗਈ ਹੈ, ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਕੇ ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਅਤੇ ਉਨ੍ਹਾਂ ਦਾ ਅਮੀਰ ਸੱਭਿਆਚਾਰ ਤਬਾਹ ਕੀਤਾ ਜਾ ਰਿਹਾ ਹੈ? ਉਨ੍ਹਾਂ 'ਤੇ ਚੌਤਰਫ਼ੇ ਧਾਰਮਿਕ ਹਮਲੇ ਹੋ ਰਹੇ ਹਨ, ਹਿੰਦੂ-ਸਿੱਖ ਦਾ ਰਵਾਇਤੀ ਪਾੜਾ ਪਾਉਣ ਦਾ ਕੋਝਾ ਯਤਨ ਹੋ ਰਿਹਾ ਹੈ ਅਤੇ ਆਪਣੀ ਮਿਹਨਤ ਦੇ ਸਿਰ 'ਤੇ ਜਿਊਣ ਵਾਲੇ ਪੰਜਾਬੀਆਂ ਨੂੰ ਸਿਆਸੀ ਮੁਫ਼ਤਖੋਰੀ ਦੀਆਂ ਰੇਵੜੀਆਂ ਵੰਡ ਕੇ ਆਲਸੀ ਤੇ ਮੁਥਾਜ ਬਣਾਇਆ ਜਾ ਰਿਹਾ ਹੈ।

ਸਿਆਸੀ ਪਾਰਟੀਆਂ ਸੂਬੇ ਪੰਜਾਬ ਦੇ ਵਿਕਾਸ ਦੀ ਜ਼ੋਰ-ਸ਼ੋਰ ਨਾਲ ਦੁਹਾਈ ਦੇ ਰਹੀਆਂ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਆਖਦਾ ਹੈ ਕਿ ਭਾਜਪਾ ਹੀ ਪੰਜਾਬ ਦਾ ਅਸਲ ਵਿਕਾਸ ਕਰਵਾ ਸਕਦੀ ਹੈ। ਉਹ ਪੰਜਾਬ ਫੇਰੀ ਦੌਰਾਨ ਸੂਬੇ ਲਈ 5,470 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਦਾ ਹੈ ਅਤੇ ਇਸ ਵਿਚ 'ਡਬਲ ਇੰਜਣ' ਸਰਕਾਰ ਦੀ ਵਕਾਲਤ ਕਰਦਾ ਹੈ। ਪਰ ਉਹ ਪੰਜਾਬ ਦੇ ਸਭ ਤੋਂ ਵੱਡੇ ਮਸਲੇ, ਯਾਨੀ ਪਾਣੀਆਂ ਦੇ ਸੰਕਟ ਦੀ ਗੱਲ ਨਹੀਂ ਕਰਦਾ। ਉਹ ਬੰਜਰ ਹੋ ਰਹੀ ਪੰਜਾਬ ਦੀ ਉਪਜਾਊ ਧਰਤੀ ਬਾਰੇ ਇੱਕ ਅੱਖਰ ਵੀ ਨਹੀਂ ਬੋਲਦਾ। ਉਹ ਕਿਸਾਨਾਂ ਦੇ ਮਸਲਿਆਂ- ਜਿਵੇਂ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੇ ਹੱਲ ਲਈ ਕੋਈ ਗੱਲ ਨਹੀਂ ਕਰਦਾ। ਉਹ ਸਿਰਫ਼ ਅਕਾਲੀਆਂ, ਕਾਂਗਰਸੀਆਂ ਅਤੇ ਆਪ ਵਾਲਿਆਂ 'ਤੇ ਤਿੱਖੇ ਨਿਸ਼ਾਨੇ ਸਾਧਦਾ ਹੈ, ਸਿਆਸੀ ਸਟੇਜਾਂ 'ਤੇ ਬੱਲੇ-ਬੱਲੇ ਕਰਵਾਉਂਦਾ ਹੈ ਅਤੇ ਤੁਰਦਾ ਬਣਦਾ ਹੈ।

ਪ੍ਰਧਾਨ ਮੰਤਰੀ ਅਤੇ ਕੇਂਦਰੀ ਲੀਡਰਸ਼ਿਪ ਪੰਜਾਬੀ ਨੌਜਵਾਨਾਂ ਦੇ ਵੱਡੇ ਪੱਧਰ 'ਤੇ ਹੋ ਰਹੇ ਪ੍ਰਵਾਸ, ਨਸ਼ਿਆਂ ਦੇ ਗੰਭੀਰ ਗੁਸੇ ਜਾਣ ਅਤੇ ਪੰਜਾਬ ਦੀ ਸਿਰ ਚੜ੍ਹੇ ਲੱਖਾਂ ਕਰੋੜਾਂ ਦੇ ਆਰਥਿਕ ਕਰਜ਼ੇ ਦੀ ਸਥਿਤੀ ਦੀ ਕੋਈ ਗੱਲ ਨਹੀਂ ਕਰਦੀ। ਆਖ਼ਰ ਪੰਜਾਬੀਆਂ ਨੂੰ ਇਨ੍ਹਾਂ ਵੱਡੇ ਹਾਈਵੇਜ਼ ਦਾ ਕੀ ਲਾਭ, ਜੋ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਉਜਾੜ ਕੇ, ਉਨ੍ਹਾਂ ਦਾ ਸੀਨਾ ਪਾੜ ਕੇ ਕਾਰਪੋਰੇਟਾਂ ਦੇ ਹਿੱਤਾਂ ਲਈ ਇਨ੍ਹਾਂ ਸੜਕਾਂ ਨੂੰ ਉਸਾਰਿਆ ਜਾ ਰਿਹਾ ਹੈ? ਪੰਜਾਬੀਆਂ ਨੂੰ ਕੀ ਲਾਹਾ ਅਧੁਨਿਕ ਰੇਲਵੇ ਸਟੇਸ਼ਨਾਂ ਦਾ, ਜੇਕਰ ਉਨ੍ਹਾਂ ਦੇ ਆਪਣੇ ਪਿੰਡਾਂ ਜਾਂ ਸ਼ਹਿਰਾਂ ਦੀਆਂ ਸੰਪਰਕ ਸੜਕਾਂ ਟੁੱਟੀਆਂ-ਭੱਜੀਆਂ ਅਤੇ ਖ਼ਸਤਾਹਾਲ ਹਨ? ਆਖ਼ਰ ਉਸ ਆਮ ਨਾਗਰਿਕ ਨੂੰ ਉਸ ਉੱਪਰੋਂ-ਉੱਪਰੋਂ ਦਿਸਦੇ ਵਿਕਾਸ ਦਾ ਕੀ ਫਾਇਦਾ, ਜੇਕਰ ਉਸ ਨੂੰ ਰੁਜ਼ਗਾਰ ਨਹੀਂ ਮਿਲਦਾ, ਉਸ ਦੇ ਬੱਚੇ ਨੂੰ ਸਰਕਾਰੀ ਸਕੂਲਾਂ ਵਿਚ ਸਹੀ ਸਿੱਖਿਆ ਨਹੀਂ ਮਿਲਦੀ, ਅਤੇ ਬੁਨਿਆਦੀ ਸਿਹਤ ਸਹੂਲਤਾਂ ਉਸ ਦੇ ਪੱਲੇ ਨਹੀਂ ਪੈਂਦੀਆਂ? ਜਦੋਂ ਇੱਕ ਆਮ ਪੰਜਾਬੀ ਇਨ੍ਹਾਂ ਬੁਨਿਆਦੀ ਸਹੂਲਤਾਂ ਦੀ ਪ੍ਰਾਪਤੀ ਲਈ ਆਪਣਾ ਭੱਜ-ਦੌੜ ਕਰਵਾਉਂਦਾ ਹੈ, ਆਪਣੀਆਂ ਬਚੀਆਂ-ਖੁਚੀਆਂ ਜ਼ਮੀਨਾਂ ਵੇਚਦਾ ਹੈ, ਘਰ ਗਿਰਵੀ ਰੱਖਦਾ ਹੈ ਅਤੇ ਬਾਅਦ ਵਿਚ ਕਰਜ਼ਾ ਨਾ ਚੁਕਾਉਣ ਦੀ ਸੂਰਤ ਵਿਚ ਛੱਤ ਦੇ ਸ਼ਤੀਰਾਂ ਜਾਂ ਪੱਖਿਆਂ ਨੂੰ ਜੱਫੇ ਪਾ ਕੇ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਗੱਲ ਇਕੱਲੇ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਨਹੀਂ ਹੈ, ਜਿਹੜੀ ਹਰ ਹਾਲ ਵਿਚ ਪੰਜਾਬ ਦੀ ਸੱਤਾ ਹਥਿਆਉਣਾ ਚਾਹੁੰਦੀ ਹੈ। ਕੇਂਦਰੀ ਹਾਕਮ ਹਰ ਹੀਲੇ ਪੰਜਾਬੀਆਂ ਦੀ ਖੇਤੀ ਅੰਦੋਲਨ ਵੇਲੇ ਦੀ ਇਤਿਹਾਸਕ ਪ੍ਰਾਪਤੀ ਦੀ ਹਉਮੈ ਨੂੰ ਭੰਨਣਾ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀਆਂ ਨਾਕਾਮੀਆਂ ਤੋਂ ਨਾਰਾਜ਼ ਹੁੰਦਿਆਂ ਅਤੇ ਅਕਾਲੀ ਦਲ ਦੇ ਰਵਾਇਤੀ ਪਰਿਵਾਰਵਾਦ ਤੋਂ ਪਾਸਾ ਵੱਟਦਿਆਂ, ਇੱਕ ਵੱਡੇ ਜਜ਼ਬਾਤੀ ਰੌਅ ਵਿਚ ਆਮ ਆਦਮੀ ਪਾਰਟੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਸੀ। ਇਹ ਇਨਕਲਾਬੀ ਬਦਲ ਇਸ ਆਸ ਨਾਲ ਲਿਆਂਦਾ ਗਿਆ ਸੀ ਕਿ ਇਹ ਪਾਰਟੀ ਉਨ੍ਹਾਂ ਦੇ ਦੁਖੜਿਆਂ ਦਾ ਹੱਲ ਕਰੇਗੀ, ਉਨ੍ਹਾਂ ਦੇ ਬੱਚਿਆਂ ਨੂੰ ਸੂਬੇ ਵਿਚ ਹੀ ਰੁਜ਼ਗਾਰ ਮਿਲੇਗਾ ਤੇ ਸੁੱਖ ਦਾ ਸਾਹ ਆਏਗਾ, ਭ੍ਰਿਸ਼ਟਾਚਾਰ ਸੂਬੇ ਵਿਚੋਂ ਜੜ੍ਹੋਂ ਖ਼ਤਮ ਹੋਵੇਗਾ, ਨਸ਼ਿਆਂ ਦੇ ਵਪਾਰੀ ਜੇਲ੍ਹਾਂ ਵਿਚ ਹੋਣਗੇ ਅਤੇ ਇੱਕ ਸਾਫ਼-ਸੁਥਰਾ ਤੇ ਪਾਰਦਰਸ਼ੀ ਪ੍ਰਸ਼ਾਸਨ ਮਿਲੇਗਾ।

ਪਰ ਅੱਜ ਪੰਜਾਬੀ ਇਹ ਸੋਚਣ 'ਤੇ ਮਜਬੂਰ ਹੋ ਗਏ ਹਨ ਕਿ ਬਦਲਾਅ ਦੇ ਨਾਂ 'ਤੇ ਉਨ੍ਹਾਂ ਦਾ ਤਾਂ ਕੁਝ ਹੋਰ ਵੀ ਬਹੁਤ ਕੁਝ ਗੁਆਚ ਗਿਆ ਹੈ। ਰਵਾਇਤੀ ਪਾਰਟੀਆਂ ਵਾਂਗ ਹੀ ਨਵੇਂ ਹਾਕਮ ਵੀ ਦਿੱਲੀ ਦੇ ਇਸ਼ਾਰਿਆਂ 'ਤੇ ਚੱਲ ਰਹੇ ਹਨ, ਜਿਸ ਕਾਰਨ ਸੂਬੇ ਦੇ ਆਪਣੇ ਫ਼ੈਸਲੇ ਲੈਣ ਦੀ ਤਾਕਤ ਕਮਜ਼ੋਰ ਹੋਈ ਹੈ। ਪੰਜਾਬ ਅਤੇ ਪੰਜਾਬੀ ਆਪਣੀ ਨੈਤਿਕਤਾ, ਸਦੀਆਂ ਪੁਰਾਣਾ ਭਾਈਚਾਰਾ, ਸਾਂਝੀਵਾਲਤਾ ਦੇ ਸਿਧਾਂਤ ਅਤੇ ਆਪਸੀ ਸਹਿਯੋਗ ਨੂੰ ਬਰਕਰਾਰ ਰੱਖਣਗੇ- ਇਹੀ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਅਤੇ ਆਸ ਸੀ।

ਪੰਜਾਬ ਦੀ ਸਿਆਸਤ ਹਮੇਸ਼ਾ ਹੀ ਬਹੁਤ ਪੇਚੀਦਗੀ ਭਰਪੂਰ ਰਹੀ ਹੈ। ਪੰਜਾਬ ਨਾਲ ਸਦਾ ਦਿੱਲੀ ਦੇ ਸਿਆਸਤਦਾਨ ਗੰਧਲੀਆਂ ਖੇਡਾਂ ਖੇਡਦੇ ਰਹੇ ਹਨ। ਸੂਬੇ ਦੇ ਸਰੋਤਾਂ ਨੂੰ ਲੁੱਟਣ ਅਤੇ ਇੱਥੋਂ ਦੀ ਖੇਤਰੀ ਤਾਕਤ ਨੂੰ ਕਮਜ਼ੋਰ ਕਰਨ ਲਈ ਕੇਂਦਰੀ ਸਿਆਸਤ ਨੇ ਹਮੇਸ਼ਾ ਸਾਜ਼ਿਸ਼ਾਂ ਘੜੀਆਂ ਹਨ। ਪੰਜਾਬ ਉਨ੍ਹਾਂ ਖੇਡਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਅਤੇ ਮੌਜੂਦਾ ਦੌਰ ਵਿਚ ਵੀ ਹੋ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪੰਜਾਬ ਵਿਚ ਅੱਸੀ-ਨੱਬੇ ਦੇ ਦਹਾਕੇ ਦੀਆਂ ਗਰਮ ਲਹਿਰਾਂ ਦੌਰਾਨ ਹਜ਼ਾਰਾਂ ਨੌਜਵਾਨਾਂ ਦੇ ਫ਼ਰਜ਼ੀ ਮੁਕਾਬਲੇ ਹੋਏ- ਇਸ ਖ਼ੂਨੀ ਖੇਡ ਪਿੱਛੇ ਆਖ਼ਰ ਕਿਸ ਦਾ ਹੱਥ ਸੀ? ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਵਗਾਇਆ ਗਿਆ, ਜਿਸ ਨੇ ਲੱਖਾਂ ਘਰਾਂ ਦੇ ਚਿਰਾਗ ਬੁਝਾ ਦਿੱਤੇ-ਕੌਣ ਹਨ ਇਸ ਦੇ ਅਸਲ ਸਰਪ੍ਰਸਤ? ਪੰਜਾਬ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਮਜਬੂਰਨ ਪ੍ਰਵਾਸ ਦਾ ਅਸਲ ਜ਼ਿੰਮੇਵਾਰ ਕੌਣ ਹੈ? ਇਨ੍ਹਾਂ ਸਾਰੇ ਗੰਭੀਰ ਸਵਾਲਾਂ ਦੇ ਜਵਾਬ ਲੱਭਦਿਆਂ ਅਤੇ ਹੌਲੀ-ਹੌਲੀ ਜਾਗਰੂਕ ਹੁੰਦਿਆਂ, ਹੁਣ ਪੰਜਾਬੀ ਸਿਆਸੀ ਨੇਤਾਵਾਂ ਨਾਲ ਬੇਹੱਦ ਨਾਰਾਜ਼ ਹਨ, ਕਿਉਂਕਿ ਇਹ ਨੇਤਾ ਵੋਟਾਂ ਵੇਲੇ ਤਾਂ ਪੈਰਾਂ 'ਤੇ ਡਿੱਗਦੇ ਹਨ ਪਰ ਔਖੇ ਵੇਲਿਆਂ ਵਿਚ ਪੰਜਾਬ ਦੀ ਬਾਂਹ ਫੜਨ ਤੋਂ ਸਾਫ਼ ਮੁੱਕਰ ਜਾਂਦੇ ਹਨ।

ਜੇਕਰ ਪੰਜਾਬ ਦੀ ਜਨਸੰਖਿਆ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇੱਥੇ ਲਗਭਗ 58 ਫ਼ੀਸਦੀ ਸਿੱਖ ਆਬਾਦੀ ਹੈ, ਜਿਸ ਵਿਚੋਂ ਕਰੀਬ 60 ਫ਼ੀਸਦੀ ਜੱਟ ਸਿੱਖ ਹਨ। ਹਿੰਦੂ ਭਾਈਚਾਰੇ ਦੀ ਗਿਣਤੀ ਲਗਭਗ 40 ਫ਼ੀਸਦੀ ਹੈ। ਇਸ ਹਿੰਦੂ-ਸਿੱਖ ਆਬਾਦੀ ਦੇ ਅੰਦਰ ਹੀ ਲਗਭਗ 33 ਫ਼ੀਸਦੀ (ਭਾਵ ਤੀਜਾ ਹਿੱਸਾ) ਦਲਿਤ ਵੋਟ ਬੈਂਕ ਹੈ, ਜੋ ਕਿ ਪੂਰੇ ਦੇਸ਼ ਵਿਚ ਕਿਸੇ ਵੀ ਸੂਬੇ ਨਾਲੋਂ ਫ਼ੀਸਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਹੈ।

ਅੱਜ ਸਾਰੀਆਂ ਸਿਆਸੀ ਪਾਰਟੀਆਂ ਪੰਜਾਬੀਆਂ ਦੇ ਇਸ ਸਾਂਝੇ ਅਕਸ ਨੂੰ ਢਾਹ ਲਾ ਕੇ, ਉਨ੍ਹਾਂ ਨੂੰ ਧਰਮ ਅਤੇ ਜਾਤ ਦੇ ਨਾਂ 'ਤੇ ਵੰਡ ਕੇ ਵੋਟਾਂ ਹਥਿਆਉਣ ਦੇ ਸਸਤੇ ਚੱਕਰ ਵਿਚ ਹਨ। ਸਾਰੀਆਂ ਸਿਆਸੀ ਪਾਰਟੀਆਂ ਖ਼ਾਸ ਕਰਕੇ ਭਾਜਪਾ ਦਾ ਪੂਰਾ ਫੋਕਸ ਇਸ ਵੇਲੇ ਐੱਸ.ਸੀ. ਜਾਤੀ ਦੇ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣ 'ਤੇ ਹੈ। ਦੋਆਬੇ ਦੇ ਚਾਰ ਪ੍ਰਮੁੱਖ ਜ਼ਿਲ੍ਹੇ-ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ)-ਵਿਚ ਦਲਿਤ ਵੋਟਰ ਹੀ ਸਾਰੀਆਂ ਸਿਆਸੀ ਪਾਰਟੀਆਂ ਦੀ ਹਾਰ-ਜਿੱਤ ਤੈਅ ਕਰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੇਰਾ ਸੱਚਖੰਡ ਬੱਲਾਂ ਵਿਖੇ ਜਾਣਾ ਇਸੇ ਰਣਨੀਤੀ ਦਾ ਹਿੱਸਾ ਸੀ, ਤਾਂ ਜੋ ਦੋਆਬੇ ਦੇ ਇਸ ਪ੍ਰਭਾਵਸ਼ਾਲੀ ਵੋਟ ਬੈਂਕ ਨੂੰ ਭਾਜਪਾ ਦੇ ਪੱਖ ਵਿਚ ਭੁਗਤਾਇਆ ਜਾ ਸਕੇ। ਉਨ੍ਹਾਂ ਨੇ ਡੇਰੇ ਦੇ ਸੰਤ ਨਿਰੰਜਨ ਦਾਸ ਨੂੰ ਵਿਸ਼ੇਸ਼ ਅਹਿਮੀਅਤ ਦੇ ਕੇ ਇਹ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਉਹ ਹੁਣ ਡੇਰਾਵਾਦ ਦੇ ਸਹਾਰੇ ਪੰਜਾਬ ਦੀ ਸਿਆਸਤ ਵਿਚ ਪੈਰ ਜਮਾਉਣਾ ਚਾਹੁੰਦੇ ਹਨ।

ਇਤਿਹਾਸਕ ਤੌਰ 'ਤੇ ਪੰਜਾਬ ਦੀ ਦਲਿਤ ਵੋਟ ਜ਼ਿਆਦਾਤਰ ਕਾਂਗਰਸ ਦੇ ਪੱਖ ਵਿਚ ਭੁਗਤਦੀ ਰਹੀ ਹੈ, ਖ਼ਾਸ ਕਰਕੇ ਦੋਆਬੇ ਦੇ ਇਲਾਕੇ ਵਿਚ। ਪਰ ਪਿਛਲੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਇਸ ਵੋਟ ਬੈਂਕ ਵਿਚ ਵੱਡੀ ਸੰਨ੍ਹ ਲਾਈ ਅਤੇ ਇੱਥੇ ਆਪਣਾ ਸਿਆਸੀ ਆਧਾਰ ਮਜ਼ਬੂਤ ਕੀਤਾ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗੱਠਜੋੜ ਵੀ ਇਸੇ ਵੋਟ ਨੂੰ ਹਾਸਲ ਕਰਨ ਲਈ ਹੱਥ-ਪੈਰ ਮਾਰਦਾ ਰਿਹਾ ਹੈ। ਉਂਜ, ਪੰਜਾਬ ਦੀ ਐੱਸ.ਸੀ. ਆਬਾਦੀ ਅਕਾਲੀਆਂ, ਗਰਮਖਿਆਲੀਆਂ ਅਤੇ ਕਾਂਗਰਸ ਦੇ ਖੇਮਿਆਂ ਵਿੱਚ ਵੰਡੀ ਹੋਈ ਹੈ। ਜੇ ਗਣਿਤ ਸਮਝੀਏ ਤਾਂ ਦਲਿਤਾਂ ਦੀ ਕੁੱਲ 33 ਫ਼ੀਸਦੀ ਵੋਟ ਵਿਚੋਂ, ਸਿੱਖ ਦਲਿਤਾਂ ਦੀ ਹਿੱਸੇਦਾਰੀ ਬਹੁਤ ਵੱਡੀ ਹੈ, ਜੋ ਕਿ ਸਿਆਸਤ ਦਾ ਰੁਖ਼ ਬਦਲਣ ਦੇ ਸਮਰੱਥ ਹੈ।

ਸਿਆਸੀ ਪਾਰਟੀਆਂ, ਖ਼ਾਸ ਕਰਕੇ ਭਾਜਪਾ ਵੱਲੋਂ ਪੰਜਾਬੀਆਂ ਨੂੰ ਪਹਿਲਾਂ ਧਰਮ ਦੇ ਨਾਂ 'ਤੇ ਵੰਡਣਾ ਅਤੇ ਫਿਰ ਜਾਤ-ਪਾਤ ਦੀ ਵਰਗ - ਵੰਡ ਕਰਨਾ ਸੂਬੇ ਦੇ ਸਮਾਜਿਕ ਤਾਣੇ-ਬਾਣੇ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਪਰ ਦੁਖਾਂਤ ਇਹ ਹੈ ਕਿ ਪੰਜਾਬੀਆਂ ਉੱਤੇ ਇਸ ਸਿਆਸੀ ਧਰੁਵੀਕਰਨ ਦਾ ਅਸਰ ਹੁਣ ਸਾਫ਼ ਦਿਖਣ ਲੱਗ ਪਿਆ ਹੈ। ਜੇਕਰ ਅਸੀਂ ਚੋਣ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਸਿਰਫ਼ 6.6 ਫ਼ੀਸਦੀ ਵੋਟਾਂ ਮਿਲੀਆਂ ਸਨ। ਲੇਕਿਨ 2024 ਦੀਆਂ ਲੋਕ ਸਭਾ ਚੋਣਾਂ ਵਿਚ, ਅਕਾਲੀ ਦਲ ਤੋਂ ਵੱਖ ਹੋ ਕੇ ਇਕੱਲਿਆਂ ਲੜਨ ਦੇ ਬਾਵਜੂਦ, ਭਾਜਪਾ ਦਾ ਵੋਟ ਬੈਂਕ ਉਛਾਲ ਮਾਰ ਕੇ 18.65 ਫ਼ੀਸਦੀ ਤੱਕ ਪਹੁੰਚ ਗਿਆ। ਭਾਵੇਂ ਉਹ ਸੀਟਾਂ ਜ਼ਿਆਦਾ ਨਹੀਂ ਜਿੱਤ ਸਕੀ, ਪਰ ਸ਼ਹਿਰੀ ਹਿੰਦੂ ਖੇਤਰਾਂ ਵਿਚ ਉਸ ਨੇ ਵੱਡੀ ਲੀਡ ਹਾਸਲ ਕੀਤੀ।

ਦੂਜੇ ਪਾਸੇ ਕਾਂਗਰਸ ਅਤੇ 'ਆਪ' ਨੂੰ ਲਗਭਗ 26-26 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਸ਼੍ਰੋਮਣੀ ਅਕਾਲੀ ਦਲ ਸੁੰਘੜ ਕੇ 13.68 ਫ਼ੀਸਦੀ 'ਤੇ ਆ ਗਿਆ। ਇਸ ਦੇ ਨਾਲ ਹੀ, ਗਰਮਖਿਆਲੀ ਅਤੇ ਆਜ਼ਾਦ ਉਮੀਦਵਾਰਾਂ ਦੇ ਪੱਲੇ ਕੱਟੜ ਸਿੱਖ ਭਾਵਨਾਵਾਂ ਦੀਆਂ ਵੋਟਾਂ ਪਈਆਂ।

ਹੁਣ ਭਾਜਪਾ ਦੀ ਰਣਨੀਤੀ ਇਹ ਹੈ ਕਿ ਜੇਕਰ ਉਹ ਸੂਬੇ ਦੇ 40 ਫ਼ੀਸਦੀ ਹਿੰਦੂਆਂ ਵਿਚੋਂ 30 ਫ਼ੀਸਦੀ ਵੋਟਾਂ ਨੂੰ ਆਪਣੇ ਹੱਕ ਵਿਚ ਪੱਕਾ ਕਰ ਲਵੇ ਅਤੇ ਨਾਲ ਹੀ ਵੱਖ-ਵੱਖ ਡੇਰਿਆਂ ਦੇ ਪ੍ਰਭਾਵ ਸਦਕਾ 10 ਤੋਂ 12 ਫ਼ੀਸਦੀ ਦਲਿਤ ਵੋਟ ਹਾਸਲ ਕਰ ਲਵੇ, ਤਾਂ ਉਹ ਹਿੰਦੂ-ਬਹੁਗਿਣਤੀ ਵਾਲੇ 55 ਵਿਧਾਨ ਸਭਾ ਚੋਣ ਖੇਤਰਾਂ ਵਿਚ ਇੱਕ ਮਜ਼ਬੂਤ ਸਿਆਸੀ ਸ਼ਕਤੀ ਬਣ ਕੇ ਉੱਭਰ ਸਕਦੀ ਹੈ। ਇਹ ਖੇਡ ਪੰਜਾਬ ਦੇ ਉੱਜਲ ਭਵਿੱਖ ਲਈ ਨਹੀਂ, ਸਗੋਂ ਸੱਤਾ ਹਥਿਆਉਣ ਲਈ ਖੇਡੀ ਜਾ ਰਹੀ ਹੈ।

ਪੰਜਾਬ ਸ਼ੁਰੂ ਤੋਂ ਹੀ ਦੇਸ਼ ਅੰਦਰ ਫੈਡਰਲਿਜ਼ਮ ਯਾਨੀ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਪਹਿਰੇਦਾਰ ਰਿਹਾ ਹੈ। ਪ੍ਰੰਤੂ ਅਜੋਕੇ ਸਮੇਂ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਅਧਿਕਾਰਾਂ 'ਤੇ ਲਗਾਤਾਰ ਡਾਕੇ ਮਾਰੇ ਜਾ ਰਹੇ ਹਨ। ਪੰਜਾਬ ਦੇ ਪੇਂਡੂ ਵਿਕਾਸ ਫੰਡ ਨੂੰ ਰੋਕਣਾ, ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ ਸਰਹੱਦ ਤੋਂ 50 ਕਿਲੋਮੀਟਰ ਤੱਕ ਵਧਾ ਕੇ ਸੂਬੇ ਦੀ ਕਾਨੂੰਨ ਵਿਵਸਥਾ ਵਿਚ ਦਖ਼ਲ ਦੇਣਾ, ਅਤੇ ਪੰਜਾਬ ਦੇ ਕੋਲੇ ਦੇ ਕੋਟੇ 'ਤੇ ਸ਼ਰਤਾਂ ਲਾਉਣੀਆਂ-ਇਹ ਸਭ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬ ਨੂੰ ਆਰਥਿਕ ਤੌਰ 'ਤੇ ਕੰਗਾਲ ਕਰਕੇ ਗੋਡਿਆਂ ਭਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਹਮੇਸ਼ਾ ਦੇਸ਼ ਦੇ ਅੰਨਦਾਤਾ ਰਹੇ ਹਨ, ਪਰ ਅੱਜ ਉਨ੍ਹਾਂ ਨੂੰ ਆਪਣੀ ਹੀ ਫ਼ਸਲ ਦੀ ਕੀਮਤ ਮੰਗਣ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਕੀਲੀਆਂ ਵਾਲੀਆਂ ਤਾਰਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਆਸੀ ਪਾਰਟੀਆਂ ਇਨ੍ਹਾਂ ਗੰਭੀਰ ਮਸਲਿਆਂ 'ਤੇ ਲੜਨ ਦੀ ਬਜਾਏ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਵਿਚ ਮਸਰੂਫ਼ ਹਨ, ਜਿਸ ਕਾਰਨ ਆਮ ਪੰਜਾਬੀ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ।

ਕੀ ਪੰਜਾਬੀ ਆਪਣੀ ਜਨਸੰਖਿਆ ਦੇ ਸਰੂਪਾਂ ਨੂੰ ਧਰਮ ਅਤੇ ਜਾਤ ਦੀ ਵੰਡ ਦੇ ਕੋਝੇ ਪੇਚੇ ਪਾ ਕੇ ਆਪਣੇ ਉਸ ਸ਼ਾਨਦਾਰ ਇਤਿਹਾਸ ਨੂੰ ਖ਼ਰਾਬ ਕਰ ਲੈਣਗੇ, ਜਿਹੜੀ ਉਨ੍ਹਾਂ ਨੇ ਲੰਮੇ ਸੰਘਰਸ਼ਾਂ ਵਿਚੋਂ ਸਾਂਝੀਵਾਲਤਾ ਦੇ ਸੰਦੇਸ਼ ਰਾਹੀਂ ਪ੍ਰਾਪਤ ਕੀਤੀ ਹੈ? ਕੀ ਪੰਜਾਬ ਵਿਚ ਹਿੰਦੂ-ਸਿੱਖ ਦੀ ਵੰਡ ਅਤੇ ਧਰੁਵੀਕਰਨ ਪੰਜਾਬ ਦੇ ਹਿਤ ਵਿਚ ਹੈ? ਬਿਲਕੁਲ ਨਹੀਂ। ਜਿਸ ਪੋਲਰਾਈਜ਼ੇਸ਼ਨ ਵਾਸਤੇ ਕੇਂਦਰੀ ਅਤੇ ਸਥਾਨਕ ਸਿਆਸੀ ਧਿਰਾਂ ਆਪਣਾ ਪੂਰਾ ਤਾਣ ਲਾ ਰਹੀਆਂ ਹਨ, ਜੇਕਰ ਉਹ ਕਾਮਯਾਬ ਹੋ ਗਈਆਂ, ਤਾਂ ਇਹ ਪੰਜਾਬੀ ਦੀ ਸੂਝਵਾਨ ਸੋਚ ਉੱਤੇ ਇੱਕ ਵੱਡਾ ਕਲੰਕ ਹੋਵੇਗਾ। ਇਹ ਵੰਡ ਪੰਜਾਬੀ ਸੱਭਿਆਚਾਰ, ਪੰਜਾਬੀਅਤ ਦੀ ਰੂਹ ਅਤੇ ਪੰਜਾਬ ਦੇ ਹਿਤਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦੇਵੇਗੀ।

ਹੁਣ ਆਉਣ ਵਾਲੇ ਸਮੇਂ ਵਿਚ ਇਹ ਦੇਖਣਾ ਬੇਹੱਦ ਦਿਲਚਸਪ ਅਤੇ ਅਹਿਮ ਹੋਵੇਗਾ ਕਿ ਕੀ ਪੰਜਾਬੀ ਆਪਣੇ ਨਿਰਭ ਸਰੂਪ, ਜਾਗਰੂਕ ਜ਼ਮੀਰ ਅਤੇ ਦੂਰਅੰਦੇਸ਼ੀ ਸੋਚ ਨੂੰ ਕਾਇਮ ਰੱਖਦੇ ਹਨ? ਕੀ ਉਹ ਪੰਜਾਬ ਦੇ ਹੱਕਾਂ, ਵੱਧ ਸੂਬਾਈ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ, ਮਨੁੱਖੀ ਅਧਿਕਾਰਾਂ ਦੇ ਸੱਚੇ ਪਹਿਰੇਦਾਰਾਂ, ਸਾਂਝੀਵਾਲਤਾ ਦੇ ਹਿਤੈਸ਼ੀਆਂ ਅਤੇ ਪੰਜਾਬ ਦੇ ਅਸਲ ਮਸਲਿਆਂ ਦਾ ਹੱਲ ਕਰਨ ਵਾਲਿਆਂ ਦਾ ਸਾਥ ਦਿੰਦੇ ਹਨ? ਜਾਂ ਫਿਰ ਉਹ ਕਾਰਪੋਰੇਟਾਂ ਦੇ ਉਨ੍ਹਾਂ ਸੌਦਾਗਰਾਂ ਅਤੇ ਵੱਡੇ-ਵੱਡੇ ਦਿਖਾਵਟੀ ਵਿਕਾਸ ਕਾਰਜਾਂ ਦੇ ਝੂਠੇ ਜਾਲ ਵਿਚ ਫਸਦੇ ਹਨ, ਜਿਹੜੇ ਦੇਸ਼ ਦੇ ਜਮਹੂਰੀ ਸੰਵਿਧਾਨ ਨੂੰ ਬਦਲ ਕੇ ਇਸ ਦਾ ਚਿਹਰਾ-ਮੋਹਰਾ ਹੀ ਵਿਗਾੜਨਾ ਚਾਹੁੰਦੇ ਹਨ।

ਪੰਜਾਬ ਅਤੇ ਇੱਥੋਂ ਦੇ ਵਸਨੀਕ ਭਾਵੇਂ ਕੁਝ ਸਮੇਂ ਲਈ ਜਜ਼ਬਾਤੀ ਹੋ ਕੇ ਸਿਆਸੀ ਗੁੰਮਰਾਹਕੁਨ ਪ੍ਰਚਾਰ ਦਾ ਸ਼ਿਕਾਰ ਹੋ ਸਕਦੇ ਹਨ, ਪਰ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਦੀ ਧਰਤੀ, ਇਸ ਦੀ ਮਾਂ-ਬੋਲੀ, ਸੱਭਿਆਚਾਰ ਅਤੇ ਅਣਖ 'ਤੇ ਵਾਰ ਹੋਇਆ ਹੈ, ਉਨ੍ਹਾਂ ਨੇ ਹਮੇਸ਼ਾ ਸਿਆਸੀ ਭਰਮਜਾਲ ਨੂੰ ਤੋੜ ਕੇ ਸੰਘਰਸ਼ਾਂ ਨੂੰ ਤਰਜੀਹ ਦਿੱਤੀ ਹੈ। ਪੰਜਾਬੀ ਹਮੇਸ਼ਾ ਜ਼ੁਲਮ ਅਤੇ ਹਾਕਮਾਂ ਦੇ ਵਿਰੁੱਧ ਹਿੱਕ ਤਾਣ ਕੇ ਖੜ੍ਹੇ ਹੋਏ ਹਨ। ਭਾਵੇਂ ਉਹ 1975 ਦੀ ਦੇਸ਼ ਵਿਆਪੀ ਐਮਰਜੈਂਸੀ ਦਾ ਦੌਰ ਹੋਵੇ, ਜਾਂ ਦਿੱਲੀ ਦੀਆਂ ਬਰੂਹਾਂ 'ਤੇ ਲੜਿਆ ਗਿਆ ਕਾਲੇ ਖੇਤੀ ਕਾਨੂੰਨਾਂ ਦਾ ਇਤਿਹਾਸਕ ਅੰਦੋਲਨ-ਪੰਜਾਬੀਆਂ ਲਈ ਹਮੇਸ਼ਾ ਨੈਤਿਕ ਕਦਰਾਂ-ਕੀਮਤਾਂ ਕਾਇਮ ਰੱਖੀਆਂ ਹਨ। ਉਹ ਆਪਣੇ ਹੱਕਾਂ ਲਈ ਮਰ-ਮਿਟਣ ਵਾਸਤੇ ਪੂਰੀ ਦੁਨੀਆਂ ਵਿਚ ਜਾਣੇ ਜਾਂਦੇ ਹਨ। ਪੰਜਾਬ ਦੇ ਲੋਕਾਂ ਨੇ ਬਹੁਤ ਔਖੇ ਅਤੇ ਕਾਲੇ ਸਮਿਆਂ ਵਿਚ ਵੀ ਆਪਣੇ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਨੂੰ ਟੁੱਟਣ ਨਹੀਂ ਦਿੱਤਾ ਕੀ ਪੰਜਾਬੀ, ਸਿਆਸਤਦਾਨਾਂ ਦੇ ਧਰਮ ਅਤੇ ਜਾਤ ਦੇ ਪਾਏ ਜਾ ਰਹੇ ਭਰਮਜਾਲ ਵਿਚੋਂ ਬਾਹਰ ਨਿਕਲਣਗੇ ਅਤੇ ਕੀ ਉਹ ਪੰਜਾਬ ਦੇ ਉੱਜਵਲ, ਸਾਂਝੇ ਤੇ ਸੁਨਹਿਰੀ ਭਵਿੱਖ ਲਈ ਇੱਕਜੁੱਟ ਹੋ ਕੇ ਆਪਣੇ ਅੰਦਰਲੇ ਅਸਲ ਪੰਜਾਬੀ ਅਤੇ ਨੈਤਿਕ ਆਦਰਸ਼ਾਂ 'ਤੇ ਪਹਿਰਾ ਦੇਣਗੇ?

# ਵਿਦਿਆਰਥੀ ਵਿਰੋਧ ਪ੍ਰਦਰਸ਼ਨ: ਮੁੱਦਿਆਂ ਅਤੇ ਭਵਿੱਖ ਬਾਰੇ ਚਿੰਤਾਵਾਂ ਤੋਂ ਭਟਕਦੀ ਬਹਿਸ






-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਮੋਬਾਈਲ: 94665-26148, 01255281381
ਪੰਜਾਬ ਮੇਲ USA




ਲੋਕਤੰਤਰ ਵਿਚ, ਵਿਰੋਧ ਨਾ ਸਿਰਫ਼ ਇੱਕ ਅਧਿਕਾਰ ਹੈ, ਸਗੋਂ ਜਵਾਬਦੇਹੀ ਨੂੰ ਯਕੀਨੀ ਬਣਾਉਣ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਵੀ ਹੈ। ਜਦੋਂ ਸਿਸਟਮ ਵਿਚ ਗੰਭੀਰ ਖਾਮੀਆਂ ਦਾ ਪਰਦਾਫਾਸ਼ ਹੁੰਦਾ ਹੈ, ਤਾਂ ਜਨਤਾ ਆਪਣੀ ਆਵਾਜ਼ ਬੁਲੰਦ ਕਰਦੀ ਹੈ ਅਤੇ ਸਰਕਾਰ ਤੋਂ ਜਵਾਬ ਮੰਗਦੀ ਹੈ। ਖਾਸ ਕਰਕੇ ਜਦੋਂ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਹੁੰਦਾ ਹੈ, ਤਾਂ ਵਿਰੋਧ ਦੀ ਆਵਾਜ਼ ਹੋਰ ਵੀ ਕੁਦਰਤੀ ਹੋ ਜਾਂਦੀ ਹੈ। NEET ਵਰਗੀਆਂ ਰਾਸ਼ਟਰੀ ਪ੍ਰੀਖਿਆਵਾਂ ਵਿਚ ਕਥਿਤ ਬੇਨਿਯਮੀਆਂ ਅਤੇ ਪੇਪਰ ਲੀਕ ਦੀਆਂ ਰਿਪੋਰਟਾਂ ਨੇ ਦੇਸ਼ ਭਰ ਦੇ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਚਿੰਤਤ ਕਰ ਦਿੱਤਾ ਹੈ। ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ, ਜਦੋਂ ਕਿਸੇ ਪ੍ਰੀਖਿਆ ਦੀ ਨਿਰਪੱਖਤਾ 'ਤੇ ਸਵਾਲ ਉਠਾਇਆ ਜਾਂਦਾ ਹੈ, ਤਾਂ ਗੁੱਸਾ ਪੈਦਾ ਹੋਣਾ ਅਸਾਧਾਰਨ ਨਹੀਂ ਹੈ। ਪਰ ਇਹ ਪੂਰੀ ਘਟਨਾ ਇੱਕ ਮਹੱਤਵਪੂਰਨ ਸਵਾਲ ਵੀ ਉਠਾਉਂਦੀ ਹੈ: ਕੀ ਵਿਦਿਆਰਥੀ ਅੰਦੋਲਨਾਂ ਦਾ ਉਦੇਸ਼ ਸੱਚਮੁੱਚ ਵਿਦਿਆਰਥੀਆਂ ਦਾ ਭਵਿੱਖ ਹੈ, ਜਾਂ ਕੀ ਉਹ ਹੌਲੀ-ਹੌਲੀ ਰਾਜਨੀਤਿਕ ਅਤੇ ਵਿਚਾਰਧਾਰਕ ਟਕਰਾਅ ਦਾ ਪਲੇਟਫਾਰਮ ਬਣ ਰਹੇ ਹਨ?

ਕਿਸੇ ਵੀ ਵਿਦਿਆਰਥੀ ਲਹਿਰ ਦੀ ਸਭ ਤੋਂ ਵੱਡੀ ਤਾਕਤ ਇਸਦੀ ਨੈਤਿਕਤਾ ਹੁੰਦੀ ਹੈ। ਜਦੋਂ ਵਿਦਿਆਰਥੀ ਆਪਣੇ ਹੱਕਾਂ ਅਤੇ ਭਵਿੱਖ ਲਈ ਲੜਦੇ ਹਨ, ਤਾਂ ਸਮਾਜ ਉਨ੍ਹਾਂ ਦੇ ਨਾਲ ਖੜ੍ਹਾ ਹੁੰਦਾ ਹੈ। ਮਾਪੇ, ਅਧਿਆਪਕ ਅਤੇ ਆਮ ਨਾਗਰਿਕ ਵੀ ਉਨ੍ਹਾਂ ਦੀਆਂ ਮੰਗਾਂ ਨੂੰ ਜਾਇਜ਼ ਮੰਨਦੇ ਹਨ। ਪਰ ਜਿਵੇਂ-ਜਿਵੇਂ ਅੰਦੋਲਨ ਦਾ ਕੇਂਦਰ ਬਦਲਦਾ ਹੈ ਅਤੇ ਅਸਲ ਮੁੱਦੇ ਨਾਲ ਸਬੰਧਤ ਵਿਸ਼ੇ ਸਾਹਮਣੇ ਆਉਣ ਲੱਗਦੇ ਹਨ, ਇਸਦੀ ਭਰੋਸੇਯੋਗਤਾ 'ਤੇ ਸਵਾਲ ਉਠਣੇ ਤੈਅ ਹਨ। ਜੇਕਰ ਪ੍ਰੀਖਿਆ ਬੇਨਿਯਮੀਆਂ ਦਾ ਵਿਰੋਧ ਕਰਨ ਵਾਲਾ ਪਲੇਟਫਾਰਮ ਨਾਅਰਿਆਂ, ਭਾਸ਼ਣਾਂ ਜਾਂ ਵਿਵਾਦਾਂ ਦਾ ਕੇਂਦਰ ਬਣ ਜਾਂਦਾ ਹੈ, ਜਿਨ੍ਹਾਂ ਦਾ ਸਿੱਖਿਆ ਪ੍ਰਣਾਲੀ ਨਾਲ ਸਿੱਧਾ ਕੋਈ ਸਬੰਧ ਨਹੀਂ ਹੈ, ਤਾਂ ਲਹਿਰ ਦੀ ਗੰਭੀਰਤਾ ਘੱਟ ਜਾਂਦੀ ਹੈ ਅਤੇ ਅਸਲ ਮੁੱਦਾ ਪਿੱਛੇ ਰਹਿ ਜਾਂਦਾ ਹੈ।

ਅੱਜ ਦੇਸ਼ ਦੇ ਨੌਜਵਾਨ ਪੇਪਰ ਲੀਕ ਤੋਂ ਪ੍ਰੇਸ਼ਾਨ ਹਨ। ਉਨ੍ਹਾਂ ਨੂੰ ਚਿੰਤਾ ਹੈ ਕਿ ਕਿਸੇ ਅਪਰਾਧੀ ਗਿਰੋਹ ਕਾਰਨ ਸਾਲਾਂ ਦੀ ਮਿਹਨਤ ਬਰਬਾਦ ਹੋ ਸਕਦੀ ਹੈ। ਅਜਿਹੀ ਸਥਿਤੀ ਵਿਚ, ਸਭ ਤੋਂ ਮਹੱਤਵਪੂਰਨ ਸਵਾਲ ਇਹ ਹੋਣੇ ਚਾਹੀਦੇ ਹਨ ਕਿ ਪੇਪਰ ਲੀਕ ਨੂੰ ਕਿਵੇਂ ਰੋਕਿਆ ਜਾਵੇ, ਪ੍ਰੀਖਿਆ ਪ੍ਰਣਾਲੀ ਨੂੰ ਹੋਰ ਸੁਰੱਖਿਅਤ ਕਿਵੇਂ ਬਣਾਇਆ ਜਾਵੇ, ਦੋਸ਼ੀਆਂ ਨੂੰ ਕਿੰਨੀ ਜਲਦੀ ਅਤੇ ਸਖ਼ਤ ਸਜ਼ਾ ਦਿੱਤੀ ਜਾਵੇਗੀ, ਅਤੇ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਕਿਹੜੇ ਸੰਸਥਾਗਤ ਸੁਧਾਰ ਲਾਗੂ ਕੀਤੇ ਜਾਣਗੇ। ਜੇਕਰ ਇਨ੍ਹਾਂ ਬੁਨਿਆਦੀ ਸਵਾਲਾਂ ਦੀ ਥਾਂ ਰਾਜਨੀਤਿਕ ਨਾਅਰਿਆਂ ਅਤੇ ਸਰਕਾਰ ਦੇ ਵਿਰੋਧ ਜਾਂ ਸਮਰਥਨ ਬਾਰੇ ਬਹਿਸਾਂ ਕੀਤੀਆਂ ਜਾਣ, ਤਾਂ ਹੱਲ ਦਾ ਰਸਤਾ ਕਮਜ਼ੋਰ ਹੋ ਜਾਂਦਾ ਹੈ।

ਇਹ ਵੀ ਮੰਨਣਾ ਪਵੇਗਾ ਕਿ ਪੇਪਰ ਲੀਕ ਕੋਈ ਨਵੀਂ ਸਮੱਸਿਆ ਨਹੀਂ ਹੈ। ਵੱਖ-ਵੱਖ ਰਾਜਾਂ ਵਿਚ, ਵੱਖ-ਵੱਖ ਸਰਕਾਰਾਂ ਦੇ ਅਧੀਨ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ 'ਚ ਬੇਨਿਯਮੀਆਂ ਦੇ ਮਾਮਲੇ ਸਾਹਮਣੇ ਆਏ ਹਨ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਸਮੱਸਿਆ ਕਿਸੇ ਇੱਕ ਪਾਰਟੀ, ਇੱਕ ਮੰਤਰੀ ਜਾਂ ਇੱਕ ਸਰਕਾਰ ਤੱਕ ਸੀਮਿਤ ਨਹੀਂ ਹੈ। ਸਮੱਸਿਆ ਉਸੇ ਪ੍ਰਣਾਲੀ ਦੇ ਅੰਦਰ ਹੈ, ਜਿਸ ਵਿਚ ਅਪਰਾਧਿਕ ਗਿਰੋਹ ਘੁਸਪੈਠ ਕਰਨ ਦੇ ਯੋਗ ਹਨ। ਇਸ ਲਈ, ਜੇਕਰ ਚਰਚਾਵਾਂ ਰਾਜਨੀਤਿਕ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਤੱਕ ਸੀਮਤ ਰਹਿਣਗੀਆਂ, ਤਾਂ ਅਸਲ ਦੋਸ਼ੀ ਬਚ ਜਾਣਗੇ ਅਤੇ ਵਿਦਿਆਰਥੀ ਵਾਰ-ਵਾਰ ਦੁੱਖ ਝੱਲਣਗੇ।

ਇੱਕ ਮੰਤਰੀ ਦਾ ਅਸਤੀਫਾ ਲੋਕਤੰਤਰੀ ਜਵਾਬਦੇਹੀ ਦਾ ਮਾਮਲਾ ਹੋ ਸਕਦਾ ਹੈ, ਪਰ ਇਹ ਆਪਣੇ ਆਪ ਵਿਚ ਇੱਕ ਨਿਸ਼ਚਿਤ ਹੱਲ ਨਹੀਂ ਹੈ। ਮੰਤਰੀਆਂ ਨੂੰ ਬਦਲਣ ਨਾਲ ਸਿਸਟਮ ਤਾਂ ਹੀ ਬਦਲੇਗਾ, ਜੇਕਰ ਪ੍ਰਸ਼ਾਸਕੀ ਸੁਧਾਰ, ਤਕਨੀਕੀ ਸੁਰੱਖਿਆ, ਪਾਰਦਰਸ਼ੀ ਜਾਂਚ ਅਤੇ ਸਖ਼ਤ ਸਜ਼ਾ ਲਾਗੂ ਕੀਤੀ ਜਾਵੇ। ਮੂਲ ਕਾਰਨਾਂ ਨੂੰ ਸੰਬੋਧਿਤ ਕੀਤੇ ਬਿਨਾਂ, ਸਿਰਫ਼ ਚਿਹਰੇ ਬਦਲਣ ਨਾਲ ਨਤੀਜਾ ਨਹੀਂ ਬਦਲੇਗਾ। ਇਸ ਲਈ, ਵਿਦਿਆਰਥੀ ਅੰਦੋਲਨਾਂ ਦਾ ਧਿਆਨ ਵਿਅਕਤੀਆਂ 'ਤੇ ਨਹੀਂ, ਸਗੋਂ ਪ੍ਰਣਾਲੀਗਤ ਸੁਧਾਰਾਂ 'ਤੇ ਹੋਣਾ ਚਾਹੀਦਾ ਹੈ।

ਸੋਸ਼ਲ ਮੀਡੀਆ ਦੇ ਯੁੱਗ ਵਿਚ, ਅੰਦੋਲਨਾਂ ਦੀ ਦਿਸ਼ਾ ਤੇਜ਼ੀ ਨਾਲ ਬਦਲਦੀ ਹੈ। ਕੁਝ ਸਕਿੰਟਾਂ ਦੇ ਵੀਡੀਓ ਕਲਿੱਪ, ਇੱਕ ਨਾਅਰਾ, ਜਾਂ ਇੱਕ ਪੋਸਟ ਇੱਕ ਪੂਰੀ ਅੰਦੋਲਨ ਦੀ ਤਸਵੀਰ ਨੂੰ ਆਕਾਰ ਦੇ ਸਕਦੀ ਹੈ। ਇਸ ਲਈ ਅੰਦੋਲਨ ਵਿਚ ਸ਼ਾਮਲ ਲੋਕਾਂ ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਕਿਤੇ ਵੱਧ ਹੋ ਜਾਂਦੀ ਹੈ। ਜੇਕਰ ਸਟੇਜ 'ਤੇ ਅਜਿਹੇ ਨਾਅਰੇ ਸੁਣੇ ਜਾਂਦੇ ਹਨ, ਜਿਨ੍ਹਾਂ ਦਾ ਪ੍ਰੀਖਿਆਵਾਂ ਜਾਂ ਸਿੱਖਿਆ ਨਾਲ ਕੋਈ ਸਬੰਧ ਨਹੀਂ ਹੈ, ਤਾਂ ਆਮ ਨਾਗਰਿਕ ਸੋਚਣ ਲਈ ਮਜਬੂਰ ਹੋ ਜਾਂਦੇ ਹਨ ਕਿ ਕੀ ਅੰਦੋਲਨ ਦਾ ਅਸਲ ਉਦੇਸ਼ ਉਹੀ ਹੈ, ਜੋ ਸ਼ੁਰੂ ਵਿਚ ਦੱਸਿਆ ਗਿਆ ਸੀ। ਲੋਕਤੰਤਰ ਵਿਚ ਵਿਚਾਰਧਾਰਾਵਾਂ ਦਾ ਸਥਾਨ ਹੁੰਦਾ ਹੈ, ਪਰ ਜਦੋਂ ਵਿਦਿਆਰਥੀ ਅੰਦੋਲਨ ਵਿਚਾਰਧਾਰਕ ਮੁਕਾਬਲੇ ਦਾ ਮਾਧਿਅਮ ਬਣ ਜਾਂਦੇ ਹਨ, ਤਾਂ ਸਭ ਤੋਂ ਵੱਧ ਨੁਕਸਾਨ ਉਨ੍ਹਾਂ ਵਿਦਿਆਰਥੀਆਂ ਨੂੰ ਹੁੰਦਾ ਹੈ, ਜਿਨ੍ਹਾਂ ਦੇ ਨਾਮ 'ਤੇ ਅੰਦੋਲਨ ਸ਼ੁਰੂ ਕੀਤਾ ਗਿਆ ਸੀ।

ਜਨਤਕ ਜੀਵਨ ਵਿਚ ਸਰਗਰਮ ਕੋਈ ਵੀ ਵਿਅਕਤੀ - ਭਾਵੇਂ ਉਹ ਸਮਾਜਿਕ ਕਾਰਕੁਨ ਹੋਵੇ, ਵਿਦਿਆਰਥੀ ਨੇਤਾ ਹੋਵੇ, ਜਾਂ ਕਿਸੇ ਅੰਦੋਲਨ ਦਾ ਚਿਹਰਾ ਹੋਵੇ - ਸਹਿਮਤ ਵੀ ਹੋ ਸਕਦਾ ਹੈ ਅਤੇ ਅਸਹਿਮਤ ਵੀ। ਲੋਕਤੰਤਰ ਇਸ ਵਿਭਿੰਨਤਾ ਦਾ ਸਾਰ ਹੈ। ਪਰ ਕਿਸੇ ਵੀ ਅੰਦੋਲਨ ਨੂੰ ਵਿਅਕਤੀਆਂ ਦੀ ਪ੍ਰਸਿੱਧੀ ਦੁਆਰਾ ਨਹੀਂ, ਸਗੋਂ ਇਸਦੇ ਉਦੇਸ਼ ਅਤੇ ਨਤੀਜਿਆਂ ਦੁਆਰਾ ਨਿਰਣਾ ਕੀਤਾ ਜਾਣਾ ਚਾਹੀਦਾ ਹੈ। ਜੇਕਰ ਵਿਦਿਆਰਥੀਆਂ ਦੇ ਭਵਿੱਖ ਲਈ ਇੱਕ ਅੰਦੋਲਨ ਸ਼ੁਰੂ ਕੀਤਾ ਜਾਂਦਾ ਹੈ, ਤਾਂ ਹਰ ਕਾਰਵਾਈ, ਹਰ ਨਾਅਰਾ ਅਤੇ ਹਰ ਮੰਗ ਉਸ ਉਦੇਸ਼ ਨੂੰ ਮਜ਼ਬੂਤ ਕਰੇਗੀ। ਨਹੀਂ ਤਾਂ, ਸਮਾਜ ਦਾ ਵਿਸ਼ਵਾਸ ਕਮਜ਼ੋਰ ਹੋਣਾ ਸ਼ੁਰੂ ਹੋ ਜਾਂਦਾ ਹੈ।

ਅੱਜ ਲੋੜ ਸਿਰਫ਼ ਦੋਸ਼ ਲਾਉਣ ਦੀ ਨਹੀਂ, ਸਗੋਂ ਵਿਆਪਕ ਸੁਧਾਰਾਂ ਦੀ ਹੈ। ਰਾਸ਼ਟਰੀ ਪੱਧਰ ਦੀਆਂ ਪ੍ਰੀਖਿਆਵਾਂ ਲਈ ਇੱਕ ਅਤਿ-ਆਧੁਨਿਕ ਡਿਜ਼ੀਟਲ ਸੁਰੱਖਿਆ ਪ੍ਰਣਾਲੀ ਵਿਕਸਤ ਕੀਤੀ ਜਾਣੀ ਚਾਹੀਦੀ ਹੈ। ਪ੍ਰਸ਼ਨ ਪੱਤਰ ਬਣਾਉਣ ਤੋਂ ਲੈ ਕੇ ਉਨ੍ਹਾਂ ਦੀ ਵੰਡ ਤੱਕ, ਹਰ ਪੜਾਅ 'ਤੇ ਜਵਾਬਦੇਹੀ ਸਥਾਪਤ ਕੀਤੀ ਜਾਣੀ ਚਾਹੀਦੀ ਹੈ। ਸਾਈਬਰ ਸੁਰੱਖਿਆ ਨੂੰ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਹੈ। ਪੇਪਰ ਲੀਕ ਵਿਚ ਸ਼ਾਮਲ ਸੰਗਠਿਤ ਗਿਰੋਹਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ, ਤੇਜ਼ੀ ਨਾਲ ਨਿਆਂ ਦੇਣ ਅਤੇ ਉਮਰ ਭਰ ਲਈ ਪਾਬੰਦੀਆਂ ਲਗਾਉਣ ਵਰਗੇ ਸਖ਼ਤ ਉਪਾਵਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਹ ਸਮੱਸਿਆ ਉਦੋਂ ਤੱਕ ਪੂਰੀ ਤਰ੍ਹਾਂ ਖਤਮ ਨਹੀਂ ਹੋਵੇਗੀ, ਜਦੋਂ ਤੱਕ ਅਪਰਾਧੀਆਂ ਨੂੰ ਡਰ ਨਹੀਂ ਹੁੰਦਾ ਕਿ ਉਨ੍ਹਾਂ ਦੇ ਅਪਰਾਧਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

ਰਾਜਨੀਤਿਕ ਪਾਰਟੀਆਂ ਦੀ ਵੀ ਕੋਈ ਘੱਟ ਜ਼ਿੰਮੇਵਾਰੀ ਨਹੀਂ ਹੈ। ਆਲੋਚਨਾ ਤੋਂ ਬਚਣ ਦੀ ਬਜਾਏ, ਸੱਤਾਧਾਰੀ ਧਿਰ ਨੂੰ ਪਾਰਦਰਸ਼ੀ ਕਾਰਵਾਈ ਕਰਨੀ ਚਾਹੀਦੀ ਹੈ, ਜਦੋਂ ਕਿ ਵਿਰੋਧੀ ਧਿਰ ਨੂੰ ਸਰਕਾਰ ਦੀ ਆਲੋਚਨਾ ਕਰਨ ਤੱਕ ਸੀਮਤ ਰਹਿਣ ਦੀ ਬਜਾਏ ਰਚਨਾਤਮਕ ਸੁਝਾਅ ਦੇਣੇ ਚਾਹੀਦੇ ਹਨ। ਜੇਕਰ ਹਰ ਮੁੱਦੇ ਨੂੰ ਸਿਰਫ਼ ਰਾਜਨੀਤਿਕ ਲਾਭ ਅਤੇ ਨੁਕਸਾਨ ਦੇ ਲੈਂਸ ਰਾਹੀਂ ਦੇਖਿਆ ਜਾਵੇ, ਤਾਂ ਵਿਦਿਆਰਥੀਆਂ ਦਾ ਲੋਕਤੰਤਰੀ ਸੰਸਥਾਵਾਂ ਵਿਚ ਵਿਸ਼ਵਾਸ ਘੱਟ ਜਾਵੇਗਾ। ਸਿੱਖਿਆ ਅਤੇ ਨੌਜਵਾਨਾਂ ਦਾ ਭਵਿੱਖ ਕਿਸੇ ਵੀ ਰਾਜਨੀਤਿਕ ਲਾਭ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹਨ।

ਸਮਾਜ ਨੂੰ ਵੀ ਆਤਮ-ਨਿਰੀਖਣ ਕਰਨ ਦੀ ਲੋੜ ਹੈ। ਬਹੁਤ ਵਾਰ, ਅਸੀਂ ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ, ਅਧੂਰੀ ਜਾਣਕਾਰੀ, ਜਾਂ ਭਾਵਨਾਤਮਕ ਸੰਦੇਸ਼ਾਂ ਦੇ ਆਧਾਰ 'ਤੇ ਫਾਇਦਿਆਂ ਅਤੇ ਨੁਕਸਾਨਾਂ ਦਾ ਜਲਦੀ ਨਿਰਣਾ ਕਰਦੇ ਹਾਂ। ਹਾਲਾਂਕਿ, ਕਿਸੇ ਵੀ ਅੰਦੋਲਨ ਜਾਂ ਵਿਵਾਦ ਦਾ ਮੁਲਾਂਕਣ ਤੱਥਾਂ, ਸਬੂਤਾਂ ਅਤੇ ਸੰਤੁਲਿਤ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ। ਲੋਕਤੰਤਰ ਵਿਚ ਅਸਹਿਮਤੀ ਜ਼ਰੂਰੀ ਹੈ, ਪਰ ਇਹ ਸਿਰਫ਼ ਉਦੋਂ ਹੀ ਅਰਥਪੂਰਨ ਹੁੰਦੀ ਹੈ, ਜਦੋਂ ਵਿਵੇਕ ਅਤੇ ਜ਼ਿੰਮੇਵਾਰੀ ਨਾਲ ਪ੍ਰਗਟ ਕੀਤਾ ਜਾਂਦਾ ਹੈ।

ਵਿਦਿਆਰਥੀਆਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਉਨ੍ਹਾਂ ਦੀ ਨੈਤਿਕ ਭਰੋਸੇਯੋਗਤਾ ਵਿਚ ਹੈ। ਜੇਕਰ ਉਹ ਆਪਣੇ ਮੁੱਦਿਆਂ 'ਤੇ ਇੱਕਜੁੱਟ ਰਹਿੰਦੇ ਹਨ, ਤਾਂ ਪੂਰਾ ਸਮਾਜ ਉਨ੍ਹਾਂ ਦੇ ਨਾਲ ਖੜ੍ਹਾ ਹੋਵੇਗਾ। ਪਰ ਜੇਕਰ ਉਨ੍ਹਾਂ ਦਾ ਅੰਦੋਲਨ ਰਾਜਨੀਤਿਕ ਧਰੁਵੀਕਰਨ ਦਾ ਸਾਧਨ ਬਣ ਜਾਂਦਾ ਹੈ, ਤਾਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪਿੱਛੇ ਰਹਿ ਜਾਣਗੀਆਂ। ਇਤਿਹਾਸ ਗਵਾਹ ਹੈ ਕਿ ਸਫਲ ਜਨਤਕ ਅੰਦੋਲਨ ਉਹ ਰਹੇ ਹਨ, ਜਿਨ੍ਹਾਂ ਨੇ ਕਦੇ ਵੀ ਆਪਣੇ ਅਸਲ ਉਦੇਸ਼ ਨੂੰ ਨਹੀਂ ਤਿਆਗਿਆ।

ਭਾਰਤ ਦੁਨੀਆਂ ਦੀ ਸਭ ਤੋਂ ਨੌਜਵਾਨ ਆਬਾਦੀ ਵਿਚੋਂ ਇੱਕ ਹੈ। ਇਹ ਆਬਾਦੀ ਸਾਡੀ ਸਭ ਤੋਂ ਵੱਡੀ ਤਾਕਤ ਅਤੇ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਦੋਵਾਂ ਨੂੰ ਦਰਸਾਉਂਦੀ ਹੈ। ਜੇਕਰ ਨੌਜਵਾਨਾਂ ਦਾ ਪ੍ਰੀਖਿਆ ਪ੍ਰਣਾਲੀ, ਸਿੱਖਿਆ ਪ੍ਰਣਾਲੀ ਅਤੇ ਲੋਕਤੰਤਰੀ ਸੰਸਥਾਵਾਂ ਵਿਚ ਵਿਸ਼ਵਾਸ ਡਗਮਗਾਣਾ ਸ਼ੁਰੂ ਹੋ ਜਾਂਦਾ ਹੈ, ਤਾਂ ਇਸਦਾ ਪ੍ਰਭਾਵ ਸਿਰਫ਼ ਇੱਕ ਪ੍ਰੀਖਿਆ ਤੱਕ ਸੀਮਤ ਨਹੀਂ ਹੋਵੇਗਾ, ਸਗੋਂ ਪੂਰੇ ਦੇਸ਼ ਦੇ ਭਵਿੱਖ 'ਤੇ ਪਵੇਗਾ। ਇਸ ਲਈ, ਪੇਪਰ ਲੀਕ ਵਰਗੀਆਂ ਘਟਨਾਵਾਂ ਨੂੰ ਸਿਰਫ਼ ਖ਼ਬਰਾਂ ਜਾਂ ਰਾਜਨੀਤਿਕ ਵਿਵਾਦ ਵਜੋਂ ਖਾਰਜ ਕਰਨਾ ਬੇਇਨਸਾਫ਼ੀ ਹੋਵੇਗੀ।


ਸਮੇਂ ਦੀ ਲੋੜ ਇਹ ਹੈ ਕਿ ਸਰਕਾਰ, ਨਿਆਂਪਾਲਿਕਾ, ਜਾਂਚ ਏਜੰਸੀਆਂ, ਵਿਦਿਅਕ ਸੰਸਥਾਵਾਂ, ਮਾਪੇ, ਅਧਿਆਪਕ ਅਤੇ ਵਿਦਿਆਰਥੀ ਸਾਰੇ ਮਿਲ ਕੇ ਇੱਕ ਅਜਿਹੀ ਪ੍ਰਣਾਲੀ ਬਣਾਉਣ ਲਈ ਕੰਮ ਕਰਨ, ਜਿਸ ਵਿਚ ਸਖ਼ਤ ਮਿਹਨਤ ਦਾ ਸਤਿਕਾਰ ਹੋਵੇ, ਪ੍ਰਤਿਭਾ ਨੂੰ ਮੌਕੇ ਮਿਲਣ ਅਤੇ ਕਿਸੇ ਵੀ ਵਿਦਿਆਰਥੀ ਨੂੰ ਇਹ ਡਰ ਨਾ ਹੋਵੇ ਕਿ ਉਸਦੀ ਸਫਲਤਾ ਕੋਈ ਅਪਰਾਧੀ ਗਿਰੋਹ ਖੋਹ ਸਕਦਾ ਹੈ।


ਲੋਕਤੰਤਰ ਵਿਚ ਅੰਦੋਲਨ ਜ਼ਰੂਰੀ ਹਨ, ਪਰ ਇਹ ਸਿਰਫ਼ ਉਦੋਂ ਹੀ ਪ੍ਰਭਾਵਸ਼ਾਲੀ ਹੁੰਦੇ ਹਨ, ਜਦੋਂ ਉਹ ਆਪਣੇ ਅਸਲ ਉਦੇਸ਼ ਤੋਂ ਭਟਕਦੇ ਨਹੀਂ ਹਨ। ਜੇਕਰ ਟੀਚਾ ਵਿਦਿਆਰਥੀਆਂ ਦਾ ਭਵਿੱਖ ਹੈ, ਤਾਂ ਬਹਿਸ ਇਸ 'ਤੇ ਕੇਂਦ੍ਰਿਤ ਹੋਣੀ ਚਾਹੀਦੀ ਹੈ। ਵਿਅਕਤੀ ਆਉਂਦੇ-ਜਾਂਦੇ ਰਹਿਣਗੇ, ਸਰਕਾਰਾਂ ਬਦਲਦੀਆਂ ਰਹਿਣਗੀਆਂ, ਰਾਜਨੀਤਿਕ ਪਾਰਟੀਆਂ ਸੱਤਾ ਵਿਚ ਉੱਠਣ-ਡਿੱਗਣਗੀਆਂ, ਪਰ ਅੱਜ ਦੇ ਵਿਦਿਆਰਥੀ ਭਾਰਤ ਦਾ ਭਵਿੱਖ ਨਿਰਧਾਰਤ ਕਰਨਗੇ। ਇਸ ਲਈ, ਸਮੇਂ ਦੀ ਸਭ ਤੋਂ ਜ਼ਰੂਰੀ ਲੋੜ ਵਿਦਿਆਰਥੀ ਅੰਦੋਲਨਾਂ ਨੂੰ ਵਿਦਿਅਕ ਸੁਧਾਰ ਅਤੇ ਪਾਰਦਰਸ਼ੀ ਪ੍ਰਣਾਲੀ ਦਾ ਸਾਧਨ ਬਣਾਉਣਾ ਹੈ, ਨਾ ਕਿ ਰਾਜਨੀਤਿਕ ਮੁਕਾਬਲੇਬਾਜ਼ੀ ਦਾ।

# 'ਨਿਰਮੋਹੇ' ਮਿੰਨੀ ਕਹਾਣੀ ਸੰਗ੍ਰਹਿ ਸਮਾਜਿਕ ਕਦਰਾਂ ਕੀਮਤਾਂ ਦਾ ਪਹਿਰੇਦਾਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA






> ਉਸ ਵਿਚ ਆਪਣੀ ਗੱਲ ਕਹਿਣ ਲਈ ਲੰਬਾ ਚੌੜਾ ਲਿਖਣਾ ਨਹੀਂ ਪੈਂਦਾ। ਮਿੰਨੀ ਕਹਾਣੀ ਪਾਠਕ ਨੂੰ ਕਹਾਣੀ ਪੜ੍ਹਕੇ ਉਸਦਾ ਭਾਵ ਅਰਥ ਖੁਦ ਸਮਝਣ ਦੀ ਤਾਕੀਦ ਕਰਦੀ ਹੁੰਦੀ ਹੈ। ਬਿਲਕੁਲ ਇਸੇ ਤਰ੍ਹਾਂ ਮਹਿੰਦਰ ਸਿੰਘ ਮਾਨ ਦੀਆਂ ਮਿੰਨੀ ਕਹਾਣੀਆਂ ਪਾਠਕ ਨੂੰ ਕਹਾਣੀ ਦਾ ਅਰਥ ਸਮਝਣ ਲਈ ਉਸਤੇ ਛੱਡ ਦਿੰਦੀ ਹੈ। ਜਿਵੇਂ 'ਪੰਜ ਲਾਚੀਆਂ', 'ਗੁਣ ਸੂਤਰ', 'ਭਵਿਖਬਾਣੀ' ਅਤੇ 'ਮਹਾਰਾਜ ਨੇ ਇਸਨੂੰ ਠੀਕ ਕਰਤਾ' ਮਿੰਨੀ ਕਹਾਣੀਆਂ ਪਖੰਡੀ ਲੋਕਾਂ ਵੱਲੋਂ ਆਮ ਜਨਤਾ ਨੂੰ ਵਹਿਮ-ਭਰਮ ਵਿਚ ਪਾਉਣ ਤੋਂ ਗੁਰੇਜ਼ ਕਰਨ ਦਾ ਇਸ਼ਾਰਾ ਕਰਦੀਆਂ ਹਨ। ਬਿਲਕੁਲ ਇਸੇ ਤਰ੍ਹਾਂ 'ਸਿਆਣੀਆਂ ਕੁੜੀਆਂ ਦੀ ਨਿਸ਼ਾਨੀ' ਅਤੇ 'ਘਰ ਦੀ ਇੱਜ਼ਤ' ਕਹਾਣੀਆਂ ਦਾਜ਼ ਦੀ ਲਾਹਣਤ ਤੋਂ ਖਹਿੜਾ ਛੁਡਾਉਣ ਦੀ ਤਾਕੀਦ ਕਰਦੀਆਂ ਹਨ।

> 95 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਨਵਰੰਗ ਪਬਲੀਕੇਸ਼ਨਜ਼ ਪਿੰਡ ਚੱਕ ਅੰਮ੍ਰਿਤਸਰੀਆ ਪਾਤੜਾਂ ਰੋਡ ਸਮਾਣਾ ਜ਼ਿਲ੍ਹਾ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਮਹਿੰਦਰ ਸਿੰਘ ਮਾਨ : 9915803554

ਮਹਿੰਦਰ ਸਿੰਘ ਮਾਨ ਮੁੱਢਲੇ ਤੌਰ 'ਤੇ ਕਵੀ ਹੈ। ਉਸਦੇ ਹੁਣ ਤੱਕ ਸੱਤ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ, ਜਿਨ੍ਹਾਂ ਵਿਚ 6 ਕਾਵਿ-ਸੰਗ੍ਰਹਿ, 'ਚੜ੍ਹਿਆ ਸੂਰਜ', 'ਫੁੱਲ ਅਤੇ ਖ਼ਾਰ', 'ਸੂਰਜ ਦੀਆਂ ਕਿਰਨਾਂ', 'ਖ਼ਜ਼ਾਨਾ', 'ਸੂਰਜ ਹਾਲੇ ਡੁੱਬਿਆ ਨਹੀਂ', 'ਜ਼ਿੰਦਗੀ ਦੀ ਪੂੰਜੀ' ਅਤੇ ਇੱਕ ਗ਼ਜ਼ਲ-ਸੰਗ੍ਰਹਿ 'ਮਘਦਾ ਸੂਰਜ' ਸ਼ਾਮਲ ਹਨ। ਪੜਚੋਲ ਅਧੀਨ 'ਨਿਰਮੋਹੇ' ਉਸਦਾ ਪਹਿਲਾ ਮਿੰਨੀ ਕਹਾਣੀ-ਸੰਗ੍ਰਹਿ ਹੈ। ਕਹਾਣੀ ਸੰਗ੍ਰਹਿ 'ਨਿਰਮੋਹੇ' ਕਹਾਣੀ 'ਨਿਰਮੋਹੇ' ਦੇ ਨਾਮ 'ਤੇ ਰੱਖਿਆ ਗਿਆ ਹੈ। ਇਹ ਕਹਾਣੀ ਵਿਚ ਦੱਸਿਆ ਗਿਆ ਹੈ ਕਿ ਚੰਗਾ ਭਰਾ ਭਰਜਾਈ ਹੋਣ ਤਾਂ ਕੁੜੀਆਂ ਨੂੰ ਮਾਵਾਂ ਤੋਂ ਬਾਅਦ ਵੀ ਮਾਪਿਆਂ ਦਾ ਘਰ ਸਵਰਗ ਲੱਗਦਾ ਹੈ। ਇਸ ਕਹਾਣੀ ਸੰਗ੍ਰਹਿ ਵਿਚ 79 ਮਿੰਨੀ ਕਹਾਣੀਆਂ ਹਨ, ਜਿਹੜੀਆਂ ਸਮਾਜਿਕ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਦੀਆਂ ਹਨ। ਕਹਾਣੀਕਾਰ ਅਧਿਆਪਕ ਹੋਣ ਕਰਕੇ ਸਰਕਾਰੀ ਵਿਦਿਅਕ ਅਦਾਰਿਆਂ ਵਿੱਚਲੀਆਂ ਤਰੁਟੀਆਂ ਬਾਰੇ ਲਗਪਗ ਹਰ ਕਹਾਣੀ ਵਿਚ ਦਰਸਾਉਂਦਾ ਹੈ। ਇਹ ਸਾਰੀਆਂ ਕਹਾਣੀਆਂ ਕਹਾਣੀਕਾਰ ਦੇ ਨਿੱਜੀ ਤਜ਼ਰਬੇ 'ਤੇ ਆਧਾਰਿਤ ਲੱਗਦੀਆਂ ਹਨ। ਲਗਪਗ ਸਾਰੀਆਂ ਕਹਾਣੀਆਂ ਆਦਰਸ਼ਕ ਪਾਤਰਾਂ ਵਾਲੀਆਂ ਹਨ, ਜਿਹੜੇ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਪ੍ਰੇਰਿਤ ਕਰਦੇ ਹਨ। ਉਸ ਦੀਆਂ ਕਹਾਣੀਆਂ ਪਾਠਕਾਂ ਨੂੰ ਸਮਾਜਿਕ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਲਈ ਉਤਸ਼ਾਹਤ ਕਰਦੀਆਂ ਹਨ। ਮਹਿੰਦਰ ਸਿੰਘ ਮਾਨ ਕਵੀ ਹੋਣ ਕਰਕੇ ਉਸਦੀ ਵਾਰਤਕ ਵੀ ਕਾਵਿਮਈ ਹੈ। ਉਸਦੀਆਂ ਕਹਾਣੀਆਂ ਦੇ ਵਿਸ਼ੇ ਸਮਾਜਿਕ ਸਰੋਕਾਰਾਂ ਨਾਲ ਸੰਬੰਧ ਰੱਖਦੇ ਹਨ। ਉਸਦੀਆਂ ਕਹਾਣੀਆਂ ਦੇ ਵਿਸ਼ੇ ਸਮਾਜਿਕ ਬੁਰਾਈਆਂ, ਜਿਨ੍ਹਾਂ ਵਿਚ ਵਾਤਾਵਰਨ, ਵਹਿਮ-ਭਰਮ, ਦਾਜ, ਨਸ਼ੇ, ਜ਼ਾਤ-ਪਾਤ ਅਤੇ ਲੋਭ-ਲਾਲਚ ਤੋਂ ਦੂਰ ਰਹਿਣ ਦੀ ਤਾਕੀਦ ਕਰਦੇ ਹਨ। ਮਿੰਨੀ ਕਹਾਣੀ ਦੀ ਖਾਸੀਅਤ ਹੁੰਦੀ ਹੈ ਕਿ ਉਹ ਸੰਕੇਤਕ ਹੁੰਦੀ ਹੈ। ਉਸ ਵਿਚ ਆਪਣੀ ਗੱਲ ਕਹਿਣ ਲਈ ਲੰਬਾ ਚੌੜਾ ਲਿਖਣਾ ਨਹੀਂ ਪੈਂਦਾ। ਮਿੰਨੀ ਕਹਾਣੀ ਪਾਠਕ ਨੂੰ ਕਹਾਣੀ ਪੜ੍ਹਕੇ ਉਸਦਾ ਭਾਵ ਅਰਥ ਖੁਦ ਸਮਝਣ ਦੀ ਤਾਕੀਦ ਕਰਦੀ ਹੁੰਦੀ ਹੈ। ਬਿਲਕੁਲ ਇਸੇ ਤਰ੍ਹਾਂ ਮਹਿੰਦਰ ਸਿੰਘ ਮਾਨ ਦੀਆਂ ਮਿੰਨੀ ਕਹਾਣੀਆਂ ਪਾਠਕ ਨੂੰ ਕਹਾਣੀ ਦਾ ਅਰਥ ਸਮਝਣ ਲਈ ਉਸਤੇ ਛੱਡ ਦਿੰਦੀ ਹੈ। ਜਿਵੇਂ 'ਪੰਜ ਲਾਚੀਆਂ', 'ਗੁਣ ਸੂਤਰ', 'ਭਵਿਖਬਾਣੀ' ਅਤੇ 'ਮਹਾਰਾਜ ਨੇ ਇਸਨੂੰ ਠੀਕ ਕਰਤਾ' ਮਿੰਨੀ ਕਹਾਣੀਆਂ ਪਖੰਡੀ ਲੋਕਾਂ ਵੱਲੋਂ ਆਮ ਜਨਤਾ ਨੂੰ ਵਹਿਮ-ਭਰਮ ਵਿਚ ਪਾਉਣ ਤੋਂ ਗੁਰੇਜ਼ ਕਰਨ ਦਾ ਇਸ਼ਾਰਾ ਕਰਦੀਆਂ ਹਨ। ਬਿਲਕੁਲ ਇਸੇ ਤਰ੍ਹਾਂ 'ਸਿਆਣੀਆਂ ਕੁੜੀਆਂ ਦੀ ਨਿਸ਼ਾਨੀ' ਅਤੇ 'ਘਰ ਦੀ ਇੱਜ਼ਤ' ਕਹਾਣੀਆਂ ਦਾਜ਼ ਦੀ ਲਾਹਣਤ ਤੋਂ ਖਹਿੜਾ ਛੁਡਾਉਣ ਦੀ ਤਾਕੀਦ ਕਰਦੀਆਂ ਹਨ। 'ਆਖ਼ਰੀ ਇੱਛਾ', 'ਨਹਿਰ ਤਾਂ ਸੁੱਕੀ ਪਈ ਆ', 'ਠੀਕ ਆ ਡੈਡੀ ਜੀ' ਅਤੇ 'ਪਲਾਸਟਿਕ ਦਾ ਮੱਘ' ਕਹਾਣੀਆਂ ਵਹਿਮਾਂ-ਭਰਮਾਂ ਵਿਚ ਪਏ ਲੋਕ ਨਹਿਰਾਂ ਦੇ ਪਾਣੀ ਨੂੰ ਗੰਧਲਾ ਕਰਦੇ ਹਨ, ਇਸ ਲਈ ਇਹ ਕਹਾਣੀ ਅਜਿਹੇ ਪਖੰਡਾਂ ਤੋਂ ਬਚਣ ਦੀ ਤਾਕੀਦ ਕਰਦੀ ਹੋਈ ਲੋਕਾਈ ਨੂੰ ਸਿੱਧੇ ਰਸਤੇ ਪਾਉਂਦੀ ਹੈ। 'ਫਿਕਰਾਂ ਦੀ ਪੰਡ' ਅਤੇ 'ਬੰਦਾ ਹੀ ਬੰਦੇ ਦਾ ਦਾਰੂ ਐ' ਕਹਾਣੀਆਂ ਚੰਗੇ ਕੰਮ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। 'ਗੁਰਦੁਆਰਾ' ਅਤੇ 'ਪਲਾਟ' ਕਹਾਣੀਆਂ ਲੋਕਾਂ ਵੱਲੋਂ ਜ਼ਾਤ ਬਰਾਦਰੀ ਦੇ ਨਾਮ 'ਤੇ ਗੁਰਦੁਆਰੇ ਨਾ ਬਣਾਉਣ ਬਾਰੇ ਸਿੱਖਿਆ ਦਿੰਦੀ ਹੈ ਕਿ ਇੱਕ ਪਾਸੇ ਲੋਕ ਗੁਰੂ ਘਰ ਜਾਂਦੇ ਹਨ, ਪ੍ਰੰਤੂ ਦੂਜੇ ਪਾਸੇ ਜ਼ਾਤਾਂ 'ਤੇ ਆਧਾਰਿਤ ਗੁਰਦੁਆਰੇ ਬਣਾਉਂਦੇ ਹਨ। 'ਜ਼ਲੀਲ', 'ਪੇਟੀ ਵਾਲੀ ਵਧੀਆ ਚਾਹ ਪੱਤੀ', 'ਕੰਮ ਕਰਨ ਵਾਲੇ ਬੰਦੇ' ਅਤੇ 'ਸੇਬ ਵੇਚਣ ਵਾਲਾ' ਸਿਰਲੇਖ ਵਾਲੀਆਂ ਕਹਾਣੀਆਂ ਮਾਲਕ ਅਤੇ ਕਰਿੰਦੇ ਦੇ ਵਿਵਹਾਰ ਦਾ ਪ੍ਰਗਟਾਵਾ ਕਰਦੀਆਂ ਹੋਈਆਂ ਕੰਮ ਹੀ ਧਰਮ ਤੇ ਦੁਕਾਨਦਾਰੀ ਦੀਆਂ ਚਲਾਕੀਆਂ ਬਾਰੇ ਜਾਣਕਾਰੀ ਦਿੰਦੀਆਂ ਹਨ। 'ਦਰਦ ਦੀ ਦਵਾ' ਲੜਕੀਆਂ ਦੇ ਵਿਆਹ ਸਹੀ ਸਮੇਂ 'ਤੇ ਕਰਨ ਦੀ ਸਿੱਖਿਆ ਦਿੰਦੀ ਹੈ। 'ਸਵੇਰ ਦਾ ਭੁੱਲਿਆ' ਕਹਾਣੀ ਸਫਲ ਪਰਿਵਾਰਿਕ ਜ਼ਿੰਦਗੀ ਬਸਰ ਕਰਨ ਲਈ ਤੀਜੇ ਦੇ ਦਖ਼ਲ ਨੂੰ ਰੋਕਣ ਦੀ ਸਿਖਿਆ ਦਿੰਦੀ ਹੈ। 'ਵਕਤ ਦੀ ਚਪੇੜ' ਕੋਈ ਵੀ ਫ਼ੈਸਲਾ ਜਜ਼ਬਾਤ ਵਿਚ ਆ ਕੇ ਕਰਨ ਦੀ ਥਾਂ ਸੋਚ ਸਮਝਕੇ ਕਰਨ ਦੀ ਪ੍ਰੇਰਨਾ ਦਿੰਦੀ ਹੈ। 'ਅੱਕਿਆ ਬੰਦਾ', 'ਦੋ ਧੀਆਂ', 'ਮਸਰਾਂ ਦੀ ਦਾਲ', 'ਸ਼ਰਾਬ ਬੁਰੀ ਚੀਜ਼ ਆ', 'ਇਤਰਾਜ਼', 'ਬੋਲ', 'ਦੁੱਧ ਦਾ ਸੜਿਆ', 'ਠੀਕ ਪਾਸਾ', 'ਨਸ਼ੇ ਕਰਨ ਵਾਲੇ' ਅਤੇ 'ਰੰਗਾਂ 'ਚ ਕੀ ਪਿਆ' ਕਹਾਣੀਆਂ ਸ਼ਰਾਬ ਅਤੇ ਹੋਰ ਨਸ਼ਿਆਂ ਦੇ ਨੁਕਸਾਨ ਦੀ ਬਾਤ ਪਾਉਂਦੀਆਂ ਹਨ, ਪ੍ਰੰਤੂ ਨਾਲ ਹੀ ਨਮੂਨਾ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ। 'ਭੁੱਖ' ਮਾਪਿਆਂ ਦਾ ਸਤਿਕਾਰ ਕਰਨ ਦੀ ਨਸੀਹਤ ਦਿੰਦੀ ਹੈ। 'ਮੁਫ਼ਤ ਦੇ ਪੈਸੇ' ਸਰਕਾਰੀ ਸਹੂਲਤਾਂ ਦੇ ਨਾਜਾਇਜ਼ ਲਾਭ ਲੈਣ ਦਾ ਪਰਦਾਫਾਸ਼ ਕਰਦੀ ਹੈ। 'ਅਕਲ ਦੀ ਦਵਾਈ' ਚੰਗੀ ਸਲਾਹ ਮੰਨਣ ਦੀ ਤਾਕੀਦ ਕਰਦੀ ਹੈ। 'ਫ਼ੈਸਲਾ' ਏਕੇ ਵਿਚ ਬਰਕਤ ਦਾ ਪ੍ਰਗਟਾਵਾ ਕਰਦੀ ਹੈ। 'ਨੁਕਸਾਨ' ਵਿਚ ਦਫ਼ਤਰਾਂ ਵਿਚ ਆ ਕੇ ਕੰਮ ਨਾ ਕਰਨ 'ਤੇ ਚੋਟ ਮਾਰਦੀ ਹੈ। ਲੜਕਿਆਂ ਨੂੰ ਲੜਕੀਆਂ ਤੋਂ ਵਧੇਰੇ ਮਹੱਤਤਾ ਦੇਣ ਸੰਬੰਧੀ 'ਮੈਂ ਤਾਂ ਮੁੰਡਾ ਆਂ', 'ਭਾਰ', 'ਘੱਟ ਪੜ੍ਹਿਆ ਲਿਖਿਆ ਮੁੰਡਾ', 'ਵਿਚਾਰੇ', 'ਅੱਖਾਂ ਤੋਂ ਪਰੇ', 'ਨਿਰਮੋਹੇ', 'ਰਾਖੀ', 'ਚੱਜ ਦੀ ਖ਼ਬਰ', 'ਰੱਖੜੀ' ਅਤੇ 'ਮਹੱਲੇ ਦਾ ਗੰਦ' ਕਹਾਣੀਆਂ ਹਨ। ਕਹਾਣੀਕਾਰ ਨੇ ਇਨ੍ਹਾਂ ਕਹਾਣੀਆਂ ਵਿਚ ਲੜਕੀਆਂ ਨੂੰ ਲੜਕਿਆਂ ਤੋਂ ਕਿਸੇ ਕਿਸਮ ਘੱਟ ਨਹੀਂ ਸਮਝਣ ਦੀ ਸਪੋਰਟ ਆਪਣੇ ਪਾਤਰਾਂ ਰਾਹੀਂ ਕੀਤੀ ਹੈ। ਇਕੱਲੀਆਂ ਔਰਤਾਂ ਵਿਚਾਰੀਆਂ ਤੇ ਨੁਕਸਾਨ ਕਰਨ ਵਾਲੀਆਂ ਨਹੀਂ, ਸਗੋਂ ਦਲੇਰੀ ਦਾ ਪ੍ਰਤੀਕ ਹੁੰਦੀਆਂ ਹਨ। ਇਸੇ ਤਰ੍ਹਾਂ 'ਅਸਹਿਨਸ਼ੀਲਤਾ' ਕਹਾਣੀ ਵਿਚ ਦੋ ਭੈਣਾਂ ਦੇ ਰਲਕੇ ਰਹਿਣ ਨਾਲ ਸ਼ਹਿਨਸ਼ੀਲਤਾ ਦੀ ਨਮੂਨਾ ਬਣਦੀਆਂ ਹਨ। 'ਚਿੰਤਾ' ਕਹਾਣੀ ਮੁਸੀਬਤ ਦਾ ਮੁਕਾਬਲਾ ਇੱਕਮੁੱਠਤਾ ਨਾਲ ਕਰਨ ਦੀ ਪ੍ਰੇਰਨਾ ਦਿੰਦੀ ਹੈ। 'ਚਾਰ ਇੱਟਾਂ' ਰਾਮ ਚੰਦ ਦੇ ਪਾਤਰ ਰਾਹੀਂ ਲੋਕ ਸੇਵਾ ਦੀ ਪ੍ਰਵਿਰਤੀ ਵਿਖਾਈ ਗਈ ਹੈ। 'ਲਿਫਾਫਾ' ਪਰਵਾਸੀ ਬੱਚਿਆਂ ਤੋਂ ਮਾਪੇ ਸਿਰਫ ਪੈਸਿਆਂ ਦਾ ਲਾਲਚ ਹੀ ਕਰਦੇ ਹਨ। 'ਵਾਰੀ': ਅਨੁਸ਼ਾਸਨ ਦੀ ਸਿਖਿਆ, 'ਵਧੀਆ ਸਿਹਤ ਦਾ ਰਾਜ': ਤਲੀਆਂ ਚੀਜ਼ਾਂ ਨਾ ਖਾਣ, 'ਪਤੰਗ': ਚਾਈਨਾ ਡੋਰ ਦੀ ਵਰਤੋਂ, 'ਘਾਟ': ਚੰਗੇ ਸੰਸਕਾਰ ਅਤੇ 'ਆਦਮੀ ਦਾ ਸੁਭਾਅ': ਸੁਚਾਰੂ ਪ੍ਰਵਿਰਤੀ ਦਾ ਪ੍ਰਤੀਕ ਹਨ। 'ਵਿਆਹ ਦਾ ਕਾਰਡ' ਅਮੀਰਾਂ ਦੇ ਗ਼ਰੀਬਾਂ ਨਾਲ ਵਰਤਾਓ ਠੀਕ ਨਹੀਂ ਹੁੰਦੇ, 'ਅਣਗਹਿਲੀ': ਗ਼ਲਤੀ ਦਾ ਅਹਿਸਾਸ, ਜ਼ਿੰਮੇਵਾਰੀ ਦਾ ਪ੍ਰਤੀਕ, 'ਡਰ': ਅਧਿਆਪਕ ਚੈਕਿੰਗ ਦੇ ਡਰ ਕਰਕੇ ਹੀ ਸਫ਼ਾਈ ਰੱਖਦੇ ਤੇ ਪੜ੍ਹਾਈ ਕਰਵਾਉਂਦੇ ਹਨ, ਪ੍ਰੰਤੂ ਜ਼ਿਮੇਵਾਰੀ ਨਹੀਂ ਸਮਝਦੇ, 'ਪੰਜਵਾਂ ਟਾਇਰ': ਕੰਮ ਕਰਨ ਵਾਲਿਆਂ ਨੂੰ ਹੀ ਕੰਮ ਦਿੱਤਾ ਜਾਂਦਾ ਹੈ, ਨਿਖੱਟੂਆਂ ਦੀ ਮੌਜ, 'ਵਿਹਲੀਆਂ ਮੈਡਮਾਂ' ਅਤੇ 'ਹਿੰਮਤ' ਕਮਚੋਰਾਂ ਦਾ ਪਰਦਾਫਾਸ਼ ਕਰਦੀਆਂ ਹਨ। 'ਕਰਵਾ ਚੌਥ': ਵਿਓਪਾਰ ਨਹੀਂ ਪਿਆਰ ਦਾ ਪ੍ਰਤੀਕ ਹੋਣਾ ਚਾਹੀਦਾ। 'ਘਰ ਦੀ ਰਾਖੀ' ਕਹਾਣੀ ਪ੍ਰੇਰਨਾਦਾਇਕ ਹੈ, ਪ੍ਰੰਤੂ ਕੈਮਰੇ ਚੋਰ ਨਹੀਂ ਰੋਕ ਸਕਦੇ, ਚੋਰੀ ਹੋਣ ਤੋਂ ਬਾਅਦ ਪਛਾਣ ਦੱਸ ਸਕਦੇ ਹਨ, ਬਾਰੇ ਜਾਣਕਾਰੀ ਦਿੰਦੀ ਹੈ। 'ਦਾਜ ਦੀ ਅਹਿਮੀਅਤ' ਕਹਾਣੀ ਦਾਜ ਦੇਣ ਨੂੰ ਉਤਸ਼ਾਹਤ ਕਰਦੀ ਹੈ, ਜੋ ਠੀਕ ਨਹੀਂ। 'ਗਹਿਣੇ' ਅਤੇ 'ਸਹੀ ਫ਼ੈਸਲਾ' ਕਹਾਣੀਆਂ ਸਹੀ ਸੰਦੇਸ਼ ਦਿੰਦੀਆਂ ਹਨ। 'ਮੌਤ ਚੰਗੀ ਆ' ਕਹਾਣੀ ਲੰਬੀ ਬਿਮਾਰੀ ਦੀ ਜਹਿਮਤ ਪਰਿਵਾਰ ਅਤੇ ਬਿਮਾਰ ਲਈ ਅਸਹਿਣਯੋਗ ਬਣ ਜਾਂਦੀ ਹੈ। ਇਹ ਕਹਾਣੀ ਇਹੋ ਦੱਸਦੀ ਹੈ ਲਟਕਦੇ ਰਹਿਣ ਨਾਲੋਂ ਤਾਂ ਮੌਤ ਹੀ ਚੰਗੀ ਹੁੰਦੀ ਹੈ। 'ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ' ਕਹਾਣੀ ਇਨਸਾਨ ਦੀ ਘਟੀਆ ਸੋਚ ਦਾ ਪ੍ਰਗਟਾਵਾ ਕਰਦੀ ਹੈ। 'ਅੰਤਮ ਅਰਦਾਸ' ਕਹਾਣੀ ਫਾਲਤੂ ਵਿਖਾਵੇ ਦੇ ਖ਼ਰਚਿਆਂ ਤੋਂ ਬਚਣ ਦੀ ਤਾਕਦ ਕਰਦੀ ਹੈ। 'ਅਧਿਆਪਕਾਂ ਦੀ ਘਾਟ' ਕਹਾਣੀ ਇਹ ਦਰਸਾਉਂਦੀ ਹੈ ਕਿ ਅਧਿਆਪਕ ਸਕੂਲਾਂ ਵਿਚ ਆਪਣੀ ਜ਼ਿੰਮੇਵਾਰੀ ਸੰਜੀਦਗੀ ਨਾਲ ਨਿਭਾਉਂਦੇ ਨਹੀਂ ਹਨ। 'ਸਿਰਫ ਸੌ ਰੁਪਿਆ' ਕਹਾਣੀ ਵਿਆਹਾਂ ਸ਼ਾਦੀਆਂ ਵਿਚ ਸ਼ਗਨ ਦੀ ਸਾਦਗੀ ਰੱਖਣ ਦੀ ਨਸੀਹਤ ਦਿੰਦੀ ਹੈ। 'ਵੋਟਾਂ' ਕਹਾਣੀ ਘਰਾਂ ਵਿਚ ਵੋਟਾਂ ਸਮੇਂ ਝਗੜੇ ਪਵਾਉਣ ਦਾ ਕੰਮ ਕਰਦੀਆਂ ਹਨ। 'ਬੱਸ ਕੰਡਕਟਰ' ਕੰਡਕਟਰਾਂ ਵੱਲੋਂ ਸਵਾਰੀਆਂ ਨਾਲ ਧੋਖੇ ਕਰਨ ਦੀ ਜਾਣਕਾਰੀ ਦਿੰਦੀ ਹੈ।

## ਫੀਫਾ ਵਿਸ਼ਵ ਕੱਪ 2026 ਦੇ ਰੌਚਕ ਤੱਥ

# ਸਪੇਨ ਅਰਜਨਟੀਨਾ ਨੂੰ 1-0 ਨਾਲ ਹਰਾ ਕੇ ਬਣਿਆ ਵਿਸ਼ਵ ਚੈਂਪੀਅਨ




ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ,
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA


ਦੁਨੀਆਂ ਵਿਚ ਸਭ ਤੋਂ ਵੱਧ ਖੇਡੀ ਅਤੇ ਦੇਖੀ ਜਾਣ ਵਾਲੀ ਖੇਡ ਫੁੱਟਬਾਲ ਦਾ ਮਹਾਂ ਕੁੰਭ ਅਮਰੀਕਾ, ਮੈਕਸੀਕੋ ਅਤੇ ਕੈਨੇਡਾ ਦੀ ਧਰਤੀ ਤੇ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋਇਆ। ਸਪੇਨ ਨੇ ਅਰਜਨਟੀਨਾ ਦੀ ਅੱਵਲ ਦਰਜਾ ਟੀਮ ਨੂੰ ਫਾਈਨਲ ਮੁਕਾਬਲੇ ਵਿਚ 1-0 ਨਾਲ ਪਿਛਾੜ ਕੇ ਵਿਸ਼ਵ ਚੈਂਪੀਅਨ ਦਾ ਖਿਤਾਬ ਜਿੱਤ ਲਿਆ। ਵਾਧੂ ਸਮੇਂ ਦੇ 106ਵੇਂ ਮਿੰਟ ਵਿਚ ਫੇਰਾਨ ਟੋਰੈਸ ਦੇ ਸ਼ਾਨਦਾਰ ਗੋਲ ਨਾਲ ਚੈਂਪੀਅਨ ਟਰਾਫੀ ਆਪਣੇ ਨਾਮ ਕਰ ਲਈ। 2010 ਦੇ ਵਿਸ਼ਵ ਕੱਪ ਵਿਚ ਸਪੇਨ ਨੇ ਪਹਿਲੀ ਵਾਰ ਨੀਦਰਲੈਂਡ ਨੂੰ ਹਰਾ ਕੇ ਇਹ ਟਰਾਫ਼ੀ ਜਿੱਤੀ ਸੀ। ਅਰਜਨਟੀਨਾ ਵਿਸ਼ਵ ਕੱਪ ਵਿਚ ਸੱਤਵੀਂ ਵਾਰ ਫਾਈਨਲ ਵਿਚ ਪੁੱਜਾ ਸੀ। ਉਹ 1978, 1986 ਅਤੇ 2022 ਦਾ ਚੈਂਪੀਅਨ ਹੈ। ਉਸ ਨੇ ਸੈਮੀਫਾਈਨਲ ਮੁਕਾਬਲੇ ਵਿਚ ਇੰਗਲੈਂਡ ਨੂੰ 2-1 ਨਾਲ ਪਛਾੜਿਆ ਸੀ। ਇਥੇ ਇੰਗਲੈਂਡ ਨੇ ਫਰਾਂਸ ਨੂੰ 6-4 ਨਾਲ ਹਰਾ ਕੇ ਤੀਸਰੀ ਥਾਂ ਪ੍ਰਾਪਤ ਕੀਤੀ।

ਵਿਸ਼ਵ ਕੱਪ ਦੀ ਜੇਤੂ ਟੀਮ, ਕੋਚ ਅਤੇ ਪ੍ਰਬੰਧਕਾਂ ਨੂੰ ਪਹਿਲੀ ਵਾਰ (18 ਕੈਰਟ ਸੋਨੇ ਦੀ, 14 ਇੰਚ ਉੱਚੀ ਫੀਫਾ ਟਰਾਫੀ ਸਮੇਤ) ਚੈਂਪੀਅਨਸ਼ਿਪ ਅੰਗੂਠੀਆਂ ਵੀ ਭੇਂਟ ਕੀਤੀਆਂ ਗਈਆਂ। ਇਸ ਪ੍ਰਕਾਰ ਉਹ ਆਪਣੀ ਇਤਿਹਾਸਕ ਉਪਲਬਧੀ ਨੂੰ ਆਪਣੇ ਕੋਲ ਰੱਖ ਸਕਣਗੇ।

ਸਭ ਤੋਂ ਵੱਧ ਵਿਸ਼ਵ ਕੱਪ ਫਾਈਨਲ ਖੇਡਣ ਵਾਲੀਆਂ ਟੀਮਾਂ ਵਿਚ ਜਰਮਨੀ ਅੱਠ, ਅਰਜਨਟੀਨਾ ਬ੍ਰਾਜ਼ੀਲ ਸੱਤ, ਇਟਲੀ ਛੇ, ਫਰਾਂਸ ਨੀਦਰਲੈਂਡ ਤਿੰਨ, ਸਪੇਨ, ਉਰਗਵੇ, ਹੰਗਰੀ ਅਤੇ ਚੈਕੋਸਲਵਾਕੀਆ ਦੋ-ਦੋ ਵਾਰ ਫਾਈਨਲ ਵਿਚ ਪੁੱਜ ਚੁੱਕੇ ਹਨ। 2022 ਵਿਚ ਚੈਂਪੀਅਨ ਟਰਾਫੀ ਅਰਜਨਟੀਨਾ ਨੇ ਜਿੱਤੀ ਸੀ।

ਮੈਸੀ ਦੀ 'ਐਂਡ ਗੇਮ' ਤਕਨੀਕ ਨੇ ਉਸ ਨੂੰ ਮੁਕਾਬਲਿਆਂ ਵਿਚ ਚੈਂਪੀਅਨ ਬਣਾਇਆ। ਭਾਵ ਇਹ ਕਿ ਮੈਸੀ ਆਪਣੀ ਟੀਮ ਦੀ ਸ਼ਕਤੀ ਨੂੰ ਖੇਡ ਦਾ ਬਹੁਤਾ ਸਮਾਂ ਸੰਭਾਲ ਕੇ ਰੱਖਦੇ। ਜਦੋਂ ਵਿਰੋਧੀ ਟੀਮ ਥਕਾਵਟ ਮਹਿਸੂਸ ਕਰਕੇ ਥੋੜੀ ਹਲਕੀ ਪੈਂਦੀ, ਤਾਂ ਉਹ ਤਿੱਖੇ ਹਮਲੇ ਕਰਕੇ ਆਪਣੀ ਟੀਮ ਨੂੰ ਜਿਤਾ ਦਿੰਦੇ।

ਸਪੇਨ ਦੇ ਸੂਪਰ ਸਟਾਰ ਬਣੇ ਲਾਮੀਨ ਯਾਮਾਲ ਨੂੰ ਉਸਨੇ ਇੱਕ ਚੈਰਿਟੀ ਸ਼ੋਅ ਦੌਰਾਨ ਕੁੱਛੜ ਚੁੱਕ ਫੋਟੋ ਖਿਚਵਾਈ ਸੀ ਤੇ 2026 ਦੇ ਫਾਈਨਲ ਮੁਕਾਬਲੇ ਵਿਚ ਉਹੀ ਖਿਡਾਰੀ ਉਸ ਲਈ ਇੱਕ ਚੈਲੰਜ ਬਣ ਕੇ ਸਪੇਨ ਦੀ ਟੀਮ ਵੱਲੋਂ ਖੇਡਿਆ। ਮੈਸੀ ਨੇ ਇਹ ਕਦੀ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਜਿਸ ਨੂੰ ਉਸਨੇ ਗੋਦੀ ਚੁੱਕ ਲਾਡ ਲਡਾਇਆ, ਇੱਕ ਦਿਨ ਉਹੀ ਵਿਸ਼ਵ ਕੱਪ ਵਿਚ ਉਸ ਅੱਗੇ ਮੁਕਾਬਲੇ ਲਈ ਖੜ੍ਹਾ ਹੋਵੇਗਾ।

ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਨ ਉਪਰੰਤ ਸੈਮੀਫਾਈਨਲ ਵਿਚ ਪੁੱਜੀਆਂ ਚਾਰ ਤਾਕਤਵਰ ਟੀਮਾਂ ਫਰਾਂਸ, ਸਪੇਨ, ਅਰਜਨਟੀਨਾ ਅਤੇ ਇੰਗਲੈਂਡ ਦੇ ਮੁਕਾਬਲੇ ਅਸਲ ਵਿਚ ਇਹ ਸਿਰਫ ਮੈਚ ਨਹੀਂ, ਸਗੋਂ ਦੋ ਪੀੜ੍ਹੀਆਂ, ਦੋ ਫਲਸਫਿਆਂ ਅਤੇ ਦੋ ਵੱਖ-ਵੱਖ ਫੁੱਟਬਾਲ ਦੀਆਂ ਸੋਚਾਂ ਦੀ ਟੱਕਰ ਬਣੀ। ਇੱਕ ਪਾਸੇ ਵਿਸ਼ਵ ਦੇ ਸਭ ਤੋਂ ਤੇਜ਼ ਦੇ ਖਤਰਨਾਕ ਹਮਲਾਵਰ ਕੀਲੀਅਨ ਐਮਬਾਪੇ ਦਾ ਸਾਹਮਣਾ ਨੌਜਵਾਨ ਖਿਡਾਰੀ ਲਾਮਿਨ ਜਾਮਣ ਨਾਲ ਹੋਇਆ, ਜਦਕਿ ਦੂਜੇ ਸੈਮੀਫਾਈਨਲ 'ਚ ਫੁੱਟਬਾਲ ਦੇ ਮਹਾਨ ਕਲਾਕਾਰ ਲਿਓਨਲ ਮੈਸੀ ਤੇ ਇੰਗਲੈਂਡ ਦੇ ਕਪਤਾਨ ਹੈਨੀਕੇਨ ਵਿਚਕਾਰ ਦੇਖਣ ਨੂੰ ਮਿਲਿਆ।

1992 ਵਿਚ ਸ਼ੁਰੂ ਕੀਤੀ ਦਰਜਾਬੰਦੀ ਅਨੁਸਾਰ ਪਹਿਲੀ ਵਾਰ ਦੁਨੀਆਂ ਦੀਆਂ ਚਾਰ ਚੋਟੀ ਦੀਆਂ ਟੀਮਾਂ ਸਪੇਨ, ਫਰਾਂਸ, ਅਰਜਨਟੀਨਾ ਅਤੇ ਇੰਗਲੈਂਡ ਸੈਮੀਫਾਈਨਲ ਵਿਚ ਪਹੁੰਚੀਆਂ।







72 ਸਾਲਾਂ ਦੇ ਇੰਤਜ਼ਾਰ ਤੋਂ ਬਾਅਦ ਕੋਲੰਬੀਆਂ ਨੂੰ ਪੈਨਲਟੀ ਕਿਕਸ (4-2) ਰਾਹੀਂ ਹਰਾ ਕੇ ਸਵਿਟਜ਼ਰਲੈਂਡ ਕੁਆਰਟਰ ਫਾਈਨਲ ਵਿਚ ਪੁੱਜਾ।

ਇਸ ਵਾਰ ਗੋਲਡਨ ਬੂਟ ਦੀ ਦੌੜ ਵਿਚ ਲਿਓਨਲ ਮੈਸੀ 8, ਕਾਇਲੀਅਨ ਐਮਬਾਪੇ 10, ਏਰਲਿੰਗ ਹਾਲੈਂਡ 7, ਹੈਰੀ ਕੇਨ 6 ਅਤੇ ਬਲਿੰਘਮ 6 ਗੋਲ ਕਰਕੇ ਸ਼ਾਮਲ ਰਹੇ। ਆਖਰ ਸਿੱਧੀ ਟੱਕਰ ਮੈਸੀ ਅਤੇ ਕਿਲੀਅਨ ਐਮਬਾਪੇ ਵਿਚਕਾਰ ਹੋਈ। ਐਮਬਾਪੇ 10 ਗੋਲ ਕਰਕੇ ਦੂਜੀ ਵਾਰ ਵਿਸ਼ਵ ਕੱਪ ਗੋਲਡਨ ਬੂਟ ਪ੍ਰਾਪਤ ਕਰਨ ਵਿਚ ਸਫ਼ਲ ਹੋਇਆ।

ਸਪੇਨ ਦੇ ਉਨਾਈ ਸਿਮੋਨ ਨੂੰ ਗੋਲਡਨ ਗਲੱਵ (ਸਰਵੋਤਮ ਗੋਲਕੀਪਰ) ਦਾ ਖਿਤਾਬ ਮਿਲਿਆ। ਸਰਵੋਤਮ ਖਿਡਾਰੀ ਦਾ ਗੋਲਡਨ ਬਾਲ ਸਪੇਨ ਨੂੰ ਚੈਂਪੀਅਨ ਬਣਾਉਣ ਵਾਲੇ ਖਿਡਾਰੀ ਰੋਡਰੀ ਨੂੰ ਮਿਲਿਆ।

ਅਰਜਨਟੀਨਾ ਨੇ ਆਪਣਾ ਸੈਮੀਫਾਈਨਲ ਮੁਕਾਬਲਾ ਪੰਜ ਵਾਰ ਖੇਡਿਆ (1930, 1986, 1990, 1914, 2022) ਅਤੇ ਕਦੀ ਨਹੀਂ ਹਾਰਿਆ। ਫਰਾਂਸ ਲਗਾਤਾਰ ਤੀਜੀ ਵਾਰ ਸੈਮੀਫਾਈਨਲ ਵਿਚ ਪੁੱਜਾ ਸੀ।

ਜਾਰਡਨ ਪਿੱਕਫੋਰਡ ਨੇ ਆਪਣਾ 18ਵਾਂ ਵਿਸ਼ਵ ਕੱਪ ਮੈਚ ਖੇਡ ਕੇ ਇੰਗਲੈਂਡ ਦੇ ਸਭ ਤੋਂ ਵੱਧ ਵਿਸ਼ਵ ਕੱਪ ਮੈਚ ਖੇਡਣ ਵਾਲੇ ਗੋਲਕੀਪਰ ਦਾ ਰਿਕਾਰਡ ਕਾਇਮ ਕੀਤਾ।

ਸਵਿਟਜ਼ਰਲੈਂਡ ਅਤੇ ਅਰਜਨਟੀਨਾ ਦੇ ਕੁਆਰਟਰ ਫਾਈਨਲ ਮੁਕਾਬਲੇ ਮੌਕੇ ਉੱਘੇ ਫੁਟਬਾਲਰ ਮੈਸੀ ਦੀ ਰੈਫਰੀ ਨਾਲ ਫਰੀ ਕਿੱਕ ਦੇਣ ਤੋਂ ਬਹਿਸ ਵੀ ਹੋਈ, ਜਿਸ ਦੀ ਮੀਡੀਏ ਵਿਚ ਬਹੁਤ ਚਰਚਾ ਰਹੀ।

ਅੱਜ ਤੋਂ 96 ਸਾਲ ਪਹਿਲਾਂ 13 ਜੁਲਾਈ 1930 ਨੂੰ ਉਰੂਗਵੇ ਦੀ ਧਰਤੀ 'ਤੇ ਪਹਿਲਾ ਵਿਸ਼ਵ ਫੁੱਟਬਾਲ ਕੱਪ ਖੇਡਿਆ ਗਿਆ ਸੀ। 30 ਜੁਲਾਈ ਨੂੰ ਉਰੂਗਵੇ ਤੇ ਅਰਜਨਟੀਨਾ ਵਿਚਕਾਰ ਫਾਈਨਲ ਮੈਚ ਇਤਿਹਾਸ ਦਾ ਪਹਿਲੀ ਵਾਰ ਗਵਾਹ ਬਣਿਆ, ਜਿਸ ਨੇ ਫੁੱਟਬਾਲ ਇਤਿਹਾਸ ਵਿਚ ਇੱਕ ਵਿਲੱਖਣ ਅਧਿਆਇ ਜੋੜਿਆ। ਫਾਈਨਲ ਮੁਕਾਬਲਾ ਦੋ ਬਾਲਾਂ ਨਾਲ ਖੇਡਿਆ ਗਿਆ ਸੀ। ਅਰਜਨਟੀਨਾ ਚਾਹੁੰਦਾ ਸੀ ਕਿ ਮੈਚ ਉਨ੍ਹਾਂ ਦੀ 'ਟਿਏਂਟੋ' ਗੇਂਦ ਨਾਲ ਖੇਡਿਆ ਜਾਵੇ, ਜਦੋਂ ਕਿ ਮੇਜ਼ਬਾਨ ਉਰੂਗਵੇ ਆਪਣੀ ਭਾਰੀ 'ਟੀ-ਮਾਡਲ' ਗੇਂਦ ਦੀ ਵਰਤੋਂ ਕਰਨਾ ਚਾਹੁੰਦਾ ਸੀ। ਇਹ ਮੁਕਾਬਲਾ ਉਰੂਗਵੇ ਨੇ 4-2 ਨਾਲ ਜਿੱਤਿਆ ਸੀ ਤੇ ਇਸ ਮੁਕਾਬਲੇ ਵਿਚ 13 ਟੀਮਾਂ ਨੇ ਹਿੱਸਾ ਲਿਆ ਸੀ।

ਸਪੇਨ 16 ਸਾਲ ਬਾਅਦ ਸੈਮੀਫਾਈਨਲ ਮੁਕਾਬਲੇ ਵਿਚ ਫਰਾਂਸ ਨੂੰ 2-0 ਨਾਲ ਹਰਾ ਕੇ ਪੁੱਜਾ। ਫਰਾਂਸ ਚਾਰ ਵਾਰ (1958, 1982, 1986, 2026) ਸੈਮੀਫਾਈਨਲ ਖੇਡ ਚੁੱਕਾ ਹੈ। ਸਪੇਨ ਨੇ ਆਪਣਾ ਕੋਈ ਵੀ ਮੈਚ ਨਹੀਂ ਹਾਰਿਆ। ਉਸਨੇ 6 ਮੈਚਾਂ ਵਿਚੋਂ ਪੰਜ ਜਿੱਤੇ ਅਤੇ ਇੱਕ ਡਰਾਅ ਖੇਡਿਆ।

ਫੀਫਾ ਕੱਪ ਦੇ ਚੈਂਪੀਅਨ ਖਿਡਾਰੀਆਂ ਨੂੰ ਤਕੜਾ ਰੱਖਣ ਲਈ ਅਤੇ ਮੁਕਾਬਲੇ ਤੋਂ ਬਾਅਦ ਮਾਸਪੇਸ਼ੀਆਂ ਦੀ ਛੇਤੀ ਰਿਕਵਰੀ ਵਾਸਤੇ ਹਲਦੀ ਅਦਰਕ ਦਾ ਕਾੜ੍ਹਾ ਦਿੱਤਾ ਜਾਂਦਾ ਹੈ।

ਫੀਫਾ ਵਿਸ਼ਵ ਕੱਪ 2030 ਵਿਚ 64 ਟੀਮਾਂ ਭਾਗ ਲੈ ਸਕਣਗੀਆਂ। ਇਹ ਵਿਚਾਰ ਫੀਫਾ ਗਵਰਨਿੰਗ ਬਾਡੀ ਦੇ ਪ੍ਰਧਾਨ ਇਨਫੈਂਟੀਨੋ ਨੇ ਇਸ ਵਿਚਾਰ ਨੂੰ ਮੱਦੇਨਜ਼ਰ ਰੱਖਦਿਆਂ ਆਖੇ ਕਿ ਹਰ ਦੇਸ਼ ਦੀ ਇੱਛਾ ਹੈ ਕਿ ਉਸਦੀ ਖੇਡ ਬਿਹਤਰ ਬਣੇ ਅਤੇ ਵਿਸ਼ਵ ਕੱਪ ਵਿਚ ਖੇਡਣ ਦਾ ਸੁਪਨਾ ਪੂਰਾ ਹੋਵੇ।

ਸੈਮੀਫਾਈਨਲ ਵਿਚ ਅਰਜਨਟੀਨਾ ਤੇ ਇੰਗਲੈਂਡ 24 ਸਾਲਾਂ ਬਾਅਦ ਆਹਮਣੇ-ਸਾਹਮਣੇ ਹੋਈਆਂ। ਅਰਜਟੀਨਾ ਨੇ ਆਪਣੇ ਸਾਰੇ ਮੈਚ ਜਿੱਤੇ, ਜਦਕਿ ਇੰਗਲੈਂਡ ਨੇ 6 ਮੈਚਾਂ ਵਿਚੋਂ 5 ਜਿੱਤੇ ਅਤੇ ਇੱਕ ਡਰਾਅ ਖੇਡਿਆ। ਇਸ ਮੁਕਾਬਲੇ ਦੀ ਨੀਂਹ 1962 ਦੇ ਵਿਸ਼ਵ ਕੱਪ ਵਿਚ ਰੱਖੀ ਗਈ ਸੀ, ਜਦੋਂ ਇੰਗਲੈਂਡ ਨੇ ਗਰੁੱਪ ਪੜਾਅ ਵਿਚ ਅਰਜਨਟੀਨਾ ਨੂੰ ਤਿੰਨ-ਇੱਕ ਨਾਲ ਹਰਾਇਆ ਸੀ।

ਫੀਫਾ ਕੱਪ ਵਿਚ ਪਹਿਲੀ ਵਾਰ ਭਾਗ ਲੈਣ ਵਾਲੇ ਦੇਸ਼ ਕੇਪਵਰਡ ਨੇ ਜਦੋਂ ਸਪੇਨ ਦੀ ਟੀਮ ਨਾਲ ਬਰਾਬਰੀ ਕੀਤੀ, ਤਾਂ ਉਸ ਦਾ 40 ਸਾਲਾ ਗੋਲਕੀਪਰ ਵਰਜੀਨੀਆਂ ਨੂੰ ਚੀਨ ਦੀ ਮਹਾਨ ਕੰਧ ਬਣਨ ਅਤੇ ਸੱਤ ਸ਼ਾਟ ਰੋਕਣ ਲਈ ਬੈਸਟ ਗੋਲਕੀਪਰ ਬਣਿਆ।

ਇਸ ਮੁਕਾਬਲੇ ਵਿਚ ਭਾਰਤੀ ਮੂਲ ਦੇ ਪੰਜ ਖਿਡਾਰੀ ਵੱਖ-ਵੱਖ ਦੇਸ਼ਾਂ ਵੱਲੋਂ ਸ਼ਾਮਲ ਹੋਏ, ਜਿਨ੍ਹਾਂ ਵਿਚ ਇੱਕ ਖਿਡਾਰੀ ਫੁੱਟਬਾਲ ਦਾ ਘਰ ਅਖਵਾਉਂਦੇ ਮਾਹਿਲਪੁਰੀਆਂ ਦਾ ਦੋਹਤਰਾ (27 ਸਾਲਾ) ਸਰਪ੍ਰੀਤ ਸਿੰਘ ਸੀ, ਜਿਸ ਨੇ ਨਿਊਜ਼ੀਲੈਂਡ ਦੀ ਟੀਮ ਵੱਲੋਂ ਖੇਡਦਿਆਂ ਆਪਣੀ ਸ਼ਾਨਦਾਰ ਖੇਡ ਦੇ ਪ੍ਰਦਰਸ਼ਨ ਨਾਲ ਪੰਜਾਬੀਆਂ ਦੀ ਬੱਲੇ-ਬੱਲੇ ਕਰਵਾਈ। ਪਿੰਡ ਬਾਊਆ, ਜ਼ਿਲ੍ਹਾ ਨਵਾਂਸ਼ਹਿਰ ਦੇ ਔਕਲੈਂਡ ਵਿਚ ਵਸਦੇ ਮਾਤਾ ਸਰਬਜੀਤ ਕੌਰ ਅਤੇ ਪਿਤਾ ਕੁਲਵਿੰਦਰ ਸਿੰਘ ਦੇ ਘਰ ਜਨਮੇ ਇਸ ਖਿਡਾਰੀ ਦਾ ਨਾਨਕਾ ਪਿੰਡ ਢਾਡਾ ਖੁਰਦ ਬਲਾਕ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ। ਉਸ ਦੇ ਨਾਨਾ ਮਾਸਟਰ ਹਰਗੁਰਬਖ਼ਸ਼ ਸਿੰਘ ਸਟੇਟ ਅਵਾਰਡੀ ਪ੍ਰਿੰਸੀਪਲ ਸੁਖਚੈਨ ਸਿੰਘ ਦੇ ਨਿੱਘੇ ਸਾਥੀ ਰਹੇ ਹਨ। ਸਰਪ੍ਰੀਤ 2017 ਅਤੇ 2019 ਵਿਚ ਅੰਡਰ 20 ਵਿਸ਼ਵ ਕੱਪ ਵਿਚ ਨਿਊਜ਼ੀਲੈਂਡ ਦੀ ਟੀਮ ਦੀ ਅਗਵਾਈ ਕਰ ਚੁੱਕਾ ਹੈ।

ਇਤਿਹਾਸ ਦੇ ਇਸ ਸਭ ਤੋਂ ਵੱਡੇ ਵਿਸ਼ਵ ਕੰਮ ਵਿਚ ਦੁਨੀਆਂ ਦੀਆਂ 48 ਟੀਮਾਂ ਨੇ ਭਾਗ ਲਿਆ ਅਤੇ 104 ਮੈਚ ਖੇਡੇ। ਲਿਓਨੇਲ ਮੈਸੀ ਨੇ ਵਿਸ਼ਵ ਕੱਪ ਵਿਚ ਸਭ ਤੋਂ ਵੱਧ ਗੋਲ ਕਰਨ ਵਾਲੇ ਖਿਡਾਰੀ ਦਾ ਰਿਕਾਰਡ ਆਪਣੇ ਨਾਮ ਦਰਜ ਕਰਵਾਇਆ।

ਪਹਿਲੀ ਵਾਰ ਵਿਸ਼ਵ ਕੱਪ ਤਿੰਨ ਦੇਸ਼ਾਂ ਅਮਰੀਕਾ, ਮੈਕਸੀਕੋ ਅਤੇ ਕੈਨੇਡਾ ਵਿਚ ਕਰਵਾਇਆ ਗਿਆ।

2030 ਦੇ ਵਿਸ਼ਵ ਕੱਪ ਵਿਚ ਇਸ ਦੇ 100 ਸਾਲਾ ਜਸ਼ਨ ਤਿੰਨ ਦੇਸ਼ਾਂ ਵਿਚ ਸਪੇਨ, ਪੁਰਤਗਾਲ ਅਤੇ ਮੋਰੱਕੋ ਵਿਚ ਮਨਾਏ ਜਾਣਗੇ। ਇਸ ਦੇ ਨਾਲ-ਨਾਲ ਸ਼ੁਰੂਆਤੀ ਯਾਦਗਾਰੀ ਸਮਾਰੋਹ ਮੈਚ ਉਰੂਗਵੇ, ਅਰਜਨਟੀਨਾ ਅਤੇ ਪੈਰਾਗੁਏ ਵਿਚ ਵੀ ਕਰਵਾਏ ਜਾਣਗੇ।

ਪ੍ਰਮਾਤਮਾ ਕਰੇ ਵਿਸ਼ਵ ਸ਼ਾਂਤੀ ਦਾ ਸੁਨੇਹਾ ਦੇਣ ਵਾਲੀ ਇਹ ਖੇਡ ਸਦਾ ਅਮਰ ਰਹੇ।

# ਦੇਸ਼ ਭਗਤ : ਸੋਹਣ ਸਿੰਘ ਜੋਸ਼

## 29 ਜੁਲਾਈ 'ਤੇ ਵਿਸ਼ੇਸ਼

-ਰਮੇਸ਼ ਬੱਗਾ ਚੋਹਲਾ
ਸੰਪਰਕ : 94631-3271
ਪੰਜਾਬ ਮੇਲ USA





ਕਾਮਰੇਡ ਜੋਸ਼ ਕੁੱਝ ਸਮਾਂ ਐੱਸ.ਜੀ.ਪੀ.ਸੀ. ਦੇ ਮੈਂਬਰ ਵੀ ਰਹੇ। ਮਾਰਚ 1923 ਨੂੰ ਉਹ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਣੇ। ਇਸੇ ਸਾਲ ਅਕਤੂਬਰ ਮਹੀਨੇ ਦੇ ਲਗਭਗ ਅੱਧ ਵਿਚ ਅੰਗਰੇਜ਼ੀ ਹਕੂਮਤ ਨੇ ਐੱਸ.ਜੀ.ਪੀ.ਸੀ. ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲੀ ਜੱਥਿਆਂ ਨੂੰ ਕਾਨੂੰਨ ਵਿਰੋਧੀ ਗਿਰਦਾਨ ਦਿੱਤਾ ਅਤੇ ਭਾਗੀਦਾਰਾਂ ਦੀ ਪਕੜ ਦਕੜ ਸ਼ੁਰੂ ਹੋ ਗਈ। ਅਕਾਲੀ ਸਾਜ਼ਿਸ਼ ਮੁਕੱਦਮੇ ਵਿਚ ਕਾਮਰੇਡ ਜੋਸ਼ ਜੀ ਲੰਮਾ ਅਰਸਾ ਕਿਲ੍ਹੇ ਵਿਚ ਬੰਦ ਰਹੇ। ਇੱਥੇ ਆਪ ਨੇ ਮਾਰਕਸਵਾਦੀ ਫਲਸਫੇ ਦਾ ਗਹਿਗਚ ਅਧਿਐਨ ਕੀਤਾ। ਇਸ ਅਧਿਐਨ ਸਦਕਾ ਉਨ੍ਹਾਂ ਨੇ ਕੇਸ ਦੌਰਾਨ ਅਦਾਲਤ ਵਿਚ ਜੋ ਬਿਆਨ ਦਿੱਤਾ, ਉਹ ਇਸ ਤਰ੍ਹਾਂ ਸੀ, "ਮੈਂ ਉਸ ਸਮਾਜ ਦਾ ਚਾਹਵਾਨ ਹਾਂ ਜਿੱਥੇ ਸੱਚ, ਪਿਆਰ ਅਤੇ ਇਨਸਾਫ ਤਿੰਨਾਂ ਦੀ ਜੋਟੀ ਹੋਵੇ ਅਤੇ ਮਿਹਨਤ ਦਾ ਪੂਰਾ-ਪੂਰਾ ਮੁੱਲ ਮਿਲੇ। ਇਸ ਸਮਾਜ ਵਿਚ ਕੰਮ ਅਤੇ ਮਿਹਨਤਾਨਾ ਇੱਕ-ਦੂਜੇ ਦਾ ਹੱਥ ਫੜ ਕੇ ਚੱਲਣ।

ਸਾਡੇ ਦੇਸ਼ ਭਾਰਤ ਦਾ ਇਤਿਹਾਸ ਮਹਾਨ ਦੇਸ਼ ਭਗਤਾਂ, ਯੋਧਿਆਂ, ਸੂਰਬੀਰਾਂ, ਸੰਤ-ਮਹਾਤਮਾ ਅਤੇ ਆਜ਼ਾਦੀ ਦੇ ਪ੍ਰਵਾਨਿਆਂ ਨਾਲ ਭਰਿਆ ਪਿਆ ਹੈ। ਇਨ੍ਹਾਂ ਮਹਾਂਪੁਰਖਾਂ ਦੀਆਂ ਘਾਲਣਾਵਾਂ ਅਤੇ ਕੁਰਬਾਨੀਆਂ ਸਦਕੇ ਅਸੀਂ ਨਾ ਸਿਰਫ ਆਜ਼ਾਦੀ ਦਾ ਹੀ ਨਿੱਘ ਮਾਣ ਰਹੇ ਹਾਂ, ਸਗੋਂ ਵਿਕਾਸ ਦੀਆਂ ਬੁਲੰਦੀਆਂ ਨੂੰ ਵੀ ਛੂਹ ਰਹੇ ਹਾਂ। ਹਿੰਦੋਸਤਾਨ ਖਾਸ ਕਰਕੇ ਪੰਜਾਬ ਦੀ ਮਿੱਟੀ ਆਪਣੇ ਬਹਾਦਰ ਸਪੂਤਾਂ, ਸਿਰਲੱਥ ਯੋਧਿਆਂ, ਮਰਦ ਅਗੰਮੜਿਆਂ ਅਤੇ ਵਰਿਆਮਾਂ ਨੂੰ ਜਨਮ ਦੇਣ ਕਰਕੇ ਹਮੇਸ਼ਾਂ ਹੀ ਪੂਜਣਯੋਗ ਰਹੀ ਹੈ। ਇਸ ਪਾਕਿ ਮਿੱਟੀ ਦੀ ਹੀ ਪੈਦਾਇਸ਼ ਹੈ ਉੱਘਾ ਦੇਸ਼ ਭਗਤ ਕਮਿਊਨਿਸਟ ਆਗੂ, ਕਲਮਕਾਰ, ਕਵੀ ਅਤੇ ਚੋਟੀ ਦਾ ਬੁਲਾਰਾ ਕਾਮਰੇਡ ਸੋਹਣ ਸਿੰਘ ਜੋਸ਼। ਆਪਣੇ ਦਰਸ਼ਨ ਅਤੇ ਚਿੰਤਨ ਵਿਚ ਪ੍ਰਪੱਕ ਰਹਿਣ ਵਾਲੇ ਅਤੇ ਉਸ ਦੀ ਲੋਅ ਵਿਚ ਬਿਨਾਂ ਕਿਸੇ ਰਿਆਇਤ ਤੋਂ ਹਰ ਤਰ੍ਹਾਂ ਦੀ ਕੁਰਬਾਨੀ ਲਈ ਤੱਤਪਰ ਰਹਿਣ ਵਾਲੇ ਕਾਮਰੇਡ ਜੋਸ਼ ਦਾ ਨਾਮ ਮੂਹਰਲੀ ਕਤਾਰ ਦੇ ਆਜ਼ਾਦੀ ਘੁਲਾਟੀਆਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਕਾਮਰੇਡ ਸੋਹਣ ਸਿੰਘ ਜੋਸ਼ ਦਾ ਜਨਮ ਮਾਝੇ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਚੇਤਨਪੁਰਾ ਵਿਖੇ 12 ਨਵੰਬਰ 1898 ਈਸਵੀ ਨੂੰ ਪਿਤਾ ਸ੍ਰੀ ਲਾਲ ਸਿੰਘ ਅਤੇ ਮਾਤਾ ਦਿਆਲ ਕੌਰ ਦੇ ਗ੍ਰਹਿ ਵਿਖੇ ਹੋਇਆ। ਮੁੱਢਲੀ ਤਾਲੀਮ ਉਨ੍ਹਾਂ ਨੇ ਪਿੰਡ ਦੇ ਮੌਲਵੀ ਪਾਸੋਂ ਹਾਸਲ ਕੀਤੀ ਅਤੇ ਮੈਟ੍ਰਿਕ ਮਜੀਠਾ ਦੇ ਹਾਈ ਸਕੂਲ ਵਿਚੋਂ ਪਾਸ ਕੀਤੀ। ਉੱਚ ਵਿੱਦਿਆ ਦੇ ਮਨੋਰਥ ਹਿੱਤ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰਵੇਸ਼ ਤਾਂ ਹੋਇਆ, ਪਰ ਘਰ ਦੀ ਹਾਲਤ ਪਤਲੀ ਹੋਣ ਕਰਕੇ ਅਗਲੇਰੀ ਪੜ੍ਹਾਈ ਤੋਂ ਵੰਚਿਤ ਰਹਿ ਗਏ।

ਆਪਣੀ ਉਦਰ-ਜਵਾਲਾ ਨੂੰ ਸ਼ਾਂਤ ਕਰਨ ਲਈ ਕਾਮਰੇਡ ਜੋਸ਼ ਨੇ ਕੁੱਝ ਸਮਾਂ ਗਰੀਵਜ਼ ਕਾਟਨ ਐਂਡ ਕਰੰਪਟਨ ਕੰਪਨੀ ਵਿਚ ਕਲਰਕ ਦੀ ਮੁਲਾਜ਼ਮਤ ਕੀਤੀ। ਇਸ ਮਗਰੋਂ ਉਹ ਬ੍ਰਿਟਿਸ਼ ਇੰਡੀਆ ਸਟੀਮ ਨੇਵੀਗੇਸ਼ਨ ਕੰਪਨੀ ਵਿਚ ਕੰਮ ਕਰਨ ਲੱਗ ਗਏ, ਪਰ 13 ਅਕਤੂਬਰ 1918 ਈ. ਨੂੰ ਪਿਤਾ ਦੇ ਅਕਾਲ ਚਲਾਣੇ ਤੋਂ ਬਾਅਦ ਪਿੰਡ ਵਾਪਸ ਆ ਗਏ। ਇਸ ਤੋਂ ਪਿੱਛੋਂ ਉਹ ਮੁੰਬਈ ਦੇ ਸੈਂਸਰ ਵਿਭਾਗ ਵਿਚ ਵੀ ਰਹੇ। ਤਾਲੀਮ ਦੀ ਲਗਨ ਉਨ੍ਹਾਂ ਦੇ ਮਨ ਵਿਚ ਅਜੇ ਵੀ ਬਰਕਰਾਰ ਸੀ, ਜਿਸ ਦੀ ਬਦੌਲਤ ਗਿਆਨੀ ਅਤੇ ਐੱਫ.ਏ. ਤੱਕ ਦੀ ਪੜ੍ਹਾਈ ਚੰਗੇ ਅੰਕ ਲੈ ਕੇ ਵੀ ਪਾਸ ਕੀਤੀ। 12 ਜੁਲਾਈ 1920 ਨੂੰ ਉਨ੍ਹਾਂ ਚਰਨ ਮਿਸ਼ਨ ਸਕੂਲ ਮਜੀਠਾ ਵਿਖੇ ਬਤੌਰ ਅਧਿਆਪਕ ਸੇਵਾ ਨਿਭਾਈ। ਇਸ ਸੇਵਾ ਕਾਲ ਦੌਰਾਨ ਉਹ ਰੂਸੀ ਕਾਮਰੇਡ ਵਲਾਦੀਮੀਰ ਇਲਿਚ ਲੈਨਿਨ ਦੇ ਨਾਂਅ ਤੋਂ ਵਾਕਿਫ ਹੋਏ। ਕਾਮਰੇਡ ਜੋਸ਼ ਵਿਚ ਦੇਸ਼ ਭਗਤੀ ਦੀ ਜਾਗ ਉਸ ਵਕਤ ਲਾਹੌਰ ਤੋਂ ਛਪਣ ਵਾਲੇ ਅਕਾਲੀ ਅਖਬਾਰ ਨੇ ਲਗਾਈ। ਇਸ ਵਿਚ ਛਪਣ ਵਾਲੇ ਲੇਖਾਂ ਅਤੇ ਕਵਿਤਾਵਾਂ ਨੇ ਉਨ੍ਹਾਂ ਦੇ ਮਨ ਵਿਚ ਅੰਗਰੇਜ਼ੀ ਹਕੂਮਤ ਦੇ ਖਿਲਾਫ ਨਫਰਤ ਪੈਦਾ ਕਰ ਦਿੱਤੀ। ਇਸ ਨਫਰਤ ਸਦਕਾ ਹੀ ਉਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਤੇ ਚਾਬੀਆਂ ਦੇ ਮੋਰਚੇ ਵਿਚ ਅਹਿਮਤਰੀਨ ਰੋਲ ਅਦਾ ਕੀਤਾ। ਕਾਮਰੇਡ ਜੋਸ਼ ਨੇ ਅੰਗਰੇਜ਼ਾਂ ਦੀਆਂ ਗਲਤ ਨੀਤੀਆਂ ਤੇ ਇਰਾਦਿਆਂ ਤੋਂ ਲੋਕਾਂ ਨੂੰ ਜਾਣੂੰ ਕਰਵਾਉਣ ਅਤੇ ਲਾਮਬੰਦ ਕਰਨ ਹਿੱਤ ਪਿੰਡ-ਪਿੰਡ ਜਾ ਕੇ ਤੱਤਾ-ਤੱਤਾ ਭਾਸ਼ਣ ਕੀਤਾ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਗ੍ਰਿਫਤਾਰੀ ਵਰੰਟ ਜਾਰੀ ਹੋ ਗਏ। ਕਾਫੀ ਸਮਾਂ ਉਹ ਪੁਲਿਸ ਦੇ ਅੜਿੱਕੇ ਨਾ ਆਏ ਪਰ ਅਖੀਰ ਫੜੇ ਗਏ। ਫੜੇ ਜਾਣ 'ਤੇ ਕੇਸ ਚੱਲਿਆ, ਜਿਸ ਦੇ ਤਹਿਤ ਉਨ੍ਹਾਂ ਨੂੰ ਇੱਕ ਸਾਲ ਦੀ ਕੈਦ ਅਤੇ 400 ਰੁਪਏ ਜੁਰਮਾਨਾ ਕੀਤਾ ਗਿਆ। ਕਾਮਰੇਡ ਜੋਸ਼ ਨੇ ਆਪਣੀ ਹਿਯਾਤੀ ਦੇ ਇੱਕ ਦਰਜਨ ਸਾਲ ਜੇਲ੍ਹਾਂ ਵਿਚ ਹੀ ਬਿਤਾਏ।

ਕਾਮਰੇਡ ਜੋਸ਼ ਕੁੱਝ ਸਮਾਂ ਐੱਸ.ਜੀ.ਪੀ.ਸੀ. ਦੇ ਮੈਂਬਰ ਵੀ ਰਹੇ। ਮਾਰਚ 1923 ਨੂੰ ਉਹ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਣੇ। ਇਸੇ ਸਾਲ ਅਕਤੂਬਰ ਮਹੀਨੇ ਦੇ ਲਗਭਗ ਅੱਧ ਵਿਚ ਅੰਗਰੇਜ਼ੀ ਹਕੂਮਤ ਨੇ ਐੱਸ.ਜੀ.ਪੀ.ਸੀ. ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲੀ ਜੱਥਿਆਂ ਨੂੰ ਕਾਨੂੰਨ ਵਿਰੋਧੀ ਗਿਰਦਾਨ ਦਿੱਤਾ ਅਤੇ ਭਾਗੀਦਾਰਾਂ ਦੀ ਪਕੜ ਦਕੜ ਸ਼ੁਰੂ ਹੋ ਗਈ।

ਅਕਾਲੀ ਸਾਜ਼ਿਸ਼ ਮੁਕੱਦਮੇ ਵਿਚ ਕਾਮਰੇਡ ਜੋਸ਼ ਜੀ ਲੰਮਾ ਅਰਸਾ ਕਿਲ੍ਹੇ ਵਿਚ ਬੰਦ ਰਹੇ। ਇੱਥੇ ਆਪ ਨੇ ਮਾਰਕਸਵਾਦੀ ਫਲਸਫੇ ਦਾ ਗਹਿਗਚ ਅਧਿਐਨ ਕੀਤਾ। ਇਸ ਅਧਿਐਨ ਸਦਕਾ ਉਨ੍ਹਾਂ ਨੇ ਕੇਸ ਦੌਰਾਨ ਅਦਾਲਤ ਵਿਚ ਜੋ ਬਿਆਨ ਦਿੱਤਾ, ਉਹ ਇਸ ਤਰ੍ਹਾਂ ਸੀ, "ਮੈਂ ਉਸ ਸਮਾਜ ਦਾ ਚਾਹਵਾਨ ਹਾਂ ਜਿੱਥੇ ਸੱਚ, ਪਿਆਰ ਅਤੇ ਇਨਸਾਫ ਤਿੰਨਾਂ ਦੀ ਜੋਟੀ ਹੋਵੇ ਅਤੇ ਮਿਹਨਤ ਦਾ ਪੂਰਾ-ਪੂਰਾ ਮੁੱਲ ਮਿਲੇ। ਇਸ ਸਮਾਜ ਵਿਚ ਕੰਮ ਅਤੇ ਮਿਹਨਤਾਨਾ ਇੱਕ-ਦੂਜੇ ਦਾ ਹੱਥ ਫੜ ਕੇ ਚੱਲਣ।

1926 ਈ. ਨੂੰ ਅਗਾਂਹਵਧੂ ਵਿਚਾਰਾਂ ਦੇ ਪ੍ਰਚਾਰ ਹਿੱਤ ਕਿਰਤੀ ਰਸਾਲੇ ਦੀ ਪ੍ਰਕਾਸ਼ਨਾ ਆਰੰਭ ਹੋਈ। 12 ਜਨਵਰੀ 1927 ਨੂੰ ਕਾਮਰੇਡ ਜੋਸ਼ ਨੇ ਇਸ ਰਸਾਲੇ ਦੀ ਸੰਪਾਦਕੀ ਸੰਭਾਲੀ। ਇਸ ਦੇ ਮਾਧਿਅਮ ਰਾਹੀਂ ਉਨ੍ਹਾਂ ਨੇ ਸੁਤੰਤਰਤਾ ਅਤੇ ਸਮਾਜਵਾਦੀ ਦਰਸ਼ਨ ਦਾ ਜ਼ੋਰਦਾਰ ਪ੍ਰਚਾਰ ਕੀਤਾ। ਸੁਤੰਤਰ ਸਿੰਘ ਬੀ.ਏ. ਤੇ ਮੀਆਂ ਰੁਕਨਦੀਨ ਅਤੇ ਨਾਮਨਿਹਾਤ ਨਾਂਅ ਨਾਲ ਵੀ ਲਿਖਦੇ ਰਹੇ। ਇੱਥੇ ਆਪ ਨੇ ਖੱਬੇ ਪੱਖੀ ਵਿਚਾਰਧਾਰਾ ਦੀ ਸਟੱਡੀ ਕੀਤੀ ਅਤੇ ਕਾਰਲ ਮਾਰਕਸ ਵੱਲੋਂ ਦਰਸਾਏ ਰਾਹ ਦੇ ਪਾਂਧੀ ਬਣ ਗਏ।

ਅਪ੍ਰੈਲ 1928 ਨੂੰ ਕਿਰਤੀ ਰਸਾਲੇ ਦੇ ਸੰਚਾਲਕਾਂ ਦੀ ਨੌਜਵਾਨ ਸਭਾ ਬਣਾਉਣ ਖਾਤਿਰ ਜਲ੍ਹਿਆਂ ਵਾਲੇ ਬਾਗ ਵਿਚ ਇੱਕ ਮੀਟਿੰਗ ਹੋਈ। ਇਸ ਵਿਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਵੀ ਸ਼ਿਰਕਤ ਕੀਤੀ। 21 ਦਸੰਬਰ 1928 ਨੂੰ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ ਗਈ। ਇਸ ਸਭਾ ਦੀ ਜ਼ਿਲ੍ਹਾ ਅੰਮ੍ਰਿਤਸਰ ਦੀ ਪ੍ਰਧਾਨਗੀ ਕਾਮਰੇਡ ਜੋਸ਼ ਨੂੰ ਸੌਂਪੀ ਗਈ। ਇਸ ਸਭਾ ਨੇ ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ ਕਰਨ ਵਿਚ ਅਹਿਮ ਯੋਗਦਾਨ ਪਾਇਆ, ਜਿਸ ਦੇ ਸਿੱਟੇ ਵਜੋਂ ਸਭਾ ਦੇ ਤਿੰਨ ਸਿਰਕੱਢ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਗ੍ਰਿਫਤਾਰੀ ਮੇਰਠ ਸਾਜ਼ਿਸ਼ ਕੇਸ ਵਿਚ ਹੋਈ। ਸ਼ਹੀਦ ਭਗਤ ਸਿੰਘ ਅਤੇ ਕਾਮਰੇਡ ਸੋਹਣ ਸਿੰਘ ਜੋਸ਼ ਵਿਚ ਬਹੁਤ ਨੇੜਤਾ ਸੀ ਅਤੇ ਦੋਵੇਂ ਇੱਕ ਦੂਜੇ ਦੇ ਵਿਸ਼ਵਾਸਪਾਤਰ ਸਨ।

17 ਦਸੰਬਰ 1928 ਨੂੰ ਸਾਂਡਰਸ ਨੂੰ ਗੱਡੀ ਚਾੜ੍ਹਨ ਤੋਂ ਬਾਅਦ ਭਗਤ ਸਿੰਘ ਅਤੇ ਸੁਖਦੇਵ ਰਾਤ ਉਨ੍ਹਾਂ ਕੋਲ ਹੀ ਠਹਿਰੇ ਸਨ। ਸਾਂਡਰਸ ਦੇ ਕਤਲ ਤੋਂ ਬਾਅਦ ਨੌਜਵਾਨ ਭਾਰਤ ਸਭਾ ਦੇ ਕਈ ਕਾਰਕੁੰਨ ਗ੍ਰਿਫਤਾਰ ਕਰ ਲਏ ਗਏ ਅਤੇ ਕਈਆਂ ਦੇ ਗ੍ਰਿਫਤਾਰੀ ਦੇ ਵਰੰਟ ਨਿਕਲ ਗਏ। ਮਾਰਚ 1929 ਨੂੰ ਰੋਹਤਕ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਮਰੇਡ ਜੋਸ਼ ਨੇ ਕਿਹਾ ਕਿ ਕੋਈ ਇਮਾਮ ਮਹਿੰਦੀ, ਅਵਤਾਰ ਜਾਂ ਗੁਰੂ ਉੱਪਰੋਂ ਆ ਕੇ ਤੁਹਾਡੇ ਬੰਧਨ ਨਹੀਂ ਤੋੜੇਗਾ। ਆਪਣੀ ਗੁਲਾਮੀ ਦੇ ਬੰਧਨ ਤੁਸੀਂ ਆਪ ਹੀ ਤੋੜਨੇ ਹਨ। ਸਮਾਂ ਆ ਗਿਆ ਹੈ ਕਿ ਏਕਾ ਤੇ ਜਥੇਬੰਦੀ ਕਰਕੇ ਜਮਾਤੀ ਸੰਗਰਾਮ ਲੜ ਕੇ ਆਪਣੇ ਲਈ ਜਿੱਤਾਂ ਹਾਸਲ ਕਰੀਏ। ਮੇਰਠ ਸਾਜ਼ਿਸ਼ ਕੇਸ ਜੋ ਕਿ ਕਾਫੀ ਲੰਮਾ ਅਰਸਾ ਚੱਲਿਆ, ਵਿਚ ਜੋਸ਼ ਨੂੰ 7 ਸਾਲ ਦੀ ਕੈਦ ਹੋਈ।

ਕੈਦ ਭੁਗਤਣ ਤੋਂ ਬਾਅਦ ਉਹ 1934 ਈ. ਵਿਚ ਰਿਹਾਅ ਹੋਏ। ਰਿਹਾਈ ਤੋਂ ਮਗਰੋਂ ਉਨ੍ਹਾਂ ਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਇੱਕਮੁੱਠ ਕਰਨ ਦਾ ਕੰਮ ਕੀਤਾ। ਦੁਨੀਆਂ ਦੀ ਦੂਜੀ ਲੜਾਈ ਆਰੰਭ ਹੋਣ 'ਤੇ ਕੁੱਝ ਖਾੜਕੂ ਰਾਜਨੀਤਕਾਂ ਨੇ ਹਿੰਸਕ ਢੰਗ ਤਰੀਕੇ ਵਰਤ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਠਾਣੀ ਪਰ ਕਾਮਰੇਡ ਜੋਸ਼ ਹਿੰਸਾ ਵਿਰੋਧੀ ਸਨ। ਉਨ੍ਹਾਂ ਦਾ ਸਪੱਸ਼ਟੀਕਰਨ ਸੀ ਕਿ ਸਾਡੀ ਸਭਾ ਦਹਿਸ਼ਤਗਰਦੀ ਵਿਚ ਯਕੀਨ ਨਹੀਂ ਰੱਖਦੀ, ਕਿਉਂਕਿ ਦੁਨੀਆਂ ਵਿਚ ਕਿਤੇ ਵੀ ਵਿਅਕਤੀਗਤ ਦਹਿਸ਼ਤਗਰਦੀ ਨੂੰ ਪਸੰਦ ਨਹੀਂ ਕੀਤਾ ਜਾਂਦਾ।

ਲੜਾਈ ਵਿਚ ਨਾ ਮਿਲਵਰਤਣ ਕਰਕੇ ਕਾਮਰੇਡ ਜੋਸ਼ ਨੂੰ ਹੋਰ ਸਾਥੀਆਂ ਨਾਲ ਗ੍ਰਿਫਤਾਰ ਕਰ ਲਿਆ ਗਿਆ ਪਰ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ। ਰਿਹਾਈ ਤੋਂ ਪਿੱਛੋਂ ਉਨ੍ਹਾਂ ਨੇ ਕਮਿਊਨਿਸਟ ਪਾਰਟੀ ਦੇ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਕੌਮ ਦੀ ਨਿਸ਼ਕਾਮ ਸੇਵਾ ਕੀਤੀ। 1922 ਈ. ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੱਕ ਅਤੇ ਇਸ ਤੋਂ ਮਗਰੋਂ ਵਿਚਾਰਧਾਰਾਈ ਵਖਰੇਵੇਂ ਕਾਰਨ ਕਾਮਰੇਡ ਸੋਹਣ ਸਿੰਘ ਜੋਸ਼ ਕਈ ਸਾਲ ਜੇਲ੍ਹ ਵਿਚ ਗੁਜ਼ਾਰਨੇ ਪਏ। ਉਨ੍ਹਾਂ ਨੇ ਆਪਣੇ ਘਰ ਪਰਿਵਾਰ ਵੱਲ ਤਵੱਜੋਂ ਘੱਟ ਹੀ ਦਿੱਤੀ ਅਤੇ ਆਪਣੇ ਮਿਸ਼ਨ ਦੀ ਪੂਰਤੀ ਹਿਤ ਜਨ-ਸੰਪਰਕ ਮੁਹਿੰਮ ਚਲਾਉਂਦੇ ਰਹੇ।

ਕਾਮਰੇਡ ਜੋਸ਼ ਜਿੱਥੇ ਇੱਕ ਉੱਘੇ ਪੱਤਰਕਾਰ ਸਨ, ਉੱਥੇ ਨਾਮਵਰ ਸਾਹਿਤਕਾਰ ਅਤੇ ਉਚ-ਕੋਟੀ ਦੇ ਕਵੀ ਵੀ ਸਨ। ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਜਿਵੇਂ 'ਬੰਗਾਲੀ ਸਹਿਤ ਦੀ ਵੰਨਗੀ, ਰੁੱਤ ਨਵਿਆਂ ਦੀ ਆਈ, ਪੰਜਾਬੀ ਬੋਲੀ ਤੇ ਭਾਸ਼ਾ ਵਿਗਿਆਨ, ਮੇਰੀ ਰੂਸ ਯਾਤਰਾ, ਮੇਰਠ ਸਾਜ਼ਿਸ਼ ਕੇਸ ਅਤੇ ਸੱਠ ਸਾਲਾ ਗੱਭਰੂ' ਆਦਿ ਦੀ ਰਚਨਾ ਕਰਕੇ ਪੰਜਾਬੀ ਬੋਲੀ ਦੀ ਵੱਡਮੁੱਲੀ ਸੇਵਾ ਕੀਤੀ। ਉਨ੍ਹਾਂ ਦਾ ਬਹੁਤ ਸਾਰਾ ਸਾਹਿਤ ਅਜੇ ਛਾਪੇ ਤੋਂ ਬਾਹਰ ਵੀ ਪਿਆ ਹੈ।

ਸਿਆਸਤ ਦੀ ਕੱਟੜਤਾ ਅਤੇ ਅਸੂਲਾਂ ਦੇ ਪਾਬੰਦ ਹੋਣ ਦੇ ਬਾਵਜੂਦ ਵੀ ਕਾਮਰੇਡ ਸੋਹਣ ਸਿੰਘ ਜੋਸ਼ ਨਿਰਵਿਰੋਧੀ ਅਤੇ ਨਿਰਵੈਰ ਹੀ ਰਹੇ। 29 ਜੁਲਾਈ 1982 ਨੂੰ ਉਹ ਆਪਣਾ ਜੀਵਨ ਪੰਧ ਨਿਬੇੜ ਕੇ ਇਸ


# ਵਿਸ਼ਵ ਹੈਪੇਟਾਈਟਸ ਦਿਵਸ ’ਤੇ ਵਿਸ਼ੇਸ਼


ਸਾਹਿਲ ਪੁਰੀ
ਵਿਭਾਗ - ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ
ਪੋਸਟ - ਬਲਾਕ ਪ੍ਰਸਾਰ ਸਿੱਖਿਅਕ ਕਮਿਊਨਿਟੀ ਹੈਲਥ ਸੈਂਟਰ, ਸੰਗਤ।
99141-11020
ਪੰਜਾਬ ਮੇਲ USA




ਹੈਪੇਟਾਈਟਸ ਬੀ ਅਤੇ ਸੀ ਦੋਵੇਂ ਹੀ (ਜਿਗਰ) ਲੀਵਰ ਦੀਆਂ ਬਿਮਾਰੀਆਂ ਹਨ। ਹੈਪੇਟਾਈਟਿਸ ਸੀ ਨੂੰ “ਹੈਪ ਸੀ” ਵੀ ਕਿਹਾ ਜਾਂਦਾ ਹੈ। ਜੇਕਰ ਇਨ੍ਹਾਂ ਦਾ ਸਮੇਂ ਸਿਰ ਇਲਾਜ ਨਾ ਹੋਵੇ, ਤਾਂ ਇਹ ਮਾਰੂ ਸਿੱਧ ਹੋ ਸਕਦੀਆਂ ਹਨ। ਨੈਸ਼ਨਲ ਹੈਲਥ ਪੋਰਟਲ ਤੋਂ ਪ੍ਰਾਪਤ ਅੰਕੜਿਆਂ ਦੇ ਅਨੁਸਾਰ ਇਸ ਸਮੇਂ ਵਿਸ਼ਵ ਪੱਧਰ ’ਤੇ ਹੈਪਾਟਾਈਟਸ ਬੀ ਅਤੇ ਸੀ ਤੋਂ ਲਗਭਗ 32.5 ਮਿਲੀਅਨ ਲੋਕ ਪ੍ਰਭਾਵਤ ਹਨ ਅਤੇ ਹਰ ਸਾਲ 1.34 ਮਿਲੀਅਨ ਮੌਤਾਂ ਹੁੰਦੀਆਂ ਹਨ। ਕੇਵਲ ਸਮੇਂ ਸਿਰ ਟੈਸਟ ਅਤੇ ਇਲਾਜ ਨਾਲ ਅਸੀਂ ਹੈਪੇਟਾਈਟਸ ਬੀ ਅਤੇ ਸੀ ਤੋਂ ਬੱਚ ਸਕਦੇ ਹਾਂ। ਹੈਪੇਟਾਈਟਸ ਵਾਇਰਲ ਕਾਰਨ ਫੈਲਦੀ ਹੈ ਅਤੇ ਇਹ ਵਾਈਰਲ ਮੁੱਖ ਤੌਰ ’ਤੇ ਪੰਜ ਪ੍ਰਕਾਰ ਦੇ ਹੁੰਦੇ ਹਨ, ਜਿਨ੍ਹਾਂ ਨੂੰ ਹੈਪੇਟਾਈਟਸ ਏ, ਬੀ, ਸੀ, ਡੀ ਅਤੇ ਈ ਕਿਹਾ ਜਾਂਦਾ ਹੈ।

ਹੈਪੇਟਾਈਟਸ ਏ ਅਤੇ ਈ ਗੰਦਾ ਪਾਣੀ ਅਤੇ ਗੰਦੇ ਭੋਜਨ ਰਾਹੀਂ ਹੁੰਦਾ ਹੈ, ਜਦਕਿ ਹੈਪੇਟਾਈਟਸ ਦੀਆਂ ਬਾਕੀ ਕਿਸਮਾਂ ਖ਼ੂਨ ਰਾਹੀਂ ਅੱਗੇ ਫੈਲਦੀਆਂ ਹਨ। ਹੈਪੇਟਾਈਟਸ ਬੀ ਤੇ ਸੀ ਤੋਂ ਬਚਾਅ ਲਈ ਜ਼ਰੂਰੀ ਹੈ ਕਿ ਸੁਰੱਖਿਅਤ ਸਰਿੰਜਾਂ ਜਾਂ ਸੂਈਆਂ ਦੀ ਵਰਤੋਂ ਕੀਤੀ ਜਾਵੇ ਅਤੇ ਸਰੀਰ ’ਤੇ ਕਿਸੇ ਵੀ ਤਰ੍ਹਾਂ ਦੇ ਟੈਟੂ ਤੋਂ ਗੁਰੇਜ਼ ਕੀਤਾ ਜਾਵੇ। ਇਸ ਤੋਂ ਇਲਾਵਾ ਸ਼ੇਵ ਬਲੇਡ, ਰੇਜ਼ਰ, ਬਰਸ਼ ਆਦਿ ਸਾਂਝੇ ਨਾ ਕੀਤੇ ਜਾਣ, ਸਰਕਾਰ ਵੱਲੋਂ ਮਨਜ਼ੂਰਸ਼ੁਦਾ ਬੱਲਡ ਬੈਂਕ ਤੋਂ ਹੀ ਮਰੀਜ਼ ਲਈ ਟੈਸਟ ਕੀਤਾ ਹੋਇਆ ਖ਼ੂਨ ਚੜ੍ਹਾਇਆ ਜਾਵੇ। ਸ਼ਰਾਬ, ਨਸ਼ਿਆਂ ਆਦਿ ਵੀ ਇਸ ਬੀਮਾਰੀ ਦੇ ਹੋਣ ਦਾ ਮੁੱਖ ਕਾਰਨ ਬਣਦੇ ਹਨ ਕਿਉਂਕਿ ਹੈਪੇਟਾਈਟਸ ਲੀਵਰ ਵਿਚ ਸੋਜ਼ਿਸ਼ ਦਾ ਕਾਰਨ ਬਣਦਾ ਹੈ ਅਤੇ ਇਹ ਲਿਵਰਸਿਰੋਸਿਸ ਵਰਗੀ ਗੰਭੀਰ ਬੀਮਾਰੀ ਦੇ ਕਾਰਨ ਇਨਸਾਨ ਦੀ ਮੌਤ ਸਕਦੀ ਹੈ। ਇਸ ਤੋਂ ਇਲਾਵਾ ਹੈਪੇਟਾਈਟਸ ਨਾਲ ਮਰਦਾਂ ਵਿਚ ਬਾਂਝਪਣ ਦਾ ਵੀ ਖਤਰਾ ਪੈਦਾ ਹੋ ਸਕਦਾ ਹੈ। ਡਬਲਯੂ.ਐੱਚ.ਓ. ਦੀ ਦੀ ਰਿਪੋਰਟ ਤੋ ਪਤਾ ਲੱਗਾ ਹੈ ਕਿ ਹੈਪਾਟਾਈਟਸ ਬੀ ਵਾਇਰਸ ਨਾਲ ਪੀੜਤ ਮਰਦਾਂ ਵਿਚ ਬਾਂਝਪਣ ਦਾ ਖਦਸ਼ਾ 1.59 ਗੁਣਾ ਵੱਧ ਰਹਿੰਦਾ ਹੈ। ਹੈਪੇਟਾਈਟਸ ਬੀ ਵਾਇਰਸ ਪ੍ਰੋਟੀਨ ਸ਼ੁਕਰਾਣੂ ਦੀ ਗਤੀਸ਼ੀਲਤਾ ਅਤੇ ਸ਼ੁਕਰਾਣੂਆਂ ਦੇ ਫਰਟੀਲਾਈਜ਼ ਹੋਣ ਦੀ ਦਰ ਨੂੰ ਘੱਟ ਕਰਨ ਲਈ ਜਾਣਿਆ ਜਾਂਦਾ ਹੈ। ਹਰ ਸਾਲ 28 ਜੁਲਾਈ ਨੂੰ ਦੁਨੀਆਂ ਭਰ ’ਚ ਵਿਸ਼ਵ ਹੈਪਾਟਾਈਟਸ ਦਿਵਸ ਲੋਕਾਂ ਨੂੰ ਇਲਾਜ, ਰੋਕਥਾਮ ਅਤੇ ਹੈਪਾਟਾਈਟਸ ਬਿਮਾਰੀ ਦੇ ਕਾਰਨਾਂ ਬਾਰੇ ਜਾਣਕਾਰੀ ਦੇਣ ਲਈ ਮਨਾਇਆ ਜਾਂਦਾ ਹੈ।



**ਸਰੀਰ ਵਿਚ ਜਿਗਰ ਦਾ ਕੰਮ :**

ਜਿਗਰ ਸਰੀਰ ਲਈ ਹਰ ਪਲ ਕੰਮ ਕਰਦਾ ਰਹਿੰਦਾ ਹੈ, ਅੰਦਾਜ਼ਨ ਤੰਦਰੁਸਤ ਜਿਗਰ ਸਰੀਰ ਲਈ 500 ਤੋਂ ਵਧੇਰੇ ਕੰਮ ਕਰਦਾ ਹੈ। ਜਿਨ੍ਹਾਂ ਵਿਚ ਤੰਦਰੁਸਤ ਜਿਗਰ ਸਾਡੇ ਖ਼ੂਨ ’ਚੋਂ ਘਾਤਕ ਅਤੇ ਜ਼ਹਿਰੀਲੇ ਤੱਤ ਸਾਫ਼ ਕਰਦਾ ਹੈ ਅਤੇ ਭੋਜਨ ਨੂੰ ਚੰਗੀ ਤਰ੍ਹਾਂ ਪਚਾਉਣ ਵਿਚ ਸਹਾਇਕ ਹੁੰਦਾ ਹੈ।

ਇਹ ਖ਼ੁਰਾਕੀ ਤੱਤ ਜਿਵੇਂ ਕਿ ਵਿਟਾਮਿਨਜ਼, ਮਿਨਰਲਜ਼ ਤੇ ਆਇਰਨ ਆਦਿ ਨੂੰ ਸਟੋਰ ਕਰਦਾ ਹੈ। ਖ਼ੂਨ ਵਿਚ ਪ੍ਰੋਟੀਨ ਬਣਾਉਣ ਅਤੇ ਆਕਸੀਜਨ ਨੂੰ ਅਗਾਂਹ ਸਾਰੇ ਸਰੀਰ ਵਿਚ ਪਹੁੰਚਾਉਣ, ਪੁਰਾਣੇ ਆਰ.ਬੀ.ਸੀ. ਨੂੰ ਨਸ਼ਟ ਕਰਨ ਵਿਚ ਵੀ ਮਦਦ ਕਰਦਾ ਹੈ ਅਤੇ ਸਰੀਰ ਨੂੰ ਹਾਨੀ ਪਹੁੰਚਾਉਣ ਵਾਲੇ ਤੱਤਾਂ ਤੋਂ ਬਚਾ ਕੇ ਰੋਗਾਂ ਨਾਲ ਲੜਨ ਦੀ ਸ਼ਕਤੀ ਵਿਚ ਵਾਧਾ ਕਰਦਾ ਹੈ। ਦਿਮਾਗ ਅਤੇ ਸਰੀਰ ਨੂੰ ਚੁਸਤ ਰੱਖਣ ਲਈ ਲੋੜੀਂਦੀ ਗੁਲੂਕੋਜ਼ ਨੂੰ ਬਣਾਉਂਦਾ, ਜਮ੍ਹਾਂ ਕਰਦਾ ਅਤੇ ਲੋੜ ਤੋਂ ਜ਼ਿਆਦਾ ਗੁਲੂਕੋਜ਼ ਨੂੰ ਸਰੀਰ ’ਚੋਂ ਬਾਹਰ ਕੱਢਦਾ ਹੈ ਤੇ ਬਹੁਤ ਸਾਰੇ ਹਾਰਮੋਨਜ਼ ਆਦਿ ਨੂੰ ਸਰੀਰ ਦੀ ਲੋੜ ਅਨੁਸਾਰ ਸਥਿਰ ਰੱਖਦਾ ਹੈ।

**ਵੱਧ ਖ਼ਤਰੇ ਵਾਲਿਆਂ ਗਤੀਵਿਧੀਆਂ**

ਇਸ ਬਿਮਾਰੀ ਦੇ ਰੋਗੀ ਦਾ ਖ਼ੂਨ ਇਸਤੇਮਾਲ ਕਰਨਾ, ਇਕੋ ਸੂਈ ਜਾਂ ਸਰਿੰਜ ਦੀ ਵਰਤੋਂ ਕਰਨਾ ਲੋਕਾਂ ਨੂੰ ਹੈਪੇਟਾਈਟਸ ਸੀ ਹੋਣ ਦਾ ਸਭ ਤੋਂ ਆਮ ਤਰੀਕਾ ਹੈ। ਗ਼ੈਰ-ਜਰਮ ਨਿਰੋਧਿਤ ਟੈਟੂਇੰਗ (ਗੋਦਨਾ ਗੁੰਦਵਾਉਣਾ), ਸਰੀਰ ਵਿੰਨ੍ਹਣਾ, ਚਮੜੀ ਨੂੰ ਗ਼ੈਰ-ਜਰਮ ਨਿਰੋਧਿਤ ਡਾਕਟਰੀ, ਦੰਦਾਂ ਜਾਂ ਐਕਿਉਪੰਕਚਰ ਸੂਈਆਂ ਨਾਲ ਵਿੰਨ੍ਹਿਆ ਜਾਂਦਾ ਹੈ। ਇਸ ਤੋਂ ਇਲਾਵਾ ਅਸੁਰੱਖਿਅਤ ਸੰਭੋਗ, ਰੋਗੀ ਦਾ ਬਲੇਡ ਜਾਂ ਬਰਸ਼ ਵਰਤਣਾ, ਡਾਇਲਸਿਸ ਵਿਚ ਵਰਤੇ ਜਾਣ ਵਾਲੇ ਦੂਸ਼ਿਤ ਉਪਕਰਣ ਆਦਿ।

**ਇਨ੍ਹਾਂ ਕਾਰਨਾਂ ਰਾਹੀਂ ਹੈਪੇਟਾਈਟਿਸ ਸੀ ਨਹੀਂ ਹੋ ਸਕਦਾ ਹੈ:**

- ਪਖਾਨਾ ਜਾਂ ਇਸ਼ਨਾਨਘਰ ਦੀ ਸਾਂਝੀ ਵਰਤੋਂ ਕਰਨ ਤੋਂ
- ਹੈਪੇਟਾਈਟਿਸ ਸੀ (ਕਾਲਾ ਪੀਲੀਆ) ਨਾਲ ਗ੍ਰਸਤ ਕਿਸੇ ਵਿਅਕਤੀ ਦੇ ਪਸੀਨੇ ਜਾਂ ਕੱਪੜੇ ਧੋਣ ਤੋਂ
- ਕਾਂਟੇ-ਚਮਚੇ, ਥਾਲੀਆਂ ਜਾਂ ਕੱਪ ਅਤੇ ਗਲਾਸਾਂ ਦੀ ਸਾਂਝੀ ਵਰਤੋਂ ਕਰਨ ਤੋਂ
- ਹੈਪੇਟਾਈਟਿਸ ਸੀ ਨਾਲ ਕਿਸੇ ਗ੍ਰਸਤ ਦੁਆਰਾ ਪਕਾਇਆ ਗਿਆ ਖਾਣਾ ਖਾਣ ਤੋਂ।
- ਨਿੱਛ ਮਾਰਨ, ਖੰਘਣ, ਚੁੰਮਣ ਜਾਂ ਗਲੇ ਲਗਾਉਣ ਤੋਂ ਸਵਿਮਿੰਗ ਪੂਲ ਤੋਂ
- ਜਾਨਵਰ ਜਾਂ ਕੀੜੇ (ਉਦਾਹਰਨ ਵਜੋਂ ਮੱਛਰ) ਦੇ ਕੱਟਣ ਤੋਂ

ਟੀਕਾਕਰਣ, ਖ਼ੂਨ ਚੜ੍ਹਾਉਣਾ ਸੁਰੱਖਿਅਤ ਹਨ, ਜਦੋਂ ਸਾਰੇ ਨਿਯਮਾਂ ਅਤੇ ਪ੍ਰਬੰਧਾਂ ਦੀ ਪਾਲਣਾ ਕੀਤੀ ਜਾਂਦੀ ਹੈ ।

**ਟੈਸਟ ਕਦੋਂ ਕਰਵਾਉਣਾ ਚਾਹੀਦਾ ਹੈ ?**

ਡਾਕਟਰ ਨੂੰ ਟੈਸਟ ਕਰਨ ਲਈ ਪੁੱਛੋ ਜੇਕਰ:

- ਤੁਸੀਂ ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਂਦੇ ਹੋ, ਭਾਵੇਂ ਇਹ ਕੇਵਲ ਇੱਕ ਵਾਰ ਜਾਂ ਬਹੁਤ ਸਮਾਂ ਪਹਿਲਾਂ ਕੀਤਾ ਹੋਵੇ। (ਨਸ਼ਿਆਂ ੱਚਿ ਜਿਮ ਲਈ ਵਰਤੋਂ ਕੀਤੇ ਸਟੀਰਾਇਡ ਵੀ ਸ਼ਾਮਲ ਹਨ)
- ਤੁਸੀਂ ਕਦੇ ਵੀ ਕਿਸੇ ਵੀ ਦੇਸ਼ ਵਿਚ ਕੈਦ ਵਿਚ ਰਹੇ ਹੋ।
- ਤੁਹਾਨੂੰ ਆਸਟ੍ਰੇਲੀਆ ਵਿਚ 1990 ਤੋਂ ਪਹਿਲਾਂ ਜਾਂ ਕਿਸੇ ਹੋਰ ਦੇਸ਼ ਵਿਚ ਉਨ੍ਹਾਂ ਦੁਆਰਾ ਹੈਪੇਟਾਈਟਸ ਸੀ (ਕਾਲਾ ਪੀਲੀਆ) ਲਈ ਟੈਸਟ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਕੋਈ ਅੰਗ ਲਗਾਇਆ (ਟਰਾਂਸਪਲਾਂਟ) ਜਾਂ ਖ਼ੂਨ ਚੜ੍ਹਾਇਆ ਗਿਆ ਸੀ
- ਤੁਹਾਡੇ ਕੋਈ ਟੈਟੂ ਜਾਂ ਚਮੜੀ ਵਿੰਨ੍ਹੀ ਹੋਈ ਹੈ। ਤੁਸੀਂ ਹੈਪੇਟਾਇਟਿਸ ਸੀ ਦੇ ਨਾਲ ਗ੍ਰਸਤ ਬਹੁਤ ਸਾਰੇ ਲੋਕਾਂ ਦੇ ਇੱਕ ਦੇਸ਼ ਵਾਲੀ ਥਾਂ ਜਿਵੇਂ ਕਿ ਅਫ਼ਰੀਕਾ, ਮੱਧ ਪੂਰਬ (ਵਿਸ਼ੇਸ਼ ਤੌਰ ’ਤੇ ਮਿਸਰ), ਮੈਡੀਟੇਰੀਅਨ, ਪੂਰਬੀ ਯੂਰਪ, ਅਤੇ ਦੱਖਣੀ ਏਸ਼ੀਆ ਤੋਂ ਆਏ ਹੋ।
- ਐੱਚ.ਆਈ.ਵੀ. ਹੈ ਅਤੇ ਪੁਰਸ਼ਾਂ ਨਾਲ ਸੈਕਸ ਕਰਦੇ ਹੋ
- ਤੁਹਾਡੇ ਜਿਨਸੀ ਸਾਥੀ ਨੂੰ ਹੈਪੇਟਾਈਟਿਸ ਸੀ ਹੈ।

**ਹੈਪੇਟਾਈਟਿਸ ਸੀ (ਕਾਲਾ ਪੀਲੀਆ) ਸਰੀਰ ਨੂੰ ਕੀ ਨੁਕਸਾਨ ਕਰਦਾ ਹੈ ?**

ਹੈਪੇਟਾਈਟਿਸ ਸੀ ਵਾਇਰਸ ਜਿਗਰ ਦੇ ਸੈੱਲਾਂ ਵਿਚ ਜਾਂਦਾ ਹੈ ਅਤੇ ਉਨ੍ਹਾਂ ਦੇ ਅੰਦਰ ਹੋਰ ਵੀ ਵਾਇਰਸ ਬਣਾਉਂਦਾ ਹੈ। ਸਰੀਰ ਜਿਗਰ ਦੇ ਸੈੱਲਾਂ ਵਿਚ ਮੌਜੂਦ ਵਾਇਰਸ ਨਾਲ ਲੜਦਾ ਹੈ, ਜਿਸ ਨਾਲ ਜਿਗਰ ਨੂੰ ਨੁਕਸਾਨ ਪਹੁੰਚ ਸਕਦਾ ਹੈ। ਕਈ ਵਾਰ ਤੁਹਾਡਾ ਸਰੀਰ ਸਾਰੇ ਵਾਇਰਸਾਂ ਨੂੰ ਆਪਣੇ-ਆਪ ਹਰਾ ਕੇ ਖਤਮ ਕਰ ਦਿੰਦਾ ਹੈ। ਇਹ ਤੁਹਾਡੇ ਦੁਆਰਾ ਵਾਇਰਸਗ੍ਰਸਤ ਹੋਣ ਦੇ ਛੇ ਮਹੀਨਿਆਂ ਦੇ ਅੰਦਰ-ਅੰਦਰ ਵਾਪਰ ਸਕਦਾ ਹੈ।

ਬਹੁਤੇ ਲੋਕਾਂ ਦਾ ਸਰੀਰ ਸਾਰੇ ਵਾਇਰਸ ਨੂੰ ਖ਼ਤਮ ਨਹੀਂ ਕਰ ਸਕਦਾ। ਕਈ ਸਾਲਾਂ ਵਿਚ, ਜਿਗਰ ਬਹੁਤ ਸਾਰੇ ਜ਼ਖਮਾਂ ਦੇ ਨਾਲ ਬਹੁਤ ਜ਼ਿਆਦਾ ਨੁਕਸਾਨਿਆ ਜਾਂਦਾ ਹੈ। ਇਸ ਨੂੰ ‘ਸੀਰੋਸਿਸ’ ਕਿਹਾ ਜਾਂਦਾ ਹੈ ਅਤੇ ਜੋ ਕਿ ਜਿਗਰ ਦੇ ਕੈਂਸਰ ਅਤੇ ਜਿਗਰ ਦੇ ਬੰਦ ਹੋਣ ਦਾ ਕਾਰਨ ਬਣ ਸਕਦਾ ਹੈ

**ਹੈਪੇਟਾਈਟਿਸ ਸੀ (ਕਾਲੇ ਪੀਲੀਏ) ਤੋਂ ਕਿਵੇਂ ਬਚ ਸਕਦੇ ਹਾਂ ?**

- ਨਸ਼ੇ ਜਾਂ ਦਵਾਈਆਂ ਨੂੰ ਲੈਣ ਲਈ ਸੂਈਆਂ, ਸਰਿੰਜਾਂ ਸਾਂਝੇ ਨਾ ਕਰੋ, ਟੈਟੂ ਅਤੇ ਸਰੀਰ ਵਿੰਨ੍ਹਣ ਵਾਲੇ ਸਟੂਡੀਓਜ਼ ਨੂੰ ਧਿਆਨ ਨਾਲ ਚੁਣੋ। ਮੰਨਜ਼ੂਰ-ਸ਼ੁਦਾ (ਲਾਇਸੈਂਸ) ਪੇਸ਼ੇਵਰ ਦੀ ਵਰਤੋਂ ਕਰੋ। ਯਕੀਨੀ ਬਣਾਓ ਕਿ ਉਹ ਹਰ ਗਾਹਕ ਲਈ ਨਵੀਂ ਸੂਈ ਅਤੇ ਸਿਆਹੀ ਦੀ ਵਰਤੋਂ ਕਰਦੇ ਹਨ।
- ਜੇ ਤੁਹਾਡੇ ਇੱਕ ਤੋਂ ਵੱਧ ਜਿਨਸੀ ਸਾਂਝੇਦਾਰ ਹਨ, ਤਾਂ ਹਮੇਸ਼ਾਂ ਕੰਡੋਮ ਦੀ ਵਰਤੋਂ ਕਰੋ, ਖ਼ਾਸ ਕਰਕੇ ਜੇ ਤੁਸੀਂ ਅਜਿਹੇ ਮਰਦ ਹੋ ਜੋ ਮਰਦਾਂ ਨਾਲ ਸੰਭੋਗ ਕਰਦਾ ਹੈ।
- ਉਨ੍ਹਾਂ ਦੇਸ਼ਾਂ ਵਿਚ ਖ਼ੂਨ ਜਾਂ ਖ਼ੂਨ ਦੇ ਉਤਪਾਦਾਂ ਤੋਂ ਬਚੋ, ਜੋ ਖ਼ੂਨ ਦਾਨਾ ਦੀ ਜਾਂਚ ਨਹੀਂ ਕਰਦੇ ਹਨ।
- ਦੰਦਾਂ ਦੇ ਬੁਰਸ਼ ਜਾਂ ਰੇਜ਼ਰ ਨੂੰ ਸਾਂਝਾ ਨਾ ਕਰੋ, ਜੇ ਤੁਸੀਂ ਸਿਹਤ ਸੰਭਾਲ ਕਰਮਚਾਰੀ (ਹੈਲਥ ਕੇਅਰ ਵਰਕਰ) ਹੋ, ਤਾਂ ਹਮੇਸ਼ਾਂ ਸਾਵਧਾਨੀ ਮਾਪਦੰਡਾਂ ਦੀ ਪਾਲਣਾ ਕਰੋ।
- ਭਾਵੇਂ ਤੁਹਾਨੂੰ ਅਤੀਤ ਵਿਚ ਹੈਪੇਟਾਈਟਸ-ਸੀ ਹੋ ਚੁੱਕਿਆ ਹੋਵੇ ਅਤੇ ਇਸ ਨੂੰ ਠੀਕ ਕਰਨ ਲਈ ਤੁਸੀਂ ਦਵਾਈ ਲਈ ਹੋਵੇ, ਫਿਰ ਵੀ ਤੁਹਾਨੂੰ ਦੁਬਾਰਾ ਹੈਪੇਟਾਈਟਸ ਸੀ ਹੋ ਸਕਦਾ ਹੈ।

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀਆਂ ਸਕੀਮਾਂ**

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਮੁੱਖ ਮੰਤਰੀ ਪੰਜਾਬ ਹੈਪੇਟਾਈਟਸ-ਸੀ ਰਿਲਿਫ਼ ਫੰਡ ਸਕੀਮ ਦੇ ਅਧੀਨ ਮਰੀਜ਼ਾਂ ਦਾ ਮੁਫ਼ਤ ਇਲਾਜ਼ ਕੀਤਾ ਜਾਂਦਾ ਹੈਂ। ਇਹ ਸਕੀਮ 28 ਜੁਲਾਈ 2016 ਨੂੰ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਅਧੀਨ ਮਰੀਜ਼ ਪੰਜਾਬ ਰਾਜ ਦਾ ਵਸਨੀਕ ਹੋਵੇ, ਜਿਸ ਦਾ 22 ਜ਼ਿਲ੍ਹਾ ਹਸਪਤਾਲਾਂ ਅਤੇ 3 ਮੈਡੀਕਲ ਕਾਲਜਾਂ ਵਿਚ ਇਲਾਜ ਕੀਤਾ ਜਾਂਦਾ ਹੈ। ਇਸ ਸਕੀਮ ਅਧੀਨ ਹੈਪਾਟਾਈਟਸ-ਸੀ ਦੀਆਂ ਦਵਾਈਆਂ ਵੀ ਮੁਫ਼ਤ ਉਪਲਬਧ ਕਰਾਈਆਂ ਜਾਂਦੀਆਂ ਹਨ। ਇਸੇ ਸਕੀਮ ਤਹਿਤ ਮਰੀਜ਼ਾਂ ਦਾ ਸਸਟੇਨ ਵਾਇਰਲ ਰਿਸਪੌਂਸ (ਐੱਸ.ਵੀ.ਆਰ) ਵੀ ਮੁਫਤ ਕੀਤਾ ਜਾਂਦਾ ਹੈ, ਜੋ ਕਿ ਹੈਪਾਟਾਈਟਸ-ਸੀ ਦਾ ਇਲਾਜ ਪੂਰਾ ਹੋਣ ਤੋਂ ਬਾਅਦ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੈਪੇਟਾਈਟਸ ਬੀ ਤੋਂ ਬਚਾਅ ਲਈ ਬੱਚੇ ਦੇ 10 ਹਫ਼ਤੇ ਤੇ ਸਰਕਾਰੀ ਸਬ ਸੈਂਟਰਾਂ ਵਿਚ ਮੁਫ਼ਤ ਟੀਕਾਕਰਨ ਕੀਤਾ ਜਾਂਦਾ ਹੈ।

# ਅਜੋਕੇ ਸਮੇਂ ਅੰਦਰ ਪੰਜਾਬੀ ਗਾਇਕੀ ਦਾ ਰੱਬ ਰਾਖਾ..


- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA




ਪਿਛਲੇ ਲੰਬੇ ਸਮੇਂ ਤੋਂ ਪੰਜਾਬੀ ਗਾਇਕੀ ਅੰਦਰ ਝੁੱਲ ਰਹੀ ਅਸ਼ਲੀਲਤਾ, ਹਥਿਆਰ ਅਤੇ ਬਦਮਾਸ਼ੀ ਦੀ ਹਨੇਰੀ ਨੇ ਸਾਰੇ ਹੱਦ ਬੰਨਿਆਂ ਨੂੰ ਪਾਰ ਕਰਦਿਆਂ ਨਵੀਆਂ ਨਿਵਾਣਾਂ ਨੂੰ ਛੂਹ ਲਿਐ। ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਸੱਭਿਆਚਾਰ ਦੀਆਂ ਕੋਮਲ ਸਿਨਫਾਂ ਦੇ ਤੌਰ ’ਤੇ ਜਾਣੀ ਜਾਂਦੀ ਪੰਜਾਬੀ ਗਾਇਕੀ ਦੀ ਸੇਵਾ ਕਰਨ ਦੇ ਨਾਂਅ ’ਤੇ ਮੇਵਾ ਛਕਣ ਵਾਲੇ ਕਲਾਕਾਰਾਂ ’ਤੇ ਪਰਚੇ ਦਰਜ ਹੋਣਗੇ ਅਤੇ ਉਨ੍ਹਾਂ ਦੀਆਂ ਮਾਰੀਆਂ ਯੱਭਲੀਆਂ ਸਮਾਜ ਵਿਚ ਬਿਖੇੜਾ ਖੜ੍ਹਾ ਕਰਨਗੀਆਂ। ਕਈ ਫੁਕਰਾਪੰਥੀ ਕਲਾਕਾਰਾਂ ਦੀ ਬਦੌਲਤ ਸਮੇਂ ਨੇ ਐਸਾ ਮੋੜਾ ਕੱਟਿਆ ਕਿ ਸਾਡੀ ਨੌਜਵਾਨੀ ਸਭ ਕੁਝ ਭੁੱਲ ਕੇ ਇਨ੍ਹਾਂ ਦੇ ਮਗਰ ਹੋ ਤੁਰੀ, ਕਿਸੇ ਨੇ ਇਹ ਵੇਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਹ ਰਸਤਾ ਕਿੱਧਰ ਨੂੰ ਜਾਦੈ ।

ਪੰਜਾਬੀ ਸੱਭਿਆਚਾਰ ਦੀ ਸੇਵਾ ਕਰਨ ਦੇ ਨਾਂ ’ਤੇ ਸਾਡੇ ਕਲਾਕਾਰਾਂ ਨੇ ਉਹ ਕੁੱਝ ਕਰ ਵਿਖਾਇਆ, ਜਿਸ ਨੂੰ ਸੋਚ ਅਤੇ ਵੇਖ ਚੰਗੇ ਇਨਸਾਨ ਦੀ ਰੂਹ ਤੱਕ ਕੰਬ ਜਾਵੇ। ਕਹਿਣ ਸੁਣਨ ਨੂੰ ਭਾਵੇਂ ਇਹ ਕਲਾਕਾਰ ਜਾਪਦੇ ਨੇ ਪਰ ਇਨ੍ਹਾਂ ਦੀਆਂ ਹਰਕਤਾਂ ਅਤੇ ਪਹਿਰਾਵੇ ਤੋਂ ਇਹ ਚੰਬਲ ਦੇ ਡਾਕੂਆਂ ਤੋਂ ਵੀ ਭੈੜੇ ਵਿਖਾਈ ਦਿੰਦੇ ਹਨ। ਵਰ੍ਹਿਆਂ ਤੋਂ ਸ਼ੁਰੂ ਹੋਈ ਇਹ ਅਨੋਖੀ ਕਹਾਣੀ ਅੱਜ ਵੀ ਰੁਕਣ ਦਾ ਨਾਮ ਨਹੀਂ ਲੈ ਰਹੀ। ਪਹਿਲਾਂ ਤੋਂ ਹੀ ਵਾਹਣੀ ਪਈ ਨੌਜਵਾਨੀ ਤੋਂ ਹੋਰ ਲਾਹਾ ਖੱਟਣ ਦੀ ਤਾਕ ਵਿਚ ਫੁਕਰਾਪੰਥੀ ਕਲਾਕਾਰਾਂ ਨੇ ਸਾਰੀਆਂ ਹੱਦਾਂ ਪਾਰ ਕਰਦਿਆਂ ਆਪਸ ਵਿਚ ਲੜਾਈ ਦੇ ਡਰਾਮੇ ਕਰ, ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ।



ਇੱਕ ਕਲਾਕਾਰ ਸ਼ਰੇਆਮ ਦੂਜੇ ਨੂੰ ਚੰਗਾ ਮੰਦਾ ਆਖ, ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਣ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ, ਸਮਾਂ ਬੰਨ੍ਹ ਕੇ ਲੜਾਈ ਲੜਨ ਦੇ ਨਾਂ ’ਤੇ ਇੱਕ ਦੂਜੇ ਦੀਆਂ ਕੁੜੀਆਂ-ਚਿੜੀਆਂ ਨੂੰ ਪੁਣਦੇ ਇਹ ਲੋਕ ਇਹ ਗੱਲ ਸਮਝਣ ਤੋਂ ਇਨਕਾਰੀ ਹਨ ਕਿ ਇਨ੍ਹਾਂ ਗੱਲਾਂ ਦਾ ਨੌਜਵਾਨੀ ’ਤੇ ਕੀ ਅਸਰ ਪਵੇਗਾ। ਲੰਘੇ ਦਿਨੀਂ ਕਈ ਫੁਕਰਾਪੰਥੀ ਕਲਾਕਾਰਾਂ ਵੱਲੋਂ ਸ਼ਰੇਆਮ ਵੀਡੀਓ ਬਣਾ ਕੇ ਇੱਕ ਦੂਜੇ ਨੂੰ ਵੇਖ ਲੈਣ ਦੀਆਂ ਧਮਕੀਆਂ ਦਿੱਤੀਆਂ ਅਤੇ ਫਿਰ ਕਬੱਡੀ ਕੱਪਾਂ ਉੱਤੇ ਦਰਸ਼ਕਾਂ ਦੀ ਵੱਡੀ ਗਿਣਤੀ ਨੂੰ ਆਪਣੇ ਹੱਕ ਵਿਚ ਭੁਗਤਾਉਣ ਦੇ ਲਈ ਰੱਜ ਕੇ ਊਲ-ਜਲੂਲ ਬੋਲਣ ਤੋਂ ਬਾਅਦ ਚੰਗੀਆਂ ਸੁਰਖੀਆਂ ਬਟੋਰੀਆਂ ਗਈਆਂ।

ਇੱਕ ਗੱਲ ਸਮਝ ਤੋਂ ਬਾਹਰ ਦੀ ਹੈ ਕਿ ਇਹ ਕਲਾਕਾਰ ਵਰਗ ਆਖਰ ਚਾਹੁੰਦਾ ਕੀ ਹੈ ? ਪੈਸੇ ਦੀ ਘਾਟ ਤਾਂ ਇਨ੍ਹਾਂ ਨੇ ਕਈ ਸਾਲਾਂ ਤੋਂ ਪੂਰੀ ਕਰ ਲਈ ਹੈ, ਰੱਜ ਕੇ ਪੈਸਾ ਕਮਾਉਣ ਤੋਂ ਬਾਅਦ ਵੀ ਇਹ ਲੋਕ ਬਾਂਦਰ ਟਪੂਸੀਆਂ ਮਾਰਨੋਂ ਬਾਜ ਕਿਉਂ ਨਹੀਂ ਆਉਂਦੇ। ਸ਼ਾਇਦ ਪੜ੍ਹਾਈ ਅਤੇ ਸੰਸਕਾਰਾਂ ਦੀ ਘਾਟ ਇਨ੍ਹਾਂ ਲੋਕਾਂ ਨੂੰ ਇੱਕ ਚੰਗਾ ’ਤੇ ਸਿਆਣਾ ਇਨਸਾਨ ਨਹੀਂ ਬਣਨ ਦੇ ਰਹੀ। ਸੋਚ ਕੇ ਵੇਖੀਏ ਤਾਂ ਕਲੇਜਾ ਮੂੰਹ ਨੂੰ ਆਉਂਦਾ ਹੈ ਕਿ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਲੋਕਾਂ ਦੇ ਉੱਤੇ ਆਪਣੀ ਹੀ ਮਾਂ ਬੋਲੀ ਦਾ ਨਿਰਾਦਰ ਕਰਨ ਦੇ ਦੋਸ਼ੀ ਹੋਣ ਦਾ ਮਾਮਲਾ ਦਰਜ ਹੋਵੇਗਾ। ਕਦੇ ਕਿਸੇ ਨੇ ਸੋਚਿਆ ਸੀ ਕਿ ਕਲਾਕਾਰਾਂ ਨੂੰ ਗੀਤਾਂ ਦੀ ਗਲਤ ਸ਼ਬਦਾਵਲੀ ਬਦਲੇ ਅਦਾਲਤਾਂ ਵੱਲੋਂ ਸੰਮਨ ਆਉਣਗੇ ਅਤੇ ਉਨ੍ਹਾਂ ਨੂੰ ਥਾਣੇ ਕਚਹਿਰੀਆਂ ਵਿਚ ਇਸ ਲਈ ਜਾਣਾ ਪਵੇਗਾ ਕਿ ਉਹ ਮਾਂ ਬੋਲੀ ਦੀ ਦੁਰਗ਼ਤ ਕਰ ਰਹੇ ਹਨ।

ਸਮਾਂ ਆਪਣਾ ਹਿਸਾਬ ਜ਼ਰੂਰ ਮੰਗਦਾ ਹੈ। ਇਕ ਪਾਸੇ ਜਿਹੋ-ਜਿਹਾ ਇਨ੍ਹਾਂ ਕਲਾਕਾਰਾਂ ਵੱਲੋਂ ਬੀਜਿਆ ਗਿਆ, ਉਹੋ-ਜਿਹੀ ਫਸਲ ਇਨ੍ਹਾਂ ਨੂੰ ਵੱਢਣੀ ਪੈ ਰਹੀ ਹੈ। ਕਦੇ ਸਰੋਤਿਆਂ ਵੱਲੋਂ ਸ਼ਰੇਆਮ ਸਟੇਜਾਂ ’ਤੇ ਚੜ੍ਹ ਕੇ ਇਨ੍ਹਾਂ ਕਲਾਕਾਰਾਂ ਦੀ ਬੇਇੱਜ਼ਤੀ ਕੀਤੀ ਜਾਂਦੀ ਹੈ ਅਤੇ ਕਦੇ ਕਿਸੇ ਮਹਿਲਾ ਕਲਾਕਾਰ ਦਾ ਹੱਥ ਫੜ ਕੇ ਉਸ ਨੂੰ ਧੂਹ ਲਿਆ ਜਾਂਦਾ ਹੈ। ਕਿਉਂ ਹੋ ਰਿਹਾ ਇਹ ਸਭ ਕੁਝ, ਕਿਸ ਦੀ ਜ਼ਿੰਮੇਵਾਰੀ ਬਣਦੀ ਹੈ, ਇਹ ਸਭ ਕੁਝ ਨੌਜਵਾਨਾਂ ਨੂੰ ਕਿੱਥੋਂ ਮਿਲਿਆ। ਸਾਡਾ ਵਿਰਸਾ ਅਤੇ ਇਤਿਹਾਸ ਅਜਿਹਾ ਨਹੀਂ ਸੀ। ਅਸੀਂ ਜਾਣ ਬੁਝਕੇ ਚੰਦ ਛਿੱਲੜਾਂ ਦੀ ਖਾਤਰ ਨੌਜਵਾਨੀ ਨੂੰ ਗਲਤ ਰਸਤੇ ’ਤੇ ਤੋਰਿਆ, ਉਸ ਦਾ ਨਤੀਜਾ ਤਾਂ ਸਾਨੂੰ ਮਿਲਣਾ ਹੀ ਸੀ। ਪਿੰਡਾਂ ਵਿਚੋਂ ਕੁੜੀਆਂ ਚੁੱਕਣ ਤੋਂ ਲੈ ਕੇ ਬਦਮਾਸ਼ੀ ਦੇ ਚਿੱਠਿਆਂ, ਆਸ਼ਕੀ, ਨਸ਼ਾ, ਅਜਿਹਾ ਕੁਝ ਨਹੀਂ ਬਚਿਆ, ਜੋ ਇਨ੍ਹਾਂ ਕਲਾਕਾਰਾਂ ਵੱਲੋਂ ਨੌਜਵਾਨੀ ਅੱਗੇ ਪਰੋਸਿਆ ਨਾ ਗਿਆ ਹੋਵੇ, ਜਿਸ ਦਾ ਅਸਰ ਸੁਭਾਵਿਕ ਹੈ।

ਬੁੱਧੀਜੀਵੀ ਵਰਗ ਅਤੇ ਮਾਂ ਬੋਲੀ ਦੇ ਸਰਵਣ ਪੁੱਤਰ ਇਸ ਗੱਲ ਦੀ ਚਿੰਤਾ ਜ਼ਰੂਰ ਕਰਦੇ ਨੇ ਕਿ ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਅੱਜ ਫੁਕਰਾਪੰਥੀ ਕਲਾਕਾਰਾਂ ਦੇ ਦੁਆਲੇ ਇਕੱਠਾ ਹੋ ਰਿਹੈ, ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸਾਡੇ ਕਲਾਕਾਰ ਵਰਗ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਨੌਜਵਾਨੀ ਦੇ ਸਿਰ ਤੋਂ ਆਪਣੇ ਐਸ਼ੋ-ਆਰਾਮ ਦੇ ਸਾਧਨ ਖਾਤਰ ਪੈਸੇ ਕਮਾ ਕੇ ਇਸ ਸਾਰੇ ਮਾਮਲੇ ਤੋਂ ਬਰੀ ਨਹੀਂ ਹੋ ਸਕਦੇ। ਇਸ ਦਾ ਜਵਾਬ ਤਾਂ ਉਨ੍ਹਾਂ ਨੂੰ ਵੀ ਦੇਣਾ ਹੀ ਪਵੇਗਾ ਪਰ ਉਦੋਂ ਤੱਕ ਸਾਡਾ ਸਮਾਜ, ਨੌਜਵਾਨੀ ਅਤੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਤਹਿਸ ਹੋ ਚੁੱਕੀਆਂ ਹੋਣਗੀਆਂ, ਸਾਡਾ ਵਿਰਸਾ ਅਤੇ ਸੱਭਿਆਚਾਰ ਤਬਾਹ ਹੋ ਚੁੱਕਿਆ ਹੋਵੇਗਾ। ਬਿਨਾਂ ਸ਼ੱਕ ਇਸ ਸਮੇਂ ਪੰਜਾਬੀ ਗਇਕੀ ਚੌਰਾਹੇ ’ਤੇ ਖੜ੍ਹੀ ਨਜ਼ਰ ਆਉਂਦੀ ਹੈ, ਕਿੱਧਰ ਜਾਵੇ ਕੁਝ ਵੀ ਸਮਝ ਨਹੀਂ ਪੈਂਦਾ, ਕਿਉਂਕਿ ਇਸ ਦੇ ਆਪਣੇ ਹੀ ਇਸ ਦੇ ਰਕੀਬ ਬਣ ਚੁੱਕੇ ਨਜ਼ਰ ਆਉਂਦੇ ਹਨ।

# ਸਿੱਖੀ ਸਿੱਖਿਆ ਗੁਰ ਵੀਚਾਰਿ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਉਪਰੋਕਤ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ। ਇਸ ਮਹਾਂਵਾਕ ਦੇ ਸ਼ਬਦੀ ਅਰਥ ਹਨ ਕਿ ਸਿੱਖਣਾ, ਭਾਵ ਸਿੱਖ ਉਹ ਹੈ, ਜਿਹੜਾ ਸਿੱਖਿਆਰਥੀ ਹੈ। ਸਿੱਖਦੇ ਰਹਿਣਾ ਹੀ ਸਿੱਖੀ ਜੀਵਨ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੀ ਸਥਾਪਤੀ ਨੂੰ ਸਦੀਆਂ ਹੀ ਬੀਤ ਗਈਆਂ, ਅਜੇ ਇਸ ਵਿਸ਼ੇ ਬਾਰੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਸਮਾਜ ਤੇ ਵਰਤਮਾਨ ਸਮਾਜ ਵਿਚ ਕੋਈ ਅੰਤਰ ਨਹੀਂ ਆਇਆ। ਕਿਉਂਕਿ ਅਸੀਂ ਧਰਮ ਨੂੰ ਅੱਜ ਤੱਕ ਸਮਝ ਹੀ ਨਹੀਂ ਸਕੇ। ਅਸੀਂ ਗੁਰਬਾਣੀ ਪੜ੍ਹਦੇ ਹਾਂ, ਗੁਰੂ ਘਰ ਵੀ ਜਾਂਦੇ ਹਾਂ, ਕੀਰਤਨ ਤੇ ਕਥਾ ਵੀ ਸੁਣਦੇ ਹਾਂ, ਪਰ ਸਿੱਖਦੇ ਕੁਝ ਵੀ ਨਹੀਂ। ਭਾਵ ਗੁਰਬਾਣੀ ਮਨੁੱਖ ਨੂੰ ਸਿੱਖਿਆ ਕੀ ਦਿੰਦੀ ਹੈ। ਮਨੁੱਖ ਨੇ ਕਰਨਾ ਕੀ ਹੈ ਅਤੇ ਮਨੁੱਖ ਕਰ ਕੀ ਰਿਹਾ ਹੈ। ਇਹ ਦਸ਼ਾ ਇਕ ਸਾਧਾਰਨ ਸਿੱਖ ਦੀ ਹੀ ਨਹੀਂ, ਸਗੋਂ ਸਾਡੇ ਪ੍ਰਚਾਰਕਾਂ, ਧਾਰਮਿਕ ਆਗੂਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਵੀ ਇਹੋ ਦਸ਼ਾ ਹੈ।



ਕੇਸ ਦਾੜ੍ਹੀ ਰੱਖਣ ਅਤੇ ਅੰਮ੍ਰਿਤ ਛਕਣ ਨਾਲ ਕੋਈ ਮਨੁੱਖ ਧਰਮੀ ਨਹੀਂ ਬਣ ਜਾਂਦਾ, ਪਰ ਅਸੀਂ ਇਸ ਨੂੰ ਹੀ ਧਰਮ ਸਮਝਿਆ। ਇਹ ਤਾਂ ਸਿੱਖੀ ਸਰੂਪ ਹੈ ਅਤੇ ਜਿੰਨੀ ਦੇਰ ਸਿੱਖੀ ਕਿਰਦਾਰ ਦਾ ਮਨੁੱਖ ਨਹੀਂ ਬਣ ਸਕਦਾ ਹੈ। ਤੁਸੀਂ ਕੀ ਹੋ? ਤੁਹਾਡੇ ਪਾਸ ਕੀ ਹੈ? ਇਹ ਜੀਵਨ ਦੇ ਦੋ ਪਹਿਲੂ ਹਨ। ਅਸੀਂ ਜਾਇਦਾਦ ਬਣਾਉਣ, ਡਾਕਟਰ ਬਣਨ, ਅਧਿਆਪਕ ਬਣਨ ਦਾ ਯਤਨ ਕਰਦੇ ਹਾਂ ਅਤੇ ਬੱਚਿਆਂ ਨੂੰ ਇਸ ਦੀ ਸਿੱਖਿਆ ਦਿੰਦੇ ਹਾਂ, ਪਰ ਅਸੀਂ ਇਹ ਕਦੀ ਨਹੀਂ ਸੋਚਿਆ ਕਿ ਅਸੀਂ ਚੰਗੇ ਮਨੁੱਖ ਵੀ ਬਣਨਾ ਹੈ। ਇਕ ਚੰਗਾ ਡਾਕਟਰ ਬਣਨਾ, ਇਕ ਚੰਗਾ ਲੇਖਕ ਬਣਨਾ, ਇਕ ਚੰਗਾ ਅਧਿਆਪਕ ਬਣਨਾ ਵੱਖਰੀ ਗੱਲ ਹੈ ਅਤੇ ਇਕ ਚੰਗਾ ਮਨੁੱਖ ਬਣਨਾ ਦੂਜੀ ਗੱਲ ਹੈ। ਅੱਜ ਸਮਾਜ ਦੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸੱਭਿਆਚਾਰ, ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਭੁੱਲਦੇ ਜਾ ਰਹੇ ਹਾਂ। ਅੱਜ ਦਾ ਮਨੁੱਖ ਏਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਬਿਨਾਂ ਕੁਝ ਵੀ ਹੋਰ ਨਜ਼ਰ ਨਹੀਂ ਆਉਂਦਾ। ਅੱਜ ਅਸੀਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁੱਲ ਗਏ ਹਾਂ। ਕਦੀ ਸਮਾਂ ਹੁੰਦਾ ਸੀ ਕਿ ਪਰਿਵਾਰਕ ਰਿਸ਼ਤਿਆਂ ਵਿਚ ਕਿੰਨਾ ਨਿੱਘ ਹੁੰਦਾ ਸੀ, ਭਾਵ ਚਾਚਾ, ਤਾਇਆ, ਮਾਮਾ, ਫੁੱਫੜ ਆਦਿ ਸ਼ਬਦ ਮਨੁੱਖੀ ਮਨ ਨੂੰ ਕਿੰਨਾ ਸਕੂਨ ਦਿੰਦੇ ਸੀ। ਪਰ ਅੱਜਕੱਲ੍ਹ ਆਂਟੀ ਤੇ ਅੰਕਲ ਹੀ ਰਹਿ ਗਿਆ ਹੈ। ਅਸੀਂ ਲੇਖ ਦਾ ਆਰੰਭ ਸਿੱਖਣ ਤੋਂ ਕੀਤਾ ਸੀ। ਸਿੱਖ ਧਰਮ ਦਾ ਆਰੰਭ ਵੀ ਸਿੱਖਣ ਤੋਂ ਹੀ ਹੋਇਆ ਸੀ। ਉਸ ਵੇਲੇ ਸਮਾਜ ਵਿਚ ਬਹੁਤ ਉਣਤਾਈਆਂ ਸਨ, ਭਾਵ ਮਨੁੱਖ, ਮਨੁੱਖ ਨੂੰ ਮਨੁੱਖ ਨਹੀਂ ਸਮਝਦਾ ਸੀ। ਉਚ-ਨੀਚ, ਜਾਤਾਂ-ਪਾਤਾਂ, ਅਮੀਰੀ-ਗਰੀਬੀ ਦਾ ਬੋਲਬਾਲਾ ਸੀ। ਰਾਜੇ ਹੀ ਆਪਣੀ ਪਰਜਾ ਉੱਤੇ ਅਕਹਿ ਅਤੇ ਅਸਹਿ ਜ਼ੁਲਮ ਕਰਦੇ ਸਨ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਰਾਜੇ ਸ਼ੀਂਹ ਮੁਕੱਦਮ ਕੁੱਤੇ॥"

ਧਰਮ ਦਾ ਵੀ ਇਹੋ ਹਾਲ ਸੀ। ਇਸਤਰੀ ਜਾਤੀ ਦੀ ਦਸ਼ਾ ਵੀ ਬਿਆਨ ਤੋਂ ਬਾਹਰ ਸੀ, ਜਿਸ ਕਰਕੇ ਗੁਰੂ ਜੀ ਨੇ ਫੁਰਮਾਇਆ ਸੀ: "ਸੋ ਕਿਉਂ ਮੰਦਾ ਆਖੀਐ, ਜਿਤ ਜੰਮਹਿ ਰਜਾਨ॥"

ਗੁਰਬਾਣੀ ਪੜ੍ਹਨਾ, ਸਿਮਰਨ ਕਰਨਾ ਅਤੇ ਅੰਮ੍ਰਿਤ ਛਕਣਾ, ਇਹ ਚੰਗੇ ਮਨੁੱਖ ਬਣਨ ਦੇ ਸਾਧਨ ਹਨ, ਨਾ ਕਿ ਮਨੋਰਥ। ਸਿੱਖ ਧਰਮ ਅਤੇ ਗੁਰਬਾਣੀ ਮਨੁੱਖ ਨੂੰ ਪੂਰਨ ਮਨੁੱਖ ਬਣਨ ਦੀ ਸਿੱਖਿਆ ਦਿੰਦੀ ਹੈ। ਸਿੱਖ ਧਰਮ ਤੋਂ ਪਹਿਲੇ ਵੀ ਧਰਮ ਤਾਂ ਸਨ ਪਰ ਉਹ ਮਨੁੱਖਤਾ 'ਤੇ ਪੂਰੇ ਨਹੀਂ ਉਤਰਦੇ ਸਨ, ਜਿਵੇਂ ਨਿਰਧਨਾਂ ਨੂੰ ਤਾਂ ਮੰਦਰਾਂ ਵਿਚ ਜਾਣ ਦੀ ਵੀ ਆਗਿਆ ਨਹੀਂ ਸੀ ਅਤੇ ਅਮੀਰ ਗਰੀਬਾਂ 'ਤੇ ਜ਼ੁਲਮ ਕਰਦੇ ਸਨ। ਗੁਰੂ ਜੀ ਨੇ ਸਿੱਖ ਧਰਮ ਦੀ ਸਥਾਪਨਾ ਹੀ ਇਸ ਲਈ ਕੀਤੀ ਸੀ ਕਿ ਮਨੁੱਖ ਪੂਰਨ ਮਨੁੱਖ ਬਣੇ ਅਤੇ ਸੇਵਾ ਸਿਮਰਨ ਦਾ ਧਾਰਨੀ ਬਣੇ। ਗੁਰੂ ਜੀ ਨੇ ਮਨੁੱਖ ਨੂੰ ਚੰਗਾ ਮਨੁੱਖ ਬਣਕੇ ਸ਼ੁੱਭ ਕੰਮ ਕਰਨ 'ਤੇ ਜ਼ੋਰ ਦਿਤਾ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁੱਭ ਅਮਲਾਂ ਬਾਝੋਂ ਦੋਨੋ ਰੋਇ॥"

ਸੋ ਅੰਤ ਵਿਚ ਜਦੋਂ ਤੱਕ ਮਨੁੱਖ ਦੇ ਸੁਭਾਅ ਵਿਚ ਬੇਨੇਮੀ ਤੇ ਵਹਿਸ਼ੀਪੁਣੇ ਦੀ ਲਕੀਰ ਮਿਟ ਨਹੀਂ ਜਾਂਦੀ, ਭਾਵ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ, ਤਾਂ ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਦੂਸਰੀ ਗੱਲ, ਜਦੋਂ ਤੱਕ ਅਸੀਂ ਗੁਰਬਾਣੀ ਦੇ ਅਨੁਸਰ ਭਾਵ ਗੁਰੂ ਜੀ ਦੀ ਸਿੱਖਿਆ, ਉਪਦੇਸ਼ਾਂ ਤੇ ਸਿਧਾਂਤਾਂ ਦੇ ਅਨੁਸਾਰ, ਆਪਣਾ ਜੀਵਨ ਨਹੀਂ ਗੁਜ਼ਾਰਦੇ, ਮਨੁੱਖ ਜੀਵਨ ਸੁੱਖਮਈ, ਸ਼ਾਂਤ, ਸੰਤੁਸ਼ਟ ਤੇ ਖੁਸ਼ਹਾਲ ਨਹੀਂ ਹੋ ਸਕਦਾ। ਤੀਜੀ ਗੱਲ, ਚੰਗੇ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ, ਜਦੋਂ ਤੱਕ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਭਾਵ ਧਾਰਮਿਕ ਆਗੂ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਅਤੇ ਅਧਿਆਪਕ ਚੰਗੇ, ਸੱਚੇ ਤੇ ਸੁੱਚੇ ਕਿਰਦਾਰ ਵਾਲੇ ਨਹੀਂ ਹੁੰਦੇ।

ਮਨੁੱਖ ਨੇ ਸਿੱਖਣਾ ਕੀ ਹੈ? ਸਾਰੀ ਉਮਰ ਮਨੁੱਖ ਸਿੱਖਦਾ ਹੈ, ਜਿਹੜਾ ਸਿੱਖਣਾ ਚਾਹੁੰਦਾ ਹੈ, ਕਿਉਂਕਿ ਗਿਆਨ ਕਦੀ ਵੀ ਸਮਾਪਤ ਨਹੀਂ ਹੁੰਦੀ।


ਮਨੁੱਖ ਘੱਟੋ-ਘੱਟ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੇ ਅਤੇ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦਾ ਧਾਰਨੀ ਬਣੇ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ "ਹੱਕ ਪਰਾਇਆ, ਨਾਨਕਾ ਉਸ ਸੂਅਰ ਉਸ ਗਾਇ॥" ਗਲਤ ਕੰਮ ਨਾ ਕਰੋ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨਾ ਕੀਚੈ ਜਿਤ ਅੰਤ ਪਛੋਤਾਈਐ॥" ਗੁਰੂ ਜੀ ਨੇ ਸਿੱਖ ਧਰਮ ਵਿਚ ਨਿਮਰਤਾ ਨੂੰ ਬਹੁਤ ਮਹਾਨਤਾ ਦਿੱਤੀ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥" ਜੇ ਤੁਸੀਂ ਬੰਦੇ ਨਹੀਂ ਬਣ ਸਕਦੇ, ਤਾਂ ਪਸ਼ੂ ਵੀ ਨਾ ਬਣੋ, ਭਾਵ ਜੇ ਤੁਸੀਂ ਕਿਸੇ ਦਾ ਭਲਾ ਨਹੀਂ ਕਰ ਸਕਦੇ, ਤਾਂ ਬੁਰਾ ਵੀ ਨਾ ਕਰੋ। ਪਰਉਪਕਾਰੀ, ਕਲਿਆਣਕਾਰੀ ਅਤੇ ਮਾਨਵਵਾਦੀ ਬਣੋ। ਭੈੜੀ ਸੰਗਤ ਤੋਂ ਬਚੋ, ਕਿਉਂਕਿ ਜੈਸੀ ਸੰਗਤ ਵੈਸੀ ਰੰਗਤ।

ਸਿੱਖ ਕੌਮ ਜਾਂ ਸਿੱਖ ਭਾਈਚਾਰੇ ਲਈ ਸਭ ਤੋਂ ਜ਼ਰੂਰੀ ਗੱਲ ਸਿੱਖਣ ਵਾਲੀ ਇਹ ਹੈ ਕਿ ਕੌਮ ਨੂੰ ਏਕਤਾ ਦੀ ਲੋੜ ਹੈ। ਕੌਮ ਦੀ ਵਰਤਮਾਨ ਦਸ਼ਾ ਬਹੁਤ ਚਿੰਤਾ ਦਾ ਵਿਸ਼ਾ ਹੈ। ਪ੍ਰਾਪਤੀ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਵਾਸਤੇ ਅਨੁਸ਼ਾਸਨ ਤੇ ਏਕਤਾ ਦੀ ਲੋੜ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਹੋਏ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰ ਨਾਮੈ ਕੇ ਹੋਵਹੁ ਜੋੜੀ, ਗੁਰ ਮੁਖਿ ਬੈਸਹੁ ਸਫਾ ਵਿਛਾਇ॥੧॥
ਜਬ ਲਗ ਦੁਨੀਆਂ ਰਹੀਏ, ਨਾਨਕ ਕਿਛ ਸੁਣੀਐ, ਕਿਛੁ ਕਹੀਐ"॥

# ਵਡੇਰੀ ਉਮਰ 'ਚ ਵੀ ਜਿਊਣ ਦਾ ਉਤਸ਼ਾਹ ਨਾ ਘਟਣ ਦਿਓ

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ
ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ
ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



ਉਮਰ ਦਾ ਵਧਣਾ ਕੁਦਰਤ ਦਾ ਅਟੱਲ ਨਿਯਮ ਹੈ। ਹਰ ਮਨੁੱਖ ਬਚਪਨ, ਜਵਾਨੀ ਅਤੇ ਫਿਰ ਬੁਢਾਪੇ ਦੇ ਪੜਾਵਾਂ ਵਿਚੋਂ ਲੰਘਦਾ ਹੈ। ਅਕਸਰ ਇਹ ਧਾਰਨਾ ਬਣ ਜਾਂਦੀ ਹੈ ਕਿ ਬੁਢਾਪਾ ਸਿਰਫ਼ ਕਮਜ਼ੋਰੀ, ਇਕੱਲੇਪਨ ਅਤੇ ਨਿਰਾਸ਼ਾ ਦਾ ਸਮਾਂ ਹੈ। ਪਰ ਅਸਲ ਵਿਚ ਵਡੇਰੀ ਉਮਰ ਜੀਵਨ ਦਾ ਉਹ ਪੜਾਅ ਹੈ, ਜਿੱਥੇ ਤਜ਼ਰਬਾ, ਸਿਆਣਪ ਅਤੇ ਜੀਵਨ ਦੀ ਡੂੰਘੀ ਸਮਝ ਮਨੁੱਖ ਦੀ ਸਭ ਤੋਂ ਵੱਡੀ ਪੂੰਜੀ ਬਣ ਜਾਂਦੀ ਹੈ। ਜੇਕਰ ਸਕਾਰਾਤਮਕ ਸੋਚ ਅਤੇ ਜਿਊਣ ਦਾ ਉਤਸ਼ਾਹ ਬਣਿਆ ਰਹੇ, ਤਾਂ ਇਹ ਸਮਾਂ ਵੀ ਬਹੁਤ ਸੁਖਦ ਅਤੇ ਅਰਥਪੂਰਨ ਹੋ ਸਕਦਾ ਹੈ।

ਅੱਜ ਡਾਕਟਰੀ ਵਿਗਿਆਨ ਅਤੇ ਬਿਹਤਰ ਸਿਹਤ ਸਹੂਲਤਾਂ ਕਾਰਨ ਲੋਕ ਪਹਿਲਾਂ ਨਾਲੋਂ ਵੱਧ ਸਮੇਂ ਤੱਕ ਤੰਦਰੁਸਤ ਜੀਵਨ ਬਤੀਤ ਕਰ ਰਹੇ ਹਨ। ਇਸ ਲਈ ਇਹ ਸੋਚ ਬਦਲਣ ਦੀ ਲੋੜ ਹੈ ਕਿ ਵਡੇਰੀ ਉਮਰ ਦਾ ਮਤਲਬ ਸਿਰਫ਼ ਆਰਾਮ ਕਰਨਾ ਜਾਂ ਆਪਣੇ ਆਪ ਨੂੰ ਸਮਾਜ ਤੋਂ ਵੱਖ ਕਰ ਲੈਣਾ ਹੈ। ਇਸ ਦੀ ਬਜਾਏ, ਇਹ ਸਮਾਂ ਆਪਣੇ ਸ਼ੌਕ ਪੂਰੇ ਕਰਨ, ਨਵੀਆਂ ਚੀਜ਼ਾਂ ਸਿੱਖਣ, ਸਮਾਜ ਸੇਵਾ ਕਰਨ ਅਤੇ ਪਰਿਵਾਰ ਨਾਲ ਖੁਸ਼ੀਆਂ ਸਾਂਝੀਆਂ ਕਰਨ ਦਾ ਵੀ ਹੋ ਸਕਦਾ ਹੈ।

ਸਿਹਤਮੰਦ ਜੀਵਨ-ਸ਼ੈਲੀ ਇਸ ਉਤਸ਼ਾਹ ਨੂੰ ਕਾਇਮ ਰੱਖਣ ਦੀ ਕੁੰਜੀ ਹੈ। ਸੰਤੁਲਿਤ ਭੋਜਨ, ਨਿਯਮਿਤ ਸੈਰ, ਹਲਕੀ ਕਸਰਤ, ਯੋਗ ਅਤੇ ਧਿਆਨ ਨਾ ਸਿਰਫ਼ ਸਰੀਰ ਨੂੰ ਤੰਦਰੁਸਤ ਰੱਖਦੇ ਹਨ, ਸਗੋਂ ਮਨ ਨੂੰ ਵੀ ਸ਼ਾਂਤ ਅਤੇ ਪ੍ਰਸੰਨ ਬਣਾਉਂਦੇ ਹਨ। ਇਸ ਦੇ ਨਾਲ-ਨਾਲ ਨਿਯਮਿਤ ਸਿਹਤ ਜਾਂਚ ਵੀ ਬਹੁਤ ਜ਼ਰੂਰੀ ਹੈ, ਤਾਂ ਜੋ ਬਿਮਾਰੀਆਂ ਦਾ ਸਮੇਂ ਸਿਰ ਪਤਾ ਲੱਗ ਸਕੇ।

ਮਾਨਸਿਕ ਤੰਦਰੁਸਤੀ ਵੀ ਉਨੀ ਹੀ ਮਹੱਤਵਪੂਰਨ ਹੈ। ਕਿਤਾਬਾਂ ਪੜ੍ਹਨਾ, ਅਖ਼ਬਾਰਾਂ ਅਤੇ ਰਸਾਲਿਆਂ ਨਾਲ ਜੁੜੇ ਰਹਿਣਾ, ਨਵੀਆਂ ਭਾਸ਼ਾਵਾਂ ਜਾਂ ਕੰਪਿਊਟਰ ਦੀ ਜਾਣਕਾਰੀ ਸਿੱਖਣਾ, ਸੰਗੀਤ ਸੁਣਨਾ, ਬਾਗਬਾਨੀ ਕਰਨਾ ਜਾਂ ਧਾਰਮਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿਚ ਭਾਗ ਲੈਣਾ ਮਨ ਨੂੰ ਸਰਗਰਮ ਰੱਖਦਾ ਹੈ। ਨਵੀਆਂ ਚੀਜ਼ਾਂ ਸਿੱਖਣ ਨਾਲ ਦਿਮਾਗ ਦੀ ਕਾਰਗੁਜ਼ਾਰੀ ਵੀ ਬਿਹਤਰ ਰਹਿੰਦੀ ਹੈ।



ਪਰਿਵਾਰ ਦਾ ਸਹਿਯੋਗ ਵੀ ਬਹੁਤ ਮਹੱਤਵਪੂਰਨ ਹੈ। ਬਜ਼ੁਰਗਾਂ ਨੂੰ ਸਿਰਫ਼ ਦੇਖਭਾਲ ਦੀ ਨਹੀਂ, ਸਗੋਂ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਲੋੜ ਹੁੰਦੀ ਹੈ। ਉਨ੍ਹਾਂ ਦੇ ਤਜ਼ਰਬਿਆਂ ਨੂੰ ਸੁਣਨਾ, ਉਨ੍ਹਾਂ ਨਾਲ ਸਮਾਂ ਬਿਤਾਉਣਾ ਅਤੇ ਪਰਿਵਾਰਕ ਫ਼ੈਸਲਿਆਂ ਵਿਚ ਉਨ੍ਹਾਂ ਦੀ ਰਾਇ ਲੈਣਾ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਵਧਾਉਂਦਾ ਹੈ। ਇਸੇ ਤਰ੍ਹਾਂ ਬਜ਼ੁਰਗਾਂ ਨੂੰ ਵੀ ਨਵੀਂ ਪੀੜ੍ਹੀ ਦੀ ਸੋਚ ਨੂੰ ਸਮਝਣ ਅਤੇ ਬਦਲਦੇ ਸਮੇਂ ਨਾਲ ਖੁਦ ਨੂੰ ਜੋੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਅੱਜ ਬਹੁਤ ਸਾਰੇ ਸੀਨੀਅਰ ਨਾਗਰਿਕ ਸਮਾਜ ਸੇਵਾ, ਪੜ੍ਹਾਉਣ, ਲਿਖਣ, ਸਲਾਹਕਾਰ ਵਜੋਂ ਕੰਮ ਕਰਨ ਅਤੇ ਸੇਵਾ ਸੰਸਥਾਵਾਂ ਨਾਲ ਜੁੜ ਕੇ ਆਪਣਾ ਕੀਮਤੀ ਯੋਗਦਾਨ ਦੇ ਰਹੇ ਹਨ। ਉਨ੍ਹਾਂ ਦਾ ਤਜ਼ਰਬਾ ਸਮਾਜ ਲਈ ਇੱਕ ਅਨਮੋਲ ਧਰੋਹਰ ਹੈ।

ਇਕੱਲਾਪਣ ਵਡੇਰੀ ਉਮਰ ਦੀ ਇੱਕ ਵੱਡੀ ਸਮੱਸਿਆ ਬਣ ਸਕਦਾ ਹੈ। ਇਸ ਤੋਂ ਬਚਣ ਲਈ ਦੋਸਤਾਂ ਨਾਲ ਮਿਲਣਾ, ਸਮਾਜਿਕ ਸਮਾਗਮਾਂ ਵਿਚ ਹਿੱਸਾ ਲੈਣਾ, ਸੀਨੀਅਰ ਸਿਟੀਜ਼ਨ ਕਲੱਬਾਂ ਨਾਲ ਜੁੜਨਾ ਅਤੇ ਆਪਣੇ ਸ਼ੌਕਾਂ ਨੂੰ ਜਾਰੀ ਰੱਖਣਾ ਲਾਭਦਾਇਕ ਹੈ। ਸਕਾਰਾਤਮਕ ਸੋਚ ਅਤੇ ਸਰਗਰਮ ਜੀਵਨ-ਸ਼ੈਲੀ ਇਕੱਲੇਪਣ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀ ਹੈ।

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਮਰ ਸਿਰਫ਼ ਇੱਕ ਅੰਕ ਹੈ। ਜਦੋਂ ਮਨ ਉਤਸ਼ਾਹੀ ਹੋਵੇ, ਸੋਚ ਸਕਾਰਾਤਮਕ ਹੋਵੇ ਅਤੇ ਜੀਵਨ ਪ੍ਰਤੀ ਉਮੀਦ ਬਣੀ ਰਹੇ, ਤਾਂ ਹਰ ਦਿਨ ਨਵੀਂ ਸ਼ੁਰੂਆਤ ਬਣ ਸਕਦਾ ਹੈ। ਵਡੇਰੀ ਉਮਰ ਵਿਚ ਵੀ ਸੁਪਨੇ ਦੇਖੇ ਜਾ ਸਕਦੇ ਹਨ, ਨਵੇਂ ਦੋਸਤ ਬਣਾਏ ਜਾ ਸਕਦੇ ਹਨ ਅਤੇ ਸਮਾਜ ਲਈ ਅਰਥਪੂਰਨ ਕੰਮ ਕੀਤੇ ਜਾ ਸਕਦੇ ਹਨ।

ਅੰਤ ਵਿਚ, ਵਡੇਰੀ ਉਮਰ ਜੀਵਨ ਦਾ ਅੰਤ ਨਹੀਂ, ਸਗੋਂ ਤਜ਼ਰਬੇ, ਸਿਆਣਪ ਅਤੇ ਸੰਤੁਲਨ ਨਾਲ ਭਰਿਆ ਇੱਕ ਨਵਾਂ ਅਧਿਆਇ ਹੈ। ਜੇ ਅਸੀਂ ਆਪਣੀ ਸਿਹਤ ਦਾ ਧਿਆਨ ਰੱਖੀਏ, ਪਰਿਵਾਰ ਅਤੇ ਸਮਾਜ ਨਾਲ ਜੁੜੇ ਰਹੀਏ, ਨਵੀਆਂ ਚੀਜ਼ਾਂ ਸਿੱਖਦੇ ਰਹੀਏ ਅਤੇ ਜੀਵਨ ਪ੍ਰਤੀ ਆਸ ਅਤੇ ਉਤਸ਼ਾਹ ਨੂੰ ਕਾਇਮ ਰੱਖੀਏ, ਤਾਂ ਬੁਢਾਪਾ ਵੀ ਖ਼ੁਸ਼ਹਾਲ, ਸਰਗਰਮ ਅਤੇ ਪ੍ਰੇਰਣਾਦਾਇਕ ਬਣ ਸਕਦਾ ਹੈ। ਜ਼ਿੰਦਗੀ ਦਾ ਹਰ ਪਲ ਕੀਮਤੀ ਹੈ–ਇਸ ਲਈ ਵਡੇਰੀ ਉਮਰ ਵਿਚ ਵੀ ਜਿਊਣ ਦਾ ਉਤਸ਼ਾਹ ਕਦੇ ਨਾ ਘਟਣ ਦਿਓ।

# ਰੁਮਾਂਸਵਾਦ ਰਾਹੀਂ ਸਮਾਜਿਕ ਸਰੋਕਾਰਾਂ ਦਾ ਪਹਿਰੇਦਾਰ ਸ਼ਾਇਰ ਡਾ. ਤ੍ਰਿਲੋਕ ਸਿੰਘ ਆਨੰਦ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਤ੍ਰਿਲੋਕ ਸਿੰਘ ਆਨੰਦ ਮਾਨਵਤਾ ਦੀਆਂ ਭਾਵਨਾਤਮਿਕ ਸਥਿਤੀਆਂ ਨੂੰ ਖ਼ੂਬਸੂਰਤ ਢੰਗ ਨਾਲ ਪ੍ਰਗਟਾਉਣ ਵਾਲੀਆਂ ਗ਼ਜ਼ਲਾਂ/ਕਵਿਤਾਵਾਂ ਲਿਖਣ ਵਾਲਾ ਰੁਮਾਂਸਵਾਦ ਤੇ ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ ਸ਼ਾਇਰ ਹੈ। ਇਸ ਤੋਂ ਇਲਾਵਾ ਉਹ ਸਮਾਜਿਕ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਵਾਲਾ ਨਾਮਵਰ ਗ਼ਜ਼ਲਗੋ/ਕਵੀ ਵੀ ਹੈ। ਉਸ ਦੀਆਂ ਗ਼ਜ਼ਲਾਂ/ਕਵਿਤਾਵਾਂ ਜੀਵਨ ਜਾਚ ਦੇ ਨੁਕਤਿਆਂ ਨੂੰ ਗ੍ਰਹਿਣ ਕਰਕੇ ਮਾਨਵਤਾ ਦੇ ਹਿਤ ਵਿਚ ਕਾਰਜ ਕਰਨ ਦੀ ਪ੍ਰੇਰਨਾ ਵੀ ਦਿੰਦੀਆਂ ਹਨ। ਉਸਦੀਆਂ ਰਚਨਾਵਾਂ ਦੇ ਵਿਸ਼ੇ ਇਤਨੇ ਵਿਸ਼ਾਲ ਹਨ, ਜਿਨ੍ਹਾਂ ਨੂੰ ਕਿਸੇ ਇੱਕ ਵਰਗ ਤੇ ਵਾਦ ਨਾਲ ਨਹੀਂ ਜੋੜਿਆ ਜਾ ਸਕਦਾ, ਕਿਉਂਕਿ ਉਸ ਦੀਆਂ ਗ਼ਜ਼ਲਾਂ/ਕਵਿਤਾਵਾਂ ਲੋਕਾਂ ਦੇ ਰਵਾਇਤੀ ਮੁੱਦਿਆਂ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਵਕਾਲਤ ਕਰਦੀਆਂ ਹੋਈਆਂ ਮਾਨਵਤਾ ਦੀ ਮਾਨਸਿਕਤਾ ਦਾ ਪ੍ਰਤੀਬਿੰਬ ਬਣਦੀਆਂ ਹਨ। ਇਹ ਵਿਸ਼ੇ ਉਸਦੀ ਸੋਚ ਦੇ ਲਖਾਇਕ ਹਨ। ਉਸਨੂੰ ਸਾਹਿਤਕ ਰੁਚੀ ਵਿਰਾਸਤ ਵਿਚੋਂ ਮਿਲੀ ਹੈ, ਕਿਉਂਕਿ ਉਸਦਾ ਪਿਤਾ ਇੰਦਰ ਸਿੰਘ ਕਵੀ ਅਤੇ ਸਾਹਿਤ ਦਾ ਰਸੀਆ ਸੀ, ਖਾਸ ਕਰਕੇ ਉਹ ਪ੍ਰੋ. ਮੋਹਨ ਸਿੰਘ ਦੀਆਂ ਕਵਿਤਾਵਾਂ ਪੜ੍ਹਦਾ ਰਹਿੰਦਾ ਸੀ। ਘਰ ਵਿਚ ਕਵਿਤਾ ਦੀਆਂ ਪੁਸਤਕਾਂ ਅਤੇ ਸਾਹਿਤਕ ਰਸਾਲੇ ਹੋਣ ਕਰਕੇ ਤ੍ਰਿਲੋਕ ਸਿੰਘ ਆਨੰਦ ਨੂੰ ਵੀ ਕਵਿਤਾ ਪੜ੍ਹਨ ਤੇ ਲਿਖਣ ਦੀ ਚੇਟਕ ਲੱਗ ਗਈ। ਦੇਸ਼ ਦੀ ਵੰਡ ਸਮੇਂ ਤ੍ਰਿਲੋਕ ਸਿੰਘ ਆਨੰਦ ਦਾ ਪਿਤਾ ਪਹਿਲਾਂ ਲੁਧਿਆਣਾ ਅਤੇ ਫਿਰ ਪੱਕੇ ਤੌਰ 'ਤੇ ਨਾਭਾ ਵਿਖੇ ਆ ਕੇ ਵਸ ਗਿਆ। ਨਾਭਾ ਤ੍ਰਿਲੋਕ ਸਿੰਘ ਆਨੰਦ ਲਈ ਵਰਦਾਨ ਸਾਬਤ ਹੋਇਆ, ਕਿਉਂਕਿ ਨਾਭਾ ਸਾਹਿਤਕਾਰਾਂ ਦੀ ਨਰਸਰੀ ਦੀ ਤੌਰ 'ਤੇ ਜਾਣਿਆਂ ਜਾਂਦਾ ਹੈ। ਭਾਈ ਕਾਹਨ ਸਿੰਘ ਨਾਭਾ ਨੇ ਪੰਜਾਬੀ ਦਾ ਪਹਿਲਾ ਸ਼ਬਦ ਕੋਸ਼ ਜਿਸਨੂੰ 'ਮਹਾਨ ਕੋਸ਼' ਦੇ ਨਾਮ ਨਾਲ ਜਾਣਿਆਂ ਜਾਂਦਾ ਹੈ, ਨਾਭਾ ਵਿਖੇ ਲਿਖਿਆ ਗਿਆ ਸੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਮੰਨੇ-ਪ੍ਰਮੰਨੇ ਗ਼ਜ਼ਲਗੋ ਆਜ਼ਾਦ ਗੁਲਾਟੀ, ਗੁਰਦੇਵ ਸਿੰਘ ਨਿਰਧਨ, ਕੰਵਰ ਚੌਹਾਨ, ਸੁਰਜੀਤ ਰਾਮਪੁਰੀ, ਸ਼ਿਵ ਕੁਮਾਰ ਬਟਾਲਵੀ, ਸੁਖਦੇਵ ਸਿੰਘ ਗਰੇਵਾਲ ਅਤੇ ਰਾਮ ਲਾਲ ਨਾਭਵੀ ਉਸ ਸਮੇਂ ਨਾਭੇ ਦੀ ਸਰਜ਼ਮੀਨ 'ਤੇ ਸਾਹਿਤ ਸਿਰਜਨਾ ਕਰਦੇ ਸਨ। ਹਰ ਰੋਜ਼ ਸ਼ਾਮ ਨੂੰ ਇਨ੍ਹਾਂ ਸ਼ਾਇਰਾਂ ਦੀ ਮਜਲਸ ਗੁਰਦੇਵ ਸਿੰਘ ਨਿਰਧਨ ਦੇ ਚੁਬਾਰੇ ਵਿਚ ਲੱਗਦੀ ਸੀ। ਇੱਕ ਪਿਤਾ ਸਾਹਿਤ ਦਾ ਰਸੀਆ ਤੇ ਦੂਜੇ ਸਾਹਿਤਕਾਰਾਂ ਦੇ ਸ਼ਹਿਰ ਵਿਚ ਆਉਣ ਕਰਕੇ ਤਰਲੋਕ ਸਿੰਘ ਆਨੰਦ ਦੀ ਸਾਹਿਤਕ ਪ੍ਰਵਿਰਤੀ ਨੂੰ ਬੂਰ ਪੈਣ ਲੱਗ ਪਿਆ। ਰਿਪਦੁਮਨ ਕਾਲਜ ਨਾਭਾ ਵਿਚ ਪੜ੍ਹਦਿਆਂ ਹੀ ਉਸਨੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਮਹਿਜ਼ 18 ਸਾਲ ਦੀ ਉਮਰ ਵਿਚ 1960 ਵਿਚ ਉਸਨੂੰ ਬਤੌਰ ਵਿਦਿਆਰਥੀ ਕਵੀ ਦਰਬਾਰ ਵਿਚ ਹਿੱਸਾ ਲੈਣ ਦਾ ਪਹਿਲਾ ਮੌਕਾ ਮਿਲਿਆ, ਜਿਸ ਕਰਕੇ ਉਸ ਕਵੀ ਦਰਬਾਰ ਵਿਚ ਦਰਸ਼ਕਾਂ ਦੀ ਪ੍ਰਸ਼ੰਸਾ ਨੇ ਉਸਨੂੰ ਅਜਿਹੀ ਪ੍ਰੇਰਨਾ ਦਿੱਤੀ ਤੇ ਉਸਨੇ ਅੱਲ੍ਹੜ ਉਮਰ ਵਿਚ ਹੀ ਮਿਆਰੀ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਤ੍ਰਿਲੋਕ ਸਿੰਘ ਆਨੰਦ ਨੇ 1962 ਵਿਚ ਬੀ.ਏ. ਰਿਪਦੁਮਣ ਕਾਲਜ ਨਾਭਾ ਤੋਂ ਪਾਸ ਕੀਤੀ। ਜਦੋਂ ਪੰਜਾਬੀ ਯੂਨੀਵਰਸਿਟੀ ਨੇ ਪਹਿਲੀ ਵਾਰ ਐੱਮ.ਏ. ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕੀਤੀਆਂ, ਤਾਂ ਤ੍ਰਿਲੋਕ ਸਿੰਘ ਆਨੰਦ ਨੇ 1963 ਦੇ ਪਹਿਲੇ ਬੈਚ ਵਿਚ ਐੱਮ.ਏ. ਪੰਜਾਬੀ ਵਿਚ ਦਾਖ਼ਲਾ ਲੈ ਲਿਆ ਅਤੇ 1965 ਵਿਚ ਐੱਮ.ਏ. ਪੰਜਾਬੀ ਪਾਸ ਕਰ ਲਈ। ਐੱਮ.ਏ. ਵਿਚ ਪੜ੍ਹਦਿਆਂ ਪੰਜਾਬੀ ਦਾ ਸਾਹਿਤ ਪੜ੍ਹਨ ਦਾ ਇਤਫਾਕ ਹੋਇਆ, ਤਾਂ ਉਸਦੀ ਸਾਹਿਤਕ ਰੁਚੀ ਨੂੰ ਚਾਰ ਚੰਨ੍ਹ ਲੱਗ ਗਏ, ਕਿਉਂਕਿ ਸਾਹਿਤਕ ਵਾਤਾਵਰਨ ਤ੍ਰਿਲੋਕ ਸਿੰਘ ਆਨੰਦ ਲਈ ਆਪਣੀ ਸਾਹਿਤਕ ਮਸ ਪੂਰੀ ਕਰਨ ਦਾ ਕੇਂਦਰ ਬਿੰਦੂ ਬਣ ਗਿਆ। ਤ੍ਰਿਲੋਕ ਸਿੰਘ ਆਨੰਦ ਨੇ ਫਾਰਸੀ ਦੀ ਐੱਮ.ਏ. ਵੀ ਕੀਤੀ ਹੋਈ ਹੈ।



ਤਸਵੀਰ : ਡਾ. ਤ੍ਰਿਲੋਕ ਸਿੰਘ ਆਨੰਦ।

> ਉਸਨੂੰ ਸਾਹਿਤਕ ਰੁਚੀ ਵਿਰਾਸਤ ਵਿਚੋਂ ਮਿਲੀ ਹੈ, ਕਿਉਂਕਿ ਉਸਦਾ ਪਿਤਾ ਇੰਦਰ ਸਿੰਘ ਕਵੀ ਅਤੇ ਸਾਹਿਤ ਦਾ ਰਸੀਆ ਸੀ, ਖਾਸ ਕਰਕੇ ਉਹ ਪ੍ਰੋ. ਮੋਹਨ ਸਿੰਘ ਦੀਆਂ ਕਵਿਤਾਵਾਂ ਪੜ੍ਹਦਾ ਰਹਿੰਦਾ ਸੀ। ਘਰ ਵਿਚ ਕਵਿਤਾ ਦੀਆਂ ਪੁਸਤਕਾਂ ਅਤੇ ਸਾਹਿਤਕ ਰਸਾਲੇ ਹੋਣ ਕਰਕੇ ਤ੍ਰਿਲੋਕ ਸਿੰਘ ਆਨੰਦ ਨੂੰ ਵੀ ਕਵਿਤਾ ਪੜ੍ਹਨ ਤੇ ਲਿਖਣ ਦੀ ਚੇਟਕ ਲੱਗ ਗਈ। ਦੇਸ਼ ਦੀ ਵੰਡ ਸਮੇਂ ਤ੍ਰਿਲੋਕ ਸਿੰਘ ਆਨੰਦ ਦਾ ਪਿਤਾ ਪਹਿਲਾਂ ਲੁਧਿਆਣਾ ਅਤੇ ਫਿਰ ਪੱਕੇ ਤੌਰ 'ਤੇ ਨਾਭਾ ਵਿਖੇ ਆ ਕੇ ਵਸ ਗਿਆ।

ਤ੍ਰਿਲੋਕ ਸਿੰਘ ਆਨੰਦ ਨੇ ਗ਼ਜ਼ਲਾਂ/ਕਵਿਤਾਵਾਂ ਥੋਕ ਵਿਚ ਨਹੀਂ ਲਿਖੀਆਂ, ਸਗੋਂ ਉਸਨੇ ਬਹੁਤ ਕਿਰਸ ਨਾਲ ਲਿਖਿਆ ਹੈ, ਪ੍ਰੰਤੂ ਜੋ ਲਿਖਿਆ ਉਹ ਮੁੱਲਵਾਨ ਅਤੇ ਅਰਥ ਭਰਪੂਰ ਹੈ। ਉਹ ਬਹੁਤਾਤ ਵਿਚ ਲਿਖਣ ਦੀ ਥਾਂ ਮਿਆਰੀ ਰਚਨਾਵਾਂ ਲਿਖਣ ਵਿਚ ਯਕੀਨ ਰੱਖਦਾ ਹੈ। ਉਸਦੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਦਿਲ ਨੂੰ ਟੁੰਬਣ ਵਾਲੀਆਂ ਆਨੰਦਮਈ ਸਥਿਤੀ ਵਿਚ ਪਹੁੰਚਾਉਣ ਦੀ ਸਮਰੱਥਾ ਰੱਖਦੀਆਂ ਹਨ। ਡਾ. ਤਰਲੋਕ ਸਿੰਘ ਆਨੰਦ ਨੇ ਗ਼ਜ਼ਲਗੋ/ਕਵੀ ਹੋਣ ਦਾ ਕਦੀਂ ਮਾਣ ਨਹੀਂ ਕੀਤਾ ਅਤੇ ਨਾ ਹੀ ਆਪਣੀ ਸਾਹਿਤਕ ਰੁਚੀ ਦਾ ਜਾਇਜ਼ ਨਾਜਾਇਜ਼ ਲਾਭ ਉਠਾਇਆ ਹੈ। ਉਸਨੇ ਆਪਣੇ ਆਪ ਨੂੰ ਸਥਾਪਤ ਕਰਨ ਲਈ ਕਿਸੇ ਸਾਹਿਤਕਾਰ ਅਤੇ ਆਲੋਚਕ ਦੀ ਖ਼ੁਸ਼ਾਮਦ ਨਹੀਂ ਕੀਤੀ। ਇਸ ਕਰਕੇ ਬਿਹਤਰੀਨ ਕਵਿਤਾਵਾਂ ਅਤੇ ਗ਼ਜ਼ਲਾਂ ਲਿਖਣ ਦੇ ਬਾਵਜੂਦ ਉਸਦੀ ਸਾਹਿਤਕ ਦੇਣ ਦਾ ਆਲੋਚਕਾਂ ਨੇ ਬਣਦਾ ਮੁੱਲ ਨਹੀ ਪਾਇਆ, ਇਥੋਂ ਤੱਕ ਕਿ ਭਾਸ਼ਾ ਵਿਭਾਗ ਨੇ ਉਸਦਾ ਮਾਣ-ਸਨਮਾਨ ਤਾਂ ਕੀ ਕਰਨਾ ਸੀ, ਪ੍ਰੰਤੂ ਕਦੀਂ ਸਰਕਾਰੀ ਕਵੀ ਦਰਬਾਰਾਂ ਵਿਚ ਵੀ ਆਮੰਤ੍ਰਿਤ ਨਹੀਂ ਕੀਤਾ। ਇਸਦਾ ਉਸਨੂੰ ਗਿਲਾ ਵੀ ਨਹੀਂ ਹੈ। ਪਾਠਕਾਂ ਨੇ ਡਾ. ਤ੍ਰਿਲੋਕ ਸਿੰਘ ਆਨੰਦ ਦੀਆਂ ਗ਼ਜ਼ਲਾਂ/ਕਵਿਤਾਵਾਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਹੈ। ਡਾ. ਤ੍ਰਿਲੋਕ ਸਿੰਘ ਆਨੰਦ ਪਾਠਕਾਂ ਦੀ ਪ੍ਰਸ਼ੰਸਾ ਨੂੰ ਹੀ ਸਭ ਤੋਂ ਵੱਡਾ ਇਨਾਮ ਗਿਣਦਾ ਹੈ। ਉਸ ਦੀਆਂ ਗ਼ਜ਼ਲਾਂ ਨਿਵੇਕਲੀਆਂ ਆਨੰਦਮਈ, ਸੁਹਜਮਈ, ਸੰਜੀਦਾ, ਸਿੰਬਾਲਿਕ, ਭਾਵਨਾਤਮਿਕ ਅਤੇ ਇਸ਼ਕ-ਮੁਸ਼ਕ ਦੀਆਂ ਅਟੱਲ ਸੱਚਾਈਆਂ ਵਾਲੀਆਂ ਹੁੰਦੀਆਂ ਹਨ। ਉਸਨੇ ਆਮ ਕਵੀਆਂ ਦੀ ਤਰ੍ਹਾਂ ਇਸ਼ਕ-ਮੁਸ਼ਕ ਅਤੇ ਬ੍ਰਿਹਾ ਦੇ ਰੋਣੇ-ਧੋਣੇ ਵਾਲੀਆਂ ਕਵਿਤਾਵਾਂ ਨਹੀਂ ਲਿਖੀਆਂ। ਉਸ ਦੀਆਂ ਕਵਿਤਾਵਾਂ/ਗ਼ਜ਼ਲਾਂ ਸਿੰਬਾਲਿਕ ਤੇ ਬਹੁ-ਅਰਥੀ ਬਹੁ-ਅਤੇ ਬਹੁ-ਦਿਸ਼ਾਵੀ ਹੁੰਦੀਆਂ ਹਨ। ਉਹ ਰੁਮਾਂਸਵਾਦ ਦੇ ਗਿਲਾਫ ਵਿਚ ਲਪੇਟਕੇ ਸਮਾਜਿਕ ਸਰੋਕਾਰਾਂ ਦੀ ਗੱਲ ਕਰਦਾ ਹੈ। ਦੋਹਰੇ ਅਰਥਾਂ ਵਾਲੀ ਉਸਦੀ ਤਿੱਤਲੀ ਵਾਲੀ ਇੱਕ ਗ਼ਜ਼ਲ ਦੇ ਚੰਦ ਸ਼ਿਅਰ ਇਸ ਪ੍ਰਕਾਰ ਹਨ:-

ਅਹੁ ਗਈ ਤਿੱਤਲੀ, ਅਹਿ ਗਈ ਤਿੱਤਲੀ,
ਖ਼ੌਰੇ ਕਿੱਥੇ ਬਹਿ ਗਈ ਤਿੱਤਲੀ, ਝੂਮ ਰਿਹਾ ਏ, ਕਿੰਨਾ ਖ਼ੁਸ਼-ਖ਼ੁਸ਼।
ਫ਼ੁੱਲ ਨੂੰ ਕੁਝ ਹੈ ਕਹਿ ਗਈ ਤਿੱਤਲੀ,
ਫਿਰਦਾ ਹੈ ਨਸ਼ਿਆਇਆ ਏਦਾਂ,
ਜੀਕਰ ਕੋਈ ਖਹਿ ਗਈ ਤਿੱਤਲੀ।

ਇਨ੍ਹਾਂ ਸ਼ਿਅਰਾਂ ਵਿਚ ਤਿੱਤਲੀ ਤੇ ਫੁੱਲ ਨੂੰ ਸਿੰਬਾਲਿਕ ਤੌਰ 'ਤੇ ਵਰਤਿਆ ਹੈ, ਜਿਸ ਵਿਚ ਦਰਸਾਇਆ ਗਿਆ ਹੈ ਕਿ ਮਰਦ ਤੇ ਔਰਤ ਇਸ਼ਕ ਦੇ ਵਿਚ ਗੜੁਚ ਹੋ ਕੇ ਭਾਵਨਾਵਾਂ ਵਿਚ ਵਹਿੰਦਿਆਂ ਰੁਮਾਂਸਵਾਦ ਦੇ ਨਸ਼ੇ ਵਿਚ ਝੂਮਣ ਲੱਗ ਜਾਂਦੇ ਹਨ, ਪ੍ਰੰਤੂ ਇਥੇ ਤਿੱਤਲੀ ਨੂੰ ਇੱਕ ਵਿਓਪਾਰੀ ਦੇ ਤੌਰ 'ਤੇ ਵੀ ਵਿਖਾਇਆ ਗਿਆ ਹੈ, ਜਿਹੜਾ ਫ਼ੁੱਲ ਰੂਪੀ ਵਿਓਪਾਰੀ ਦੇ ਕਰਿੰਦੇ ਨੂੰ ਵਿਓਪਾਰ ਵਿਚ ਹੇਰਾਫੇਰੀ ਕਰਨ ਦੇ ਨੁਕਤਿਆਂ ਦੀ ਕਾਨਾਫੂਸੀ ਕਰਦਾ ਹੈ। ਇਹ ਸ਼ਿਅਰ ਰੁਮਾਂਟਿਕ ਅਤੇ ਸਮਾਜਿਕ ਧੋਖੇ ਦਾ ਪ੍ਰਗਟਾਵਾ ਕਰਦੇ ਹਨ। ਇਥੋਂ ਡਾ. ਤ੍ਰਿਲੋਕ ਸਿੰਘ ਆਨੰਦ ਦੀ ਸਮਾਜ ਦੀ ਤਰਜਮਾਨੀ ਕਰਨ ਦਾ ਪ੍ਰਗਟਾਵਾ ਹੁੰਦਾ ਹੈ। ਤ੍ਰਿਲੋਕ ਸਿੰਘ ਆਨੰਦ ਮਸਤ ਹਾਥੀ ਦੀ ਤਰ੍ਹਾਂ ਆਪਣੀ ਮਾਨਸਿਕ ਤ੍ਰਿਪਤੀ ਲਈ ਕਲਮ ਦੀ ਅਜ਼ਮਾਈ ਕਰਦਾ ਰਹਿੰਦਾ ਹੈ। ਡਾ. ਤਰਲੋਕ ਸਿੰਘ ਆਨੰਦ 'ਸਹਿਜ ਪੱਕੇ ਸੋ ਮੀਠਾ ਹੋਏ' ਦੀ ਨੀਤੀ 'ਤੇ ਚਲਦਾ ਹੋਇਆ ਸਾਹਿਤਕ ਯੋਗਦਾਨ ਪਾਉਂਦਾ ਰਹਿੰਦਾ ਹੈ। ਹਾਂ, ਉਸਨੇ ਆਲੋਚਨਾ ਦੇ ਖੇਤਰ ਵਿਚ ਵੀ ਵਰਣਨਯੋਗ ਕੰਮ ਕੀਤਾ ਹੈ। ਉਸ ਦੀਆਂ ਲਗਪਗ ਡੇਢ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਕਵਿਤਾ ਦੀਆਂ ਉਸਦੀਆਂ ਤਿੰਨ ਹੀ ਪੁਸਤਕਾਂ 'ਇੱਕ ਬਿਆਨ ਹਲਫ਼ੀਆ', 'ਇੱਕ ਨਿਰੰਤਰ ਮੌਤ' ਅਤੇ 'ਕੁੱਲ ਮਿਲਾ ਕੇ' ਹਨ। ਉਸਨੇ ਆਲੋਚਨਾ, ਸਪੰਾਦਨਾ, ਲਿਪੀਅੰਤਰ ਅਤੇ ਖੋਜ ਦੀਆਂ ਪੁਸਤਕਾਂ ਵਿਚ 'ਸੋਹਣੀ ਫ਼ਜ਼ਲ ਸ਼ਾਹ', 'ਸੁਲਤਾਨ ਬਾਹੂ', 'ਪ੍ਰੋ. ਪੂਰਨ ਸਿੰਘ ਦੀ ਕਾਵਿ ਪ੍ਰਤਿਭਾ', 'ਇੱਕ ਸ਼ਿਅਰ ਦੀ ਪ੍ਰਕਰਮਾ' ਅਤੇ ਤਿੰਨ ਗੁਰਮਤਿ ਸੰਬੰਧੀ 'ਇਹ ਤਉ ਬ੍ਰਹਮ ਵਿਚਾਰ', 'ਬੋਲ ਸਦੀਵੀ' ਅਤੇ ਇੱਕ 'ਦਾ ਇਟਰਨਲ ਵਰਲਡ' (ਅੰਗਰੇਜ਼ੀ) ਹਨ। ਲਿਪੀਅੰਤਰ ਅਤੇ ਸੰਪਾਦਨ 'ਫ਼ਖ਼ਰ ਜਮਾ ਦੀ ਚੋਣਵੀਂ ਕਵਿਤਾ' ਅਤੇ ਅਹਿਸਨ ਬਟਾਲਵੀ ਦੇ ਨਾਵਲ 'ਇੱਕ ਇਜੜ ਦੀ ਕਹਾਣੀ' ਦਾ ਲਿਪੀਅੰਤਰ, ਸੰਪਾਦਨਾ ਕਾਵਿ-ਮਕਰੰਦ, ਕਾਵਿ-ਕਮਾਲ, ਕਾਵਿ-ਟਕਸਾਲ, ਕਾਵਿ-ਜੋਤੀ, ਕਵਿਤਾ 2000 ਅਤੇ ਭਾਰਤੀ ਰਾਜਨੀਤੀ ਵਿਚ ਉਦਰਦੇ ਝੁਕਾਅ ਸ਼ਾਮਲ ਹਨ। ਡਾ. ਤ੍ਰਿਲੋਕ ਸਿੰਘ ਆਨੰਦ ਦੀਆਂ ਗ਼ਜ਼ਲਾਂ ਦੇ ਕੁਝ ਸ਼ਿਅਰ ਪਾਠਕਾਂ ਦੇ ਮੂੰਹ ਜ਼ੁਬਾਨੀ ਯਾਦ ਹਨ, ਜਿਵੇਂ:-

ਰਸਤੇ ਵਿਚ ਅੰਗਿਆਰ ਬੜੇ ਨੇ, ਰਾਹੀ ਵੀ ਹੁਸ਼ਿਆਰ ਬੜੇ ਨੇ।
ਵਕਤ ਪੈਣ 'ਤੇ ਕੋਈ ਨਹੀਂ ਹੈ, ਵੈਸੇ ਤਾਂ ਗ਼ਮਖ਼ਾਰ ਬੜੇ ਨੇ।
ਦੁਸ਼ਮਣ ਦੀ ਹੁਣ ਲੋੜ ਨਹੀਂ ਸਾਨੂੰ, ਹੁਣ ਤਾਂ ਸਾਡੇ ਯਾਰ ਬੜੇ ਨੇ।
ਡੁੱਬਿਆ ਰਿਹਾ ਕੁਝ ਇਸ ਕਦਰ ਤੇਰੇ ਖਿਆਲ ਵਿਚ।
ਮਿਸਰੀ ਦੀ ਥਾਂ 'ਤੇ ਬੰਨ੍ਹ ਲਿਆ ਪਾਣੀ ਰੁਮਾਲ ਵਿਚ।

ਤ੍ਰਿਲੋਕ ਸਿੰਘ ਆਨੰਦ ਦਾ ਜਨਮ ਬਰਤਾਨੀਆ ਭਾਰਤ ਦੀ ਤਹਿਸੀਲ ਗੁਜਰਖ਼ਾਨ, ਜ਼ਿਲ੍ਹਾ ਰਾਵਲਪਿੰਡੀ ਦੇ ਪਿੰਡ ਦੌਲਤਾਲਾ ਵਿਖੇ 10 ਨਵੰਬਰ 1942 ਨੂੰ ਪਿਤਾ ਇੰਦਰ ਸਿੰਘ ਦੇ ਘਰ, ਮਾਤਾ ਪਰੇਮ ਕੌਰ ਦੀ ਕੁੱਖੋਂ ਹੋਇਆ ਸੀ। ਉਨ੍ਹਾਂ ਆਪਣੀ ਮੁੱਢਲੀ ਪੜ੍ਹਾਈ ਕਰਨਾਲ ਵਿਖੇ ਕੀਤੀ, ਕਿਉਂਕਿ ਉਸਦੇ ਪਿਤਾ ਨੂੰ ਦੇਸ਼ ਦੀ ਵੰਡ ਤੋਂ ਬਾਅਦ ਦੁਬਾਰਾ ਨੌਕਰੀ 'ਤੇ ਰੱਖਕੇ ਕਰਨਾਲ ਲਗਾ ਦਿੱਤਾ ਸੀ। ਇੱਕ ਰਿਫਿਊਜੀ ਨੂੰ ਕਿਤਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ, ਉਹ ਸਾਰੀਆਂ ਤ੍ਰਿਲੋਕ ਸਿੰਘ ਆਨੰਦ ਦੇ ਪਰਿਵਾਰ ਨੇ ਝੱਲੀਆਂ, ਜਿਸ ਕਰਕੇ ਪਰਿਵਾਰ ਆਰਥਿਕ ਸੰਕਟ ਵਿਚ ਰਿਹਾ। ਤ੍ਰਿਲੋਕ ਸਿੰਘ ਆਨੰਦ ਨੂੰ ਲਿਫਾਫੇ ਬਣਾਕੇ ਵੇਚਣੇ ਪਏ। ਉਨ੍ਹਾਂ ਦੇ ਪਰਿਵਾਰ ਦਾ ਗੁਜ਼ਾਰਾ ਅਤੇ ਬੱਚਿਆਂ ਦੀ ਪੜ੍ਹਾਈ ਦਾ ਸਾਰਾ ਖ਼ਰਚਾ ਉਸਦੇ ਦਾਦਾ ਦੀ 45 ਰੁਪਏ ਮਹੀਨਾ ਪੈਨਸ਼ਨ ਨਾਲ ਹੀ ਕਰਨਾ ਪੈਂਦਾ ਸੀ। ਤ੍ਰਿਲੋਕ ਸਿੰਘ ਆਨੰਦ ਨੇ ਥੋੜ੍ਹਾ ਸਮਾਂ ਆਈ.ਟੀ.ਆਈ. ਪਟਿਆਲਾ ਵਿਚ ਮੈਥੇਮੈਟਿਕ ਦੇ ਅਧਿਆਪਕ ਦੇ ਤੌਰ 'ਤੇ ਨੌਕਰੀ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1963 ਜਦੋਂ ਐੱਮ.ਏ. ਪੰਜਾਬੀ ਦੀ ਪੋਸਟ ਗ੍ਰੈਜੂਏਸ਼ਨ ਸ਼ੁਰੂ ਕੀਤੀ, ਤਾਂ ਤਰਲੋਕ ਸਿੰਘ ਆਨੰਦ ਨੇ ਪਹਿਲੇ ਬੈਚ ਵਿਚ ਹੀ ਐੱਮ.ਏ. ਪੰਜਾਬੀ ਪਾਸ ਕਰ ਲਈ ਤੇ ਫਸਟ ਆਉਣ ਕਰਕੇ ਉਸਨੂੰ ਗੋਲਡ ਮੈਡਲ ਮਿਲਿਆ ਸੀ। ਐੱਮ.ਏ. ਤੋਂ ਬਾਅਦ ਉਸਨੂੰ ਪੰਜਾਬੀ ਯੂਨੀਵਰਸਿਟੀ ਵਿਚ ਖੋਜ ਸਕਾਲਰ ਭਰਤੀ ਕਰ ਲਿਆ। ਉਸਦੀ ਚੋਣ 1968 ਵਿਚ ਪੱਤਰ ਵਿਹਾਰ ਵਿਭਾਗ ਵਿਚ ਲੈਕਚਰਾਰ ਪੰਜਾਬੀ ਦੀ ਹੋ ਗਈ। ਉਥੇ ਹੀ ਪ੍ਰੋਫੈਸਰ ਅਤੇ ਵਿਭਾਗ ਦੇ ਮੁਖੀ ਬਣ ਗਏ। ਉਹ ਡੀਨ ਅਕੈਡਮਿਕ ਦੇ ਫਰਜ਼ ਵੀ ਨਿਭਾਉਂਦੇ ਰਹੇ। ਇਸ ਤੋਂ ਇਲਾਵਾ ਆਈ.ਏ.ਐੱਸ. ਦੇ ਵਿਦਿਆਰਥੀਆਂ ਨੂੰ ਵੀ ਪੜ੍ਹਾਉਂਦੇ ਰਹੇ। ਉਸਨੇ ਪੀ.ਐੱਚ.ਡੀ. 1974 ਵਿਚ ਡਾ. ਹਰਚਰਨ ਸਿੰਘ ਦੀ ਅਗਵਾਈ ਵਿਚ ਪ੍ਰੋ. ਮੋਹਨ ਸਿੰਘ ਰਚਨਾਵਲੀ ਵਿਸ਼ੇ ਵਿਚ ਕੀਤੀ ਸੀ। ਉਹ 2002 ਵਿਚ ਸੇਵਾਮੁਕਤ ਹੋਏ ਹਨ। ਉਹ ਇੱਕ ਬਿਹਤਰੀਨ ਇਨਸਾਨ ਅਤੇ ਨਮਰਤਾ ਦੇ ਪੁਜਾਰੀ ਹਨ।

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA





ਜੀਵਨ ਜਾਂਚ ਦੇ ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ 'ਤੇ ਪਾਪ ਦੀ ਅਤਿ ਹੋ ਜਾਵੇ, ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ, ਜੋ ਤੱਪਦੇ ਸੰਸਾਰ ਵਿਚ ਠੰਢ ਵਰਤਾਉਂਦਾ ਹੈ। ਮਨੁੱਖੀ ਮਨਾਂ ਨੂੰ ਸ਼ਾਂਤ ਕਰਦਾ ਹੈ। ਸਿੱਖ ਗੁਰੂ ਕਾਲ ਵਿਚ ਦਸ ਗੁਰੂਆਂ ਦੀ ਇੱਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ-ਉਤਸ਼ਾਹ ਵਿਚ ਦੀਨ-ਦਯਾ ਹਿੱਤ ਬੀਰ-ਰੱਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਨ੍ਹਾਂ ਦੀ ਸਿਆਣਪ ਨੂੰ ਵੇਖ ਕੇ ਬਾਲ-ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ।

ਆਪ ਜੀ ਦਾ ਆਗਮਨ ਸਾਵਣ ਵਦੀ 10 ਸੰਮਤ 1713 ਅਗਸਤ 7 ਜੁਲਾਈ 1656 ਨੂੰ ਸੀਸ-ਮਹੱਲ ਕੀਰਤਪੁਰ (ਰੋਪੜ) ਵਿਖੇ ਹੋਇਆ। ਆਪ ਗੁਰੂ ਹਰਿਰਾਇ ਸਾਹਿਬ ਤੇ ਮਾਤਾ ਕਿਸ਼ਨ ਕੌਰ ਦੇ ਛੋਟੇ ਸਾਹਿਬਜ਼ਾਦੇ ਸਨ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ 1661 ਨੂੰ ਗੁਰਗੱਦੀ 'ਤੇ ਵਿਰਾਜਮਾਨ ਹੋਏ। ਉਸ ਸਮੇਂ ਆਪ ਜੀ ਦੀ ਉਮਰ 4 ਸਾਲ ਤਿੰਨ ਮਹੀਨੇ ਸੀ।

ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਏ ਸਾਹਿਬ ਜੀ ਨੂੰ ਹਿਦਾਇਤ ਕੀਤੀ ਸੀ ਕਿ ਗੁਰਗੱਦੀ 'ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੌਰ 'ਤੇ ਜਥੇਬੰਧਕ ਹਥਿਆਰਬੰਦ ਬਣਾਇਆ। ਸੰਗਤਾਂ ਦੇ ਹੌਂਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿੱਥੇ ਜ਼ੁਲਮ ਨਾਲ, ਜਬਰੀ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਹਰਮਨਪਿਆਰਤਾ ਵੱਧਦੀ ਗਈ। ਲੋਕ ਆਪਣੇ ਆਪ ਹੀ ਸਿੱਖ ਧਰਮ ਅਪਨਾਉਣ ਲੱਗੇ। ਮੁਗਲ ਬਾਦਸ਼ਾਹ ਬਹਾਨੇ ਨਾਲ ਸਿੱਖਾਂ ਦੀ ਤਾਕਤ ਪਰਖਣਾ ਚਾਹੁੰਦੇ ਸੀ। ਉਸ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ, ਗੁਰੂ ਹਰਿਰਾਇ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮਰਾਏ ਜੀ ਨੂੰ ਹਿਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸ਼ਚੈ 'ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸੁਆਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ 'ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਸਿੱਧੀ ਇਸਲਾਮ ਦੀ ਹੱਤਕ ਨਹੀਂ ਹੈ? ਬਾਬਾ ਰਾਮਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਦਾ ਯਤਨ ਕੀਤਾ ਅਤੇ ਕਹਿ ਦਿੱਤਾ ਕਿ ਉਥੇ ਮਿੱਟੀ ਬੇਈਮਾਨ ਦੀ ਲਫਜ਼ ਹੈ। ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ, ਪਰ ਜਦੋਂ ਗੁਰੂ ਹਰਿਰਾਏ ਸਾਹਿਬ ਜੀ ਨੂੰ ਪਤਾ ਲੱਗਾ ਕਿ ਬਾਣੀ ਦੀ ਤੁੱਕ ਬਦਲਣ ਦੀ ਅਵੱਗਿਆ ਹੋਈ ਹੈ, ਤਾਂ ਉਨ੍ਹਾਂ ਨੇ ਆਪਣੇ ਦ੍ਰਿੜ੍ਹ ਇਰਾਦੇ ਨਾਲ ਫੈਸਲਾ ਕਰ ਲਿਆ ਕਿ ਬਾਬਾ ਰਾਮਰਾਇ ਜੀ ਗੁਰਗੱਦੀ ਦੇ ਯੋਗ ਨਹੀਂ ਹਨ। ਜਦ ਆਪ ਜੀ ਦੇ ਜੋਤੀ-ਜੋਤ ਸਮਾਉਣ ਦਾ ਵੇਲਾ ਆਇਆ, ਤਾਂ ਆਪਣੇ ਛੋਟੇ ਸਾਹਿਬਜ਼ਾਦਾ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ 'ਤੇ ਨੀਅਤ ਕੀਤਾ। ਆਪਣੇ ਗੁਰਤਾ ਦਾ ਕੰਮ ਬੜੇ ਸੋਹਣੇ ਢੰਗ ਨਾਲ ਤੋਰੀ ਰੱਖਿਆ। ਆਪ ਸੰਗਤਾਂ ਨੂੰ ਉਪਦੇਸ਼ ਦਿੰਦੇ। ਸੰਗਤਾਂ ਦੇ ਸ਼ੰਕੇ ਦੂਰ ਕਰਦੇ, ਨਾਮ-ਦਾਨ ਬਖਸ਼ ਕੇ ਨਿਹਾਲ ਕਰਦੇ। ਗੁਰਸਿੱਖੀ ਦੇ ਪ੍ਰਚਾਰ ਵਾਸਤੇ ਪ੍ਰਚਾਰਕ ਭੇਜੇ। ਧਰਮ ਪ੍ਰਤੀ ਇਸ ਦ੍ਰਿੜ੍ਹਤਾ ਦੀ ਉਨ੍ਹਾਂ ਦੇ ਸਮੇਂ ਵੀ ਕਮੀ ਨਹੀਂ ਆਈ।

ਉਸ ਵੇਲੇ ਰਾਮਰਾਇ ਦਿੱਲੀ ਬਾਦਸ਼ਾਹ ਦੇ ਦਰਬਾਰ ਵਿਚ ਸੀ। ਉਸ ਨੇ ਗੁਰੂ ਸਾਹਿਬ ਵਿਰੁੱਧ ਗੁਰਗੱਦੀ ਨੂੰ ਲੈ ਕੇ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਆਪਣੇ ਤਾਏ ਧੀਰਮੱਲ ਨਾਲ ਰਲਕੇ ਕੁੱਝ ਮਸੰਦਾਂ ਨੂੰ ਵੀ ਆਪਣੇ ਨਾਲ ਰਲਾ ਲਿਆ। ਉਹ ਆਪਣੇ ਆਪ ਹੀ ਗੁਰੂ ਬਣ ਬੈਠਾ। ਉਸ ਨੇ ਮਸੰਦਾਂ ਨੂੰ ਦਸਵੰਧ ਦੀ ਉਗਰਾਹੀ ਲਈ ਵੀ ਭੇਜਣਾ ਸ਼ੁਰੂ ਕੀਤਾ। ਪਰ ਸੰਗਤਾਂ ਨੇ ਉਸ ਨੂੰ ਪ੍ਰਵਾਨ ਨਾ ਕੀਤਾ। ਮੂੰਹ ਦੀ ਖਾ ਕੇ ਉਹ ਬਾਦਸ਼ਾਹ ਔਰੰਗਜ਼ੇਬ ਕੋਲ ਜਾ ਕੇ ਫਰਿਆਦੀ ਹੋਇਆ। ਸ਼ਿਕਾਇਤ ਕੀਤੀ ਕਿ ਮੈਂ ਵੱਡਾ ਪੁੱਤਰ ਹਾਂ ਤੇ ਗੁਰਆਈ 'ਤੇ ਮੇਰਾ ਹੱਕ ਹੈ। ਬਾਦਸ਼ਾਹ ਔਰੰਗਜ਼ੇਬ ਨੇ ਪਹਿਲਾਂ ਤਾਂ ਇਸ ਸ਼ਿਕਾਇਤ ਨੂੰ ਸੰਜੀਦਗੀ ਨਾਲ ਨਾ ਲਿਆ। ਫਿਰ ਉਸ ਨੂੰ ਸੁਝੀ ਕਿ ਜੇਕਰ ਰਾਮਰਾਇ ਗੁਰੂ ਬਣ ਕੇ ਸਰਕਾਰੀ ਨੀਤੀ ਨਾਲ ਚੱਲੇਗਾ, ਤਾਂ ਹਕੂਮਤ ਸਿੱਖਾਂ ਵੱਲੋਂ ਬੇਫਿਕਰ ਹੋ ਜਾਵੇਗੀ। ਇਸ ਲਈ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਤਲਬ ਕਰ ਲਿਆ। ਪਰ ਗੁਰੂ ਹਰਿਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ 'ਨਹਿ ਮਲੇਸ਼ ਕੋ ਦਰਸ਼ਨ ਦੇਹ ਹੈ।' ਕਹਿ ਕੇ ਔਰੰਗਜ਼ੇਬ ਦੇ ਮੱਥੇ ਲੱਗਣ ਤੋਂ ਵਰਜ ਦਿੱਤਾ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਪਿਤਾ ਦਾ ਹੁਕਮ ਮੰਨਦਿਆਂ ਸਿੱਖੀ ਦੀ ਅਣਖ ਅਤੇ ਸ਼ੋਭਾ ਨੂੰ ਉੱਚਾ ਰੱਖਣ ਲਈ ਦਰਬਾਰ ਵਿਚ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ ਤੇ ਆਪਣਾ ਪ੍ਰਚਾਰ ਜਾਰੀ ਰੱਖਿਆ।

ਬਾਦਸ਼ਾਹ ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਕਿਸੇ ਤਰ੍ਹਾਂ ਵੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਪ੍ਰੇਰਿਤ ਕੀਤਾ ਜਾਵੇ। ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ 50 ਘੋੜਸਵਾਰ ਦੇ ਹਦਾਇਤ ਕੀਤੀ ਕਿ ਕੀਰਤਪੁਰ ਜਾ ਕੇ ਮੇਰੇ ਵੱਲੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਦੀ ਬੇਨਤੀ ਕਰਨੀ ਤੇ ਬੜੇ ਸਤਿਕਾਰ ਨਾਲ ਪਾਲਕੀ 'ਚ ਲੈ ਕੇ ਆਉਣਾ। ਜਦੋਂ ਸੰਗਤਾਂ ਨੂੰ ਪਤਾ ਲੱਗਾ, ਤਾਂ ਤੌਖਲਾ ਹੋਇਆ।

ਸਤਿਗੁਰੂ ਜੀ ਦੇ ਤੁਰਨ ਵੇਲੇ ਸੰਗਤਾਂ ਦਾ ਭਾਰੀ ਇਕੱਠ ਹੋ ਗਿਆ ਅਤੇ ਗੁਰੂ ਜੀ ਅੱਗੇ ਰੋਸ ਰੱਖਿਆ। ਗੁਰੂ ਸਾਹਿਬ ਜੀ ਨੇ ਸਭ ਨੂੰ ਹੌਂਸਲਾ ਦਿਤਾ। ਸੈਂਕੜੇ ਸਿੱਖ ਨਾਲ ਚੱਲ ਪਏ। ਅੰਬਾਲੇ ਪਾਸਲੇ ਪੰਜਖਰੇ ਪਿੰਡ, ਜ਼ਿਲ੍ਹਾ ਅੰਬਾਲਾ ਪਹੁੰਚ ਕੇ ਗੁਰੂ ਸਾਹਿਬ ਜੀ ਨੇ ਕੁੱਝ ਉੱਘੇ ਸਿੱਖਾਂ ਤੋਂ ਬਿਨਾਂ ਬਾਕੀ ਸਭ ਨੂੰ ਵਾਪਸ ਮੋੜ ਦਿੱਤਾ। ਉਥੇ ਇਕ ਹੰਕਾਰੀ ਬ੍ਰਾਹਮਣ ਲਾਲ ਚੰਦ ਮਿਲਿਆ ਅਤੇ ਕਹਿਣ ਲੱਗਾ, 'ਤੁਸੀਂ ਆਪਣੇ ਆਪ ਨੂੰ ਹਰਿਕ੍ਰਿਸ਼ਨ ਅਖਵਾਉਂਦੇ ਹੋ, ਇਸ ਤਰ੍ਹਾਂ ਆਪ ਸ਼੍ਰੀ ਕ੍ਰਿਸ਼ਨ ਤੋਂ ਵੀ ਵੱਡੇ ਬਣਦੇ ਹੋ। ਸ਼੍ਰੀ ਕਿਸ਼ਨ ਨੇ ਤਾਂ ਗੀਤਾ ਲਿਖੀ ਸੀ। ਤੁਸੀਂ ਉਸ ਦੇ ਅਰਥ ਕਰਕੇ ਹੀ ਵਿਖਾਉ। ਨਾਲੇ ਸ਼ਾਸਤਰਾਂ ਦੇ ਅਰਥ ਕਰਨ ਲਈ ਮੇਰੇ ਨਾਲ ਮੁਕਾਬਲਾ ਕਰ ਲਉ।'

ਬ੍ਰਹਮ ਗਿਆਨ ਦੇ ਪੁੰਜ ਤੇ ਸਰਬ ਕਲਾ ਸਮਰਥ ਗੁਰੂ ਸਾਹਿਬ ਜੀ ਨੇ ਕਿਹਾ: ਅਸੀਂ ਤਾਂ ਰੱਬ ਦੇ ਸੇਵਕ ਹਾਂ। ਵੱਡੇ ਬਣ-ਬਣ ਬਹਿਣਾ ਅਸੀਂ ਨਹੀਂ ਜਾਣਦੇ। ਪਰ ਸਾਡੇ ਨਾਲ ਸ਼ਾਸਤਰਾਰਥ ਤੁਸੀਂ ਫੇਰ ਕਰਿਓ, ਪਹਿਲਾਂ ਤੁਸੀਂ ਆਪਣੀ ਮਰਜ਼ੀ ਨਾਲ ਚੁਣੇ ਹੋਏ ਕਿਸੇ ਸਿੱਖ ਨਾਲ ਟਾਕਰਾ ਵਿਚਾਰ ਕਰ ਵੇਖੋ। ਜਾਉ ਪਿੰਡ ਵਿਚੋਂ ਕੋਈ ਸ਼ਰਧਾਲੂ ਲੈ ਆਵੋ, ਉਹ ਹੀ ਤੁਹਾਨੂੰ ਉੱਤਰ ਦੇ ਕੇ ਤੁਹਾਡੀ ਨਿਸ਼ਾ ਕਰੇਗਾ। ਪੰਡਿਤ ਛੱਜੂ ਰਾਮ ਸੇਵਕ ਜੋ ਲੰਗਰਾਂ ਵਿਚ ਪਾਣੀ ਦੀ ਸੇਵਾ ਕਰਦਾ ਸੀ, ਗੁਰਬਾਣੀ ਸਰਵਣ ਕਰਦਾ ਸੀ। ਜਿਸ ਨੇ ਪੰਡਿਤ ਦੇ ਸੁਆਲਾਂ ਦੇ ਉੱਤਰ ਦੇ ਦਿੱਤੇ। ਪੰਡਿਤ ਦਾ ਹੰਕਾਰ ਟੁੱਟ ਗਿਆ। ਉਹ ਗੁਰੂ ਸਾਹਿਬ ਜੀ ਦਾ ਸਿੱਖ ਬਣ ਗਿਆ। ਗੁਰਾਂ ਨੇ ਫੁਰਮਾਇਆ ਕਿ ਗੁਰੂ ਦੀ ਸਮਰਥਾ ਅਰਥ ਕਰਨਾ ਹੀ ਨਹੀਂ, ਸਗੋਂ ਜੀਵਨ ਨੂੰ ਸਾਵੀਂ ਪੱਧਰੀ ਰਾਹ 'ਤੇ ਤੋਰਨਾ ਹੈ। ਮਨੁੱਖ ਵਿਚੋਂ ਅਗਿਆਨਤਾ ਦਾ ਨਾਸ਼ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ। ਉਸ ਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ੍ਹ ਹੈ। ਤਾਂ ਜੋ ਧਾਰਮਿਕ, ਰਾਜਨੀਤਿਕ, ਵਿੱਦਿਅਕ ਤੇ ਵਿਵਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ।

ਸਫਰ ਕਰਦਿਆਂ ਗੁਰੂ ਸਾਹਿਬ ਦਿੱਲੀ ਪਹੁੰਚੇ। ਮਿਰਜਾ ਰਾਜਾ ਜੈ ਸਿੰਘ ਨੇ ਆਪ ਦਾ ਉਤਾਰਾ ਰਾਏਸੀਨਾ ਵਿਚ ਆਪਣੇ ਬੰਗਲੇ ਵਿਚ ਕਰਵਾਇਆ। ਉਥੇ ਅੱਜਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ। ਸੰਗਤਾਂ ਉਥੇ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜ਼ੇਬ ਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਸਾਹਿਬ ਜੀ ਨੇ ਇਨਕਾਰ ਕਰ ਦਿੱਤਾ। ਔਰੰਗਜ਼ੇਬ ਨੇ ਆਪਣੇ ਸਾਹਿਬਜ਼ਾਦਾ ਮੁਆਜ਼ਮ ਨੂੰ ਭੇਜਿਆ। ਉਹ ਗੁਰੂ ਸਾਹਿਬ ਜੀ ਦਾ ਆਤਮਿਕ ਉਪਦੇਸ਼ ਸੁਣ ਕੇ ਨਿਹਾਲ ਹੋ ਗਿਆ। ਗੁਰੂ ਸਾਹਿਬ ਨੇ ਰਾਮਰਾਇ ਦੇ ਗੁਰਗੱਦੀ ਦੇ ਦਾਅਵੇ ਬਾਰੇ ਸਪੱਸ਼ਟ ਕਰਨ ਲਈ ਔਰੰਗਜ਼ੇਬ ਨੂੰ ਸੁਨੇਹਾ ਭੇਜਿਆ ਕਿ ਗੁਰਗੱਦੀ ਵਿਰਾਸਤ ਜਾਂ ਜੱਦੀ ਮਲਕੀਅਤ ਨਹੀਂ ਹੈ। ਰਾਮਰਾਇ ਨੇ ਗੁਰਬਾਣੀ ਦੀ ਤੁੱਕ ਉਲਟਾਈ ਹੈ। ਪਿਤਾ ਨੇ ਗੁਰਗੱਦੀ ਤੋਂ ਵਾਂਝਾ ਕਰ ਦਿੱਤਾ। ਇਸ ਵਿਚ ਕੋਈ ਬੇਇਨਸਾਫੀ ਨਹੀਂ ਹੋਈ। ਬਾਦਸ਼ਾਹ ਔਰੰਗਜ਼ੇਬ ਨੇ ਰਾਮਰਾਇ ਦੇ ਗੁਰਗੱਦੀ ਦੇ ਦਾਅਵੇ ਨੂੰ ਖਾਰਜ ਕਰ ਦਿੱਤਾ। ਉਹ ਆਪਣੀ ਜਗੀਰ ਦੂਨ ਨੂੰ ਚਲਾ ਗਿਆ ਅਤੇ ਵੱਖਰੀ ਸੰਪਰਦਾ ਚਲਾਈ।

ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ? ਜੇਕਰ ਸਮਰੱਥ ਗੁਰੂ ਹੈ, ਤਾਂ ਮੈਨੂੰ ਢੂੰਡ ਕੇ ਦੱਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿਚ ਮੈਂ ਕਿੱਥੇ ਹਾਂ? ਗੁਰੂ ਪਾਤਿਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ-ਡੋਲ ਵੇਖ ਕੇ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ। ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤਿ ਨੂੰ ਸਰੀਰ ਪੱਖੋਂ ਜਾਂ ਉਮਰ ਪੱਖੋਂ ਨਹੀਂ ਪਰਖਿਆ ਜਾ ਸਕਦਾ।

ਸੰਨ 1663 ਦੇ ਦੌਰਾਨ ਜਦੋਂ ਗੁਰੂ ਜੀ ਦਿੱਲੀ ਵਿਚ ਸਨ, ਤਾਂ ਹੈਜਾ ਚੇਚਕ ਦੀ ਮਹਾਂਮਾਰੀ ਫੈਲ ਗਈ। ਲੋਕ ਇਸ ਬਿਮਾਰੀ ਵਿਚ ਮਰਨ ਲੱਗੇ। ਸਭ ਪਾਸੇ ਹਾਹਾਕਾਰ ਮੱਚੀ ਹੋਈ ਸੀ। ਗੁਰਦੇਵ ਆਪ ਦੁਖੀ ਗਰੀਬਾਂ ਦੇ ਘਰ-ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆ ਜੁੜੀਆਂ। ਇਸ ਲਾਗ ਦੀ ਬਿਮਾਰੀ ਵਿਚ ਆਪਣੀ ਬਾਲ ਉਮਰ ਦੀ ਵੀ ਪ੍ਰਵਾਹ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿਚ ਘਬਰਾਹਟ ਹੋ ਗਈ। ਪਰ ਪਾਤਿਸ਼ਾਹ ਨੇ ਇਸ ਨੂੰ ਰੱਬੀ ਰਮਜ਼ ਦੱਸਿਆ। ਸੰਗਤਾਂ ਨੂੰ ਧੀਰਜ ਵਿਚ ਰਹਿਣ ਲਈ ਕਿਹਾ। ਆਪਣਾ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਜਾਣ ਕੇ, ਸੰਗਤਾਂ ਨੂੰ ਸੰਕੇਤਕ ਰੂਪ 'ਚ ਹੁਕਮ ਦਿੱਤਾ ਕਿ ਅਗਲਾ ਗੁਰੂ 'ਬਾਬਾ ਬਕਾਲਾ', ਭਾਵ ਸੀ ਕਿ ਗੁਰੂ 'ਬਾਬਾ ਬਕਾਲਾ' ਰਹਿੰਦਾ ਹੈ। ਆਪ ਜੀ ਸੰਮਤ 1721 ਮੁਤਾਬਕ 30 ਮਾਰਚ, 1664 ਨੂੰ ਜੋਤੀ ਜੋਤਿ ਸਮਾ ਗਏ। ਯਮਨਾ ਨਦੀ ਦੇ ਕੰਢੇ ਭੋਗਲ ਪਿੰਡ ਦੇ ਨੇੜੇ ਆਪ ਜੀ ਦੀਆਂ ਅੰਤਿਮ ਰਸਮਾਂ ਹੋਈਆਂ। ਉਸ ਜਗ੍ਹਾ ਬਾਲਾ ਸਾਹਿਬ ਗੁਰਦੁਆਰਾ ਸੁਸ਼ੋਭਿਤ ਹੈ। ਜੋਤੀ ਜੋਤਿ ਸਮਾਉਣ ਵੇਲੇ ਆਪ ਜੀ ਦੀ ਉਮਰ ਪੌਣੇ 8 ਸਾਲ ਸੀ। ਆਪ ਦੀ ਗੁਰਆਈ ਦਾ ਸਮਾਂ ਢਾਈ ਕੁ ਸਾਲ ਰਿਹਾ।

**ਅੰਤਿਕਾ** : ਵਰਣਨਯੋਗ ਹੈ ਕਿ ਆਪ ਬਾਲ ਉਮਰ ਵਿਚ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ, ਜੋਤਿ ਹੈ। ਸਪੱਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ, ਗੁਰੂ ਜੋਤਿ ਨਾਲ ਉਮਰ ਦਾ ਕੋਈ ਸੰਬੰਧ ਨਹੀਂ। ਢਾਈ ਸਾਲ ਦੀ ਗੁਰਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ। ਉਨ੍ਹਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਿਆ। ਉਨ੍ਹਾਂ ਦੇ ਹੋਰ ਪਰਉਪਕਾਰਾਂ ਵਿਚ ਜਦ ਭਾਈ ਕਲਿਆਣ ਦੀ ਧਰਮਸ਼ਾਲਾ (ਮਹੱਲਾ ਦਿਲਵਾਲੀ ਸਿੰਘਾ) ਦਿੱਲੀ ਵਿਖੇ ਡੇਰੇ ਲਾਏ, ਤਾਂ ਉਥੇ ਲੋਕ ਬੜੇ ਗਰੀਬ ਸਨ। ਪੀਣ ਲਈ ਸਾਫ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ। ਬੜਾ ਹੀ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ-ਥਾਂ ਸਾਫ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰਾਂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ-ਸੁੱਚੀ ਕਿਰਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਸਿੱਖ ਗੁਰੂ ਸਾਹਿਬਾਨ ਨੇ ਬੇਗਰਜ਼, ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ।

## ਸੁੰਨੇ ਸੁੰਨੇ ਗਰਾਂ

ਰੁੰਡ-ਮੁਰੰਡ ਹੋਇਆ ਪੰਜਾਬ,
ਜਾਪੇ ਗੁਆਚ ਗਏ ਖੁਆਬ।
ਕਿਧਰੇ ਨ ਹੁਣ ਜੰਗਲ਼ ਬੇਲੇ,
ਪਹਿਲਾਂ ਜਿਹੇ ਨਾ ਹੁੰਦੇ ਮੇਲੇ।

ਛਿੰਝਾਂ, ਰਾਸਾਂ, ਰਾਗ ਨੇ ਮੁੱਕੇ,
ਟੰਗ ਪੁਲੰਘੇ, ਬਾਜ਼ੀਆਂ ਚੁੱਕੇ।
ਕੋਰੜਾ ਛੁਪਾਕੀ ਜੁੰਮੇਂ ਰਾਤਾਂ,
ਸੋਨ ਸੁਨਹਿਰੀ ਨਾ ਪ੍ਰਭਾਤਾਂ।

ਨਾ ਚਾਟੀ ਨ ਘੁੰਮੇ ਮਧਾਣੀ,
ਨਾ ਤੜਕੇ ਉੱਠਦੀ ਸੁਆਣੀ।
ਦੁੱਧ ਦਹੀਂ 'ਧਰੇੜ੍ਹਕੇ ਨ ਜਾਣੇ,
ਮੱਥੇ ਤਿਉੜੀ ਪਾਣ ਨਿਆਣੇ।

ਚਿੜੀ ਚੂਕ ਨ ਰਾਹੀ ਤੁਰਦੇ,
ਪੈਦਲ ਤੁਰਨੋਂ ਜਾਵਣ ਰੁਕਦੇ।
ਤਤਾ ਤਤਾ ਨ ਕਿਤੇ ਹੁਣ ਹੋਵੇ,
ਸੁਵੱਖਤੇ ਉੱਠ ਨਾ ਚੱਕੀ ਝੋਵੇ।

ਬੱਗੇ, ਸਾਵੇ, ਨਾਰੇ ਨ ਹਿੱਕਦੇ,
ਡੂੰਘੇ ਪਾਣੀ ਖੂਹ ਨ ਟਿੱਕਦੇ।
ਗਿੜ ਗਿੜ ਨਾ ਖੂਹਾਂ ਉੱਤੇ,
ਟਿਕ ਟਿਕ ਨ ਕਰਦੇ ਕੁੱਤੇ।

ਢੋਲੇ-ਮਾਹੀਏ ਨ ਲੱਗੇ ਹੇਕ,
ਹੀਰਾਂ-ਮਿਰਜ਼ੇ ਲੱਗੀ ਬਰੇਕ।
ਸੁਹਾਗ-ਘੋੜੀਆਂ ਹੁਣ ਭੁੱਲੇ,
ਸਿੱਠਣੀ-ਛੰਦ ਪਰਾਗੇ ਖੁੱਲ੍ਹੇ।

ਤੂੰਬੇ ਅਲਗੋਜ਼ੇ ਢੱਡ ਸਰੰਗੀ,
ਛੈਣੇ ਬੁਗਚੂ ਢੋਲ ਸਤਰੰਗੀ।
ਰਬਾਬ ਦਿਲਰੁਬਾ ਖੜਤਾਲ,
ਢੂੰਡਿਆਂ ਨ ਮਿਲਣ ਪਤਾਲ।

ਭੱਠੀਆਂ ਸੱਥਾਂ ਖਿੰਡੀ ਢਾਣੀ,
'ਕੱਠੇ ਹੋ ਨਹੀਂ ਬਹਿੰਦੇ ਹਾਣੀ।
ਗੁਆਚੇ ਕੱਚੇ ਘੜੇ ਮੱਟੀਆਂ,
ਗੁੰਦਣ ਨ ਮਿਜਾਜ਼ਾਂ ਪੱਟੀਆਂ।

ਟੀਵੀ, ਫਿਲਮਾਂ ਕੀਤਾ ਹੈ ਕੀ,
ਬਦਲੀਆਂ ਸੋਚਾਂ ਡਰਦੈ ਜੀ।
ਰਿਸ਼ਤੇ ਭੈਣ ਭਰਾ ਦੇ ਹੈ ਨ੍ਹੀਂ,
ਪਿੰਡ ਰਹੀ ਪਿੰਡ ਦੀ ਧੀ ਨ੍ਹੀਂ।

ਨਸ਼ਿਆਂ ਪੱਟੇ ਲੱਚਰ ਗੀਤ,
ਮੁੱਕੀ ਹੱਸ ਦੰਦਾਂ ਦੀ ਪਰੀਤ।
ਚੌੜੇ ਸੀਨੇ ਨਹੀਂ ਕਰੜੇ ਜੁੱਸੇ,
ਆਪਣੇ ਨਾਲ਼ ਨੇ ਰਹਿੰਦੇ ਰੁੱਸੇ।

ਕੱਟੀਆਂ ਕੁੱਖਾਂ ਕੱਟੇ ਰੁੱਖ ਨੇ,
ਚਾਰੇ ਪਾਸੇ ਤਾਂਹੀਉਂ ਦੁੱਖ ਨੇ।
ਮਾਵਾਂ, ਛਾਵਾਂ ਦੋਵੇਂ ਗਈਆਂ,
ਕਿੱਥੋਂ ਲੱਭਣੇ ਦੱਸੋ ਸੁੱਖ ਨੇ?

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਖੁਰਦੀਆਂ ਸਾਂਝਾ

ਬੰਦੇ ਨਾਲ ਬੰਦੇ ਦੇ, ਸਬੰਧ ਟੁੱਟੀ ਜਾਂਦੇ ਆ
ਦਿਲਾਂ 'ਚੋਂ ਮੁਹੱਬਤਾਂ ਦੇ ਰੰਗ ਮੁੱਕੀ ਜਾਂਦੇ ਆ

ਪਿਆਰ ਦਿਨੋਂ-ਦਿਨ ਤਾਂ, ਗਰੀਬ ਹੋਈ ਜਾਂਦਾ ਏ
ਦਿਲਾਂ ਦੇ ਖਜ਼ਾਨਿਆਂ 'ਚ, ਫੰਡ ਮੁੱਕੀ ਜਾਂਦੇ ਆ

ਬੰਦਿਆਂ ਨੂੰ ਹੁਣ, ਡਿਪਰੈਸ਼ਨਾਂ ਨੇ ਖਾ ਲਿਆ
ਦਿਲਾਂ ਵਿਚੋਂ ਹੌਂਸਲੇ, ਬੁਲੰਦ ਮੁੱਕੀ ਜਾਂਦੇ ਆ

ਜ਼ਿੰਦਗੀ ਦੇ ਸਫ਼ਰਾਂ 'ਚ ਸੁੰਨਾਂਪਣ ਰਹਿ ਗਿਆ
ਚੰਗਿਆਂ ਮੁਸਾਫ਼ਰਾਂ ਦੇ ਸੰਗ ਛੁੱਟੀ ਜਾਂਦੇ ਆ

ਮੂੰਹਾਂ 'ਤੇ ਮਖੌਟੇ ਪਾਏ, ਹੋਏ ਜਿਨ੍ਹਾਂ ਸੱਚ ਦੇ
ਔਹ ਦੇਖੋ ਸਿਰਾਂ 'ਤੇ ਪਖੰਡ ਚੁੱਕੀ ਜਾਂਦੇ ਆ

ਕਰਦੇ ਸੀ ਮਾਣ ਜਿਹੜੇ, ਸੋਨੇ ਦੇ ਮਹੱਲਾਂ ਦਾ
ਸਿਵਿਆਂ 'ਚ ਉਨ੍ਹਾਂ ਦੇ ਘੁਮੰਡ ਟੁੱਟੀ ਜਾਂਦੇ ਆ

ਜਿਓਂ ਜਿਓਂ ਉਮਰਾਂ ਦੇ ਪੰਧ ਮੁੱਕੀ ਜਾਂਦੇ ਆ
ਸੋਨੇ ਦੇ ਲਗਾਏ ਹੋਏ, ਦੰਦ ਟੁੱਟੀ ਜਾਂਦੇ ਆ

ਇੰਨਾ ਸੋਹਣਾ ਉਸਨੂੰ ਬਣਾਇਆ ਹੋਣਾ ਰੱਬ ਨੇ
ਉਹਦੇ ਮੂਹਰੇ ਹੁਸਨਾਂ ਦੇ, ਚੰਦ ਝੁਕੀ ਜਾਂਦੇ ਆ

ਮਾਰ ਕੇ ਜ਼ੁਬਾਨਾਂ ਵਾਲੇ, ਤੀਰ ਮਾਰੀ ਜਾਂਦੇ ਨੇ
ਹੁਣ ਕਿਰਪਾਨਾਂ ਵਾਲੇ, ਜੰਗ ਮੁੱਕੀ ਜਾਂਦੇ ਆ

ਕਲਮਾਂ ਦੇ ਨਾਲ ਉਹੋ, ਲੱਕ ਮਿਣੀ ਜਾਂਦਾ ਏ
ਸੱਚ ਵੇਲੇ ਚੰਦਰੇ ਦੇ, ਛੰਦ ਮੁੱਕੀ ਜਾਂਦੇ ਆ

ਅੱਜਕੱਲ੍ਹ ਲੋਕਾਂ ਨੇ ਤਾਂ, ਹੱਸਣਾ ਈ ਛੱਡਤਾ
ਤਾਹੀਓਂ ਹੁਣ ਦੁਨੀਆਂ ਤੋਂ, ਭੰਡ ਮੁੱਕੀ ਜਾਂਦੇ ਆ

ਸਿਰਾਂ 'ਤੇ ਲਵਾ ਲੇ ਵਾਲ, ਗਿੱਚੀਆਂ 'ਚੋਂ ਪੱਟ ਕੇ
ਬੰਦਿਆਂ ਦੇ ਸਿਰਾਂ ਉੱਤੋਂ, ਗੰਜ ਮੁੱਕੀ ਜਾਂਦੇ ਆ

ਸਮਝ ਨੀਂ ਆਉਂਦੀ ਹੁਣ, ਤੋਤਿਆਂ ਦਾ ਬਣੂ ਕੀ
ਬੰਦੇ ਹੁਣ ਜ਼ਹਿਰਾਂ ਵਾਲੇ, ਅੰਬ ਟੁੱਕੀ ਜਾਂਦੇ ਆ

ਬੰਦਿਆਂ ਨੇ ਡੱਸਣੇ ਦੇ, ਕੰਮ ਹੁਣ ਸਾਂਭ ਲਏ
ਸੱਪਾਂ ਦੀਆਂ ਸਿਰੀਆਂ 'ਚੋਂ, ਡੰਗ ਮੁੱਕੀ ਜਾਂਦੇ ਆ

ਤੀਲਾ ਤੀਲਾ ਹੋਗੀਆਂ ਨੇ, ਸਾਂਝਾਂ ਦੀਆਂ ਪੂਣੀਆਂ
ਸਹੋਤਿਆ ਓ ਪਿਆਰਾਂ ਵਾਲੇ, ਤੰਦ ਟੁੱਟੀ ਜਾਂਦੇ ਆ

-ਕੁਲਵੀਰ ਸਿੰਘ ਡਾਨਸੀਵਾਲ, ਸਰੀ,
ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

## ਵਰਚੁਅਲ ਦੁਨੀਆ!

ਮਤਲਬ ਹੋਏ ਤਾਂ ਖੋਤੇ ਨੂੰ ਪਿਉ ਕਹਿੰਦੀ
ਨਹੀਂ ਤਾਂ ਪਿਉ ਨੂੰ ਵੀ ਖੋਤਾ ਕਹੀਂ ਜਾਂਦੀ
ਖ਼ਲਕਤ ਸਾਰੀ ਨੂੰ ਏ-ਆਈ ਬਰਬਾਦ ਕੀਤਾ
ਸਾਰੀ ਵਰਚੂਅਲ ਹੋ ਕੇ ਰਹੀ ਜਾਂਦੀ
ਕੋਈ ਕਿਸੇ ਦਾ ਪੱਕਾ ਜਾਂ ਨਹੀਂ ਸੱਕਾ
ਸਾਰੀ ਸੱਭਿਅਤਾ ਹੋ ਡਲੀਟ ਗਈ ਏ
ਰੱਬ ਤੁਰ ਗਿਐ ਛੱਡ ਕੇ ਧਰਤ ਸੁਹਣੀ
ਹੋ ਜੱਗ ਦੀ ਮਿੱਟੀ ਪਲੀਤ ਗਈ ਏ
ਧੀ ਮਾਂ ਦੀ ਨਹੀਂ, ਪੁੱਤ ਪਿਉ ਦਾ ਨਹੀਂ
ਆਈ ਫ਼ੋਨ ਦੀ ਸਾਰੀ ਔਲਾਦ ਹੋਈ
ਕੋਈ ਰੱਬ, ਤੇ ਮਾਂ-ਪਿਉ ਦਾ ਨਹੀਂ
ਨਵੀਂ ਪੀੜ੍ਹੀ ਏ ਸਾਰੀ ਬਰਬਾਦ ਹੋਈ!

ਪੁੱਤ ਕਿਸ ਦਾ, ਤੇ ਕਿਸ ਦਾ ਕੌਣ ਬਾਪੂ
ਪਤਾ ਰੱਬ ਨੂੰ ਵੀ ਇਸ ਗੱਲ ਦਾ ਨਹੀਂ
ਇੱਕੋ ਘਰ 'ਚ ਵੱਖਰੀਆਂ ਹੈਣ ਸ਼ਕਲਾਂ
ਰੂਪ ਕਿਸੇ ਦਾ ਕਿਸੇ ਨਾਲ ਰਲਦਾ ਨਹੀਂ
ਹੋ ਗਿਆ ਕਨਫ਼ਯੂਜ ਹੈ ਰੱਬ ਸੱਚਾ
ਮੈਮੋਰੀ ਉਸ ਦੀ ਹੋ ਡੀਲੀਟ ਗਈ ਏ
ਫ਼ੱਸ ਗਿਆ ਏ ਫ਼ਾਰਸ ਦੀ ਵਿੱਚ ਖਾੜੀ
ਲੁੱਟ ਗਿਆ ਇਤਬਾਰ, ਤੇ ਪ੍ਰੀਤ ਗਈ ਏ!!

ਸਮਝ ਆਵੇ ਨਾ ਰੱਬ ਨੂੰ ਕੀ ਕਰਨੈ
ਪੱਛੋਤਾਪ ਬੜਾ ਬੰਦਾ ਬਨਾਉਣ ਦਾ ਏ
ਸਾਰੇ ਫਰਿਸ਼ਤਿਆਂ ਆਏ ਰਿਪੋਟ ਦਿੱਤੀ
ਵੱਕਤ ਆਇਆ ਹੁਣ ਕਲਯੁਗ ਹਟਾਉਣ ਦਾ ਏ
ਸੱਚਾ ਰੱਬ ਆਖੇ, ਬੇਮੁਖ ਹੋਏ ਆਦਮੀ ਨੂੰ
ਜਿਹੜਾ ਬੀਤਿਆ ਵਾਪਸ ਨਹੀਂ ਆਵਨਾਂ ਏਂ
ਕਰਮ ਕਰ ਚੰਗੇ, ਰੱਬ ਦੇ ਲੱੜ ਲੱਗ ਜਾ
ਜਿਹੜਾ ਬੀਜੋਂ ਗੇ ਉਹੀ ਤੂੰ ਖਾਵਨਾਂ ਏਂ!!

-ਮਾਈਕਲ ਬੱਠਲਾ, ਯੂ.ਐੱਸ.ਏ.



ਪੰਜਾਬ ਮੇਲ USA

## ਗ਼ਜ਼ਲ

ਬਹੁਤ ਤਪੱਸਿਆ ਕੀਤੀ ਟੱਕਰਾਂ ਮਾਰੀਆਂ।
ਪੱਥਰਾਂ ਅੱਗੇ ਸਭ ਵਿਉਂਤਾਂ ਹਾਰੀਆਂ।
ਭੰਵਰ ਦੇ ਵਿਚ ਜਾ ਕੇ ਵਾਪਸ ਆਇਆ ਨਾ,
ਦਰਿਆ ਦੇ ਵਿਚ ਕੰਮ ਨਾ ਆਈਆਂ ਤਾਰੀਆਂ
ਸੱਪ ਪਟਾਰੀ ਵਿਚ ਹੀ ਚੰਗੇ ਲੱਗਦੇ ਨੇ,
ਮਤਲਬ ਖੋਰਾਂ ਨਾਲ ਨਈਂ ਹੁੰਦੀਆਂ ਯਾਰੀਆਂ।
ਮੇਰੀ ਮਰਜ਼ੀ ਨਾਲ ਹੀ ਸਭ ਕੁਝ ਹੋਇਆ ਏ,
ਉਨ੍ਹਾਂ ਜਿੱਤੀਆਂ ਨੇ ਤੇ ਆਪਾਂ ਹਾਰੀਆਂ।
ਯਾਰਾਂ ਨਾਲ ਹੀ ਬੰਦਾ ਸ਼ੋਭਾ ਖੱਟਦਾ ਏ,
ਖੰਭਾਂ ਤੋਂ ਬਿਨ ਲਾਏ ਕੌਣ ਉਡਾਰੀਆਂ?
ਕੱਪੜੇ ਨੂੰ ਤਾਂ ਰੰਗ ਚਾੜਣ ਦੀ ਗੱਲ ਛਡ ਦਉ,
ਨਾਲ ਲਹੂ ਦੇ ਹੱਥ ਰੰਗੇ ਲੱਲਾਰੀਆ।
ਅੰਬਰ ਦੀ ਹੀ ਸਾਰੀ ਇੱਕ ਸ਼ਰਾਰਤ ਹੈ,
ਸੂਰਜ ਡੁੱਬਣ 'ਤੇ ਰਾਤਾਂ ਉਤਾਰੀਆਂ।
ਪੁੱਤ ਜੇ ਚੜ੍ਹਦੇ ਸੂਰਜ ਦਾ ਸਿਰਨਾਵਾਂ ਨੇ,
ਪਰ ਗਗਨ ਦੀਆਂ ਮਾਲਿਕ ਧੀਆਂ ਪਿਆਰੀਆਂ।
ਮਾਲੀ ਦਾ ਉਦਮ ਹੈ ਉਸ ਦੀ ਮਿਹਨਤ ਹੈ,
ਟਹਿਣੀ ਟਹਿਣੀ ਫੁੱਲ ਕਲੀਆਂ ਸ਼ਿੰਗਾਰੀਆਂ।
ਉਹੋ ਸੂਰਜ ਦੇ ਜਾਏ ਅਖਵਾਵਣਗੇ,
ਜਿੰਨਾ ਰਾਤੀਂ ਜਾਗ ਕੇ ਮੱਲ੍ਹਾਂ ਮਾਰੀਆਂ।
ਐਵੇਂ ਇਨ੍ਹਾਂ ਨਾਲ ਯਾਰਾਨੇ ਪਾਵੀਂ ਨਾ,
ਹੌਲੀ-ਹੌਲੀ ਵੱਢ ਦਿੰਦੀਆਂ ਨੇ ਆਰੀਆਂ।
ਮੇਰੇ ਹੱਥ ਦੀਆਂ ਲੀਕਾਂ ਵਿਚ ਜੋ ਨਦੀਆਂ ਨੇ,
ਕੁਝ ਮਿੱਠੀਆਂ ਕੁਝ ਲੂਣੀਆਂ ਕੁਝ ਖਾਰੀਆਂ।
ਔਕਾਤ ਜਦੋਂ ਸਮਝੇਗਾ ਫਿਰ ਸੋਚੇਗਾ,
ਐਵੇਂ ਨੇਰ੍ਹੇ ਦੇ ਵਿਚ ਡਾਂਗਾਂ ਮਾਰੀਆਂ।
ਤੇਰੀਆਂ ਗ਼ਜ਼ਲਾਂ ਨੂੰ ਲੋਕਾਂ ਨੇ ਚੁੰਮ-ਚੁੰਮ ਕੇ,
'ਬਾਲਮ' ਮੱਥੇ ਉਤੋਂ ਮਿਰਚਾਂ ਵਾਰੀਆਂ।

ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ. : 98156-25409
(Punjab Mail USA)



ਪੰਜਾਬ ਮੇਲ USA

PUNJAB MAIL USA
TV Channel, Newspaper, Radio

24 Hours 7 Days

All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at
+1-916-320-9444






FOR SALE & PURCHASE OF ANY KIND OF PROPERTY

RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

